I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EXECUTIVE EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.31 / No.10
14 March, 2025
੧ ਚੇਤ ਨਾਨਕਸ਼ਾਹੀ ਸੰਮਤ ੫੫੭

## ਕੈਨੇਡਾ-ਅਮਰੀਕਾ ਵਲੋਂ ਟੈਰਿਫ਼ਾਂ 'ਤੇ ਹੋਈ ਗਲਬਾਤ, ਦੋਵੇਂ ਪਾਸਿਆਂ ਤੋਂ ਤਣਾਅ ਘਟਾਉਣ ਦੀ ਕੋਸ਼ਿਸ਼

### ਆਉਣ ਵਾਲੇ ਸਮੇਂ 'ਚ ਇਸ ਮੀਟਿੰਗ ਦੇ ਬਹੁਤ ਵਧੀਆ ਸਿੱਟੇ ਨਿਕਲਣਗੇ : ਡਗ ਫੋਰਡ

**ਵਾਸ਼ਿੰਗਟਨ (ਏਕਜੋਤ ਸਿੰਘ):** ਕੈਨੇਡਾ ਅਤੇ ਅਮਰੀਕਾ ਵਿਚਕਾਰ ਵੱਧ ਰਹੀ ਵਪਾਰ ਜੰਗ 'ਤੇ ਦੋਵਾਂ ਦੇਸ਼ਾਂ ਦੇ ਆਗੂਆਂ ਨੇ ਗਲਬਾਤ ਕੀਤੀ, ਜਿਸ ਵਿੱਚ ਓਂਟਾਰੀਓ ਦੇ ਮੁੱਖ ਮੰਤਰੀ ਡਗ ਫੋਰਡ ਅਤੇ ਅਮਰੀਕੀ ਵਪਾਰ ਸਕੱਤਰ ਹੋਵਰਡ ਲੁਟਨਿਕ ਨੇ ਮੁੱਖ ਭੂਮਿਕਾ ਨਿਭਾਈ।

ਫੋਰਡ ਨੇ ਵਾਸ਼ਿੰਗਟਨ, ਡੀ.ਸੀ. ਵਿੱਚ ਹੋਈ ਘੰਟਿਆਂ ਲੰਬੀ ਬੈਠਕ ਤੋਂ ਬਾਅਦ ਕਿਹਾ ਕਿ ਕੈਨੇਡਾ-ਅਮਰੀਕਾ ਸੰਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਇਹ ਬਹੁਤ ਉਤਸ਼ਾਹਪੂਰਨ ਅਤੇ ਚੰਗੀ ਮੁਲਾਕਾਤ ਰਹੀ। ਹਾਲਾਂਕਿ, ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਟੈਕਸ ਜਾਂ ਵਪਾਰ ਸੰਬੰਧੀ ਕਿਸੇ ਸਮਝੌਤੇ 'ਤੇ ਪਹੁੰਚ ਹੋਈ ਜਾਂ ਨਹੀਂ।

ਫੋਰਡ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ, "ਮੈਂ ਇਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਇਹ ਸਭ ਤੋਂ ਵਧੀਆ ਮੀਟਿੰਗ ਸੀ ਜੋ ਮੈਂ ਕਦੇ ਇੱਥੇ ਆ ਕੇ

☛ ਬਾਕੀ ਸਫ਼ਾ 3 'ਤੇ



ਸਿੱਖ ਕਲੈਂਡਰ ਮੁਤਾਬਕ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ

ਇਸ ਮੌਕੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਅਤੇ ਈਕੋ ਸਿੱਖ ਵਲੋਂ

## ਵਿਸ਼ਵ ਸਿੱਖ ਵਾਤਾਵਰਣ ਦਿਵਸ

15 ਮਾਰਚ, ਦਿਨ ਸ਼ਨਿੱਚਰਵਾਰ ਨੂੰ ਸਵੇਰੇ 10:00 ਵਜੇ

ਡੋਮੀਨਿਅਨ ਪਾਰਕ 8225 - 134 ਸਟਰੀਟ ਸਰੀ ਵਿਖੇ ਦਰਖ਼ਤ ਲਗਾਏ ਜਾਣਗੇ।

ਵਧੇਰੇ ਜਾਣਕਾਰੀ ਲਈ ਪੜ੍ਹੋ ਸਫ਼ਾ - 4

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਫੈਮਿਲੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928
128St. Surrey BC V3W 4E8

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ਼ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

Keep Smiling Denture Clinic
Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

**Are you looking to Buy, Sell or Invest in Properties?**

**We Can Help!** for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ
ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।

**Amarpal Singh | Call : 604.338.7310**

PARALLEL
1200 W 73rd Ave Unit 828, Vancouver, BC V6P 6G5

# HOUSE FOR SALE

## 9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

## 15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.


# ਸਰੀ 'ਚ ਵਿਕਾਸ ਅਤੇ ਪਰਮਿਟ ਪ੍ਰਕਿਰਿਆ ਹੋਵੇਗੀ ਤੇਜ਼, ਆਨਲਾਈਨ ਸੇਵਾਵਾਂ ਦਾ ਹੋਇਆ ਵਿਸਤਾਰ

ਸਰੀ, (ਏਕਜੋਤ ਸਿੰਘ): ਸਰੀ ਸਿਟੀ ਕੌਂਸਲ ਨੇ ਦੀ ਮੀਟਿੰਗ ਵਿੱਚ ਸ਼ਹਿਰੀ ਵਿਕਾਸ ਅਤੇ ਪਰਮਿਟ ਪ੍ਰਕਿਰਿਆ ਨੂੰ ਹੋਰ ਤੇਜ਼ ਅਤੇ ਪ੍ਰਭਾਵਸ਼ਾਲੀ ਬਣਾਉਣ ਵਾਸਤੇ ਮਹੱਤਵਪੂਰਨ ਕਦਮ ਚੁੱਕੇ ਹਨ। ਇਹ ਉਪਰਾਲੇ ਖ਼ਾਸ ਤੌਰ 'ਤੇ ਆਨਲਾਈਨ ਪਰਮਿਟਿੰਗ ਸੇਵਾਵਾਂ ਦੇ ਵਿਸਤਾਰ ਅਤੇ ਕਿਰਾਏਦਾਰ ਸੁਧਾਰ ਪ੍ਰਵਾਨਗੀ ਪ੍ਰਕਿਰਿਆ (Tenant Improvement Approval Process) ਨੂੰ ਆਸਾਨ ਬਣਾਉਣ ਲਈ ਕੀਤੇ ਗਏ ਹਨ।




ਮੇਅਰ ਬਰੈਂਡਾ ਲੌਕ ਨੇ ਕਿਹਾ, "ਕੌਂਸਲ ਵਚਨਬੱਧ ਹੈ ਕਿ ਪਰਮਿਟ ਪ੍ਰਕਿਰਿਆ ਤੇਜ਼ ਹੋਵੇ, ਤਾਂ ਜੋ ਨਵੇਂ ਘਰ ਅਤੇ ਵਪਾਰਕ ਮੌਕੇ ਜਲਦੀ ਉਪਲਬਧ ਹੋਣ। ਸਾਡਾ ਮੁੱਖ ਟੀਚਾ ਅਰਜ਼ੀ ਤੋਂ ਪਰਮਿਟ ਜਾਰੀ ਕਰਨ ਦੇ ਸਮੇਂ ਨੂੰ ਘੱਟ ਤੋਂ ਘੱਟ ਕਰਨਾ ਹੈ।"

ਉਨ੍ਹਾਂ ਨੇ ਦੱਸਿਆ ਕਿ ਸ਼ਹਿਰ ਦੀ ਆਨਲਾਈਨ ਪਰਮਿਟਿੰਗ ਸੇਵਾਵਾਂ ਹੁਣ ਡਿਵੈਲਪਮੈਂਟ ਅਰਜ਼ੀਆਂ ਲਈ ਵੀ ਉਪਲਬਧ ਹੋਣਗੀਆਂ।

ਇਹ ਪਹਿਲੀ ਵਾਰ ਹੋਇਆ ਹੈ ਕਿ ਰੀਜ਼ੋਨਿੰਗ ਅਤੇ ਸਬਡਵੀਜ਼ਨ ਅਰਜ਼ੀਆਂ ਨੂੰ ਵੀ ਆਨਲਾਈਨ ਕੀਤਾ ਗਿਆ ਹੈ। ਇਹ ਪਹਿਲ ਮਲਟੀ-ਫੈਮਲੀ, ਗੁੰਝਲਦਾਰ ਬਿਲਡਿੰਗ ਪਰਮਿਟ, ਇਲੈਕਟ੍ਰੀਕਲ ਪਰਮਿਟ, ਪਲੰਬਿੰਗ ਪਰਮਿਟ, ਸਾਈਨ ਪਰਮਿਟ ਅਤੇ ਇੰਸਪੈਕਸ਼ਨ ਬੇਨਤੀਆਂ ਲਈ ਕੀਤੀ ਜਾ ਚੁੱਕੀ ਹੈ।

ਨਵੇਂ ਪਰਿਵਰਤਨ ਅਨੁਸਾਰ, ਅਰਜ਼ੀਕਰਤਾ ਹੁਣ ਆਸਾਨੀ ਨਾਲ ਅਪਣੀ ਅਰਜ਼ੀ ਦੀ ਹਾਲਤ ਵੇਖ ਸਕਣਗੇ ਅਤੇ ਜ਼ਰੂਰੀ ਤਬਦੀਲੀਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ।

ਇਹ ਕਾਰਜਕੁਸ਼ਲਤਾ ਵਿੱਚ ਸੁਧਾਰ ਲਿਆਉਣ ਅਤੇ ਸਮਾਂ-ਸੀਮਾ ਵਿੱਚ ਕਮੀ ਕਰਨ ਵਾਸਤੇ ਉੱਤਮ ਕਦਮ ਹੈ। ਕੌਂਸਲ ਨੇ "ਮਾਈਨਰ ਟੈਨੈਂਟ ਇੰਪਰੂਵਮੈਂਟ ਪ੍ਰੋਗਰਾਮ" ਦੀ ਸ਼ੁਰੂਆਤ ਵੀ ਕੀਤੀ ਹੈ, ਜਿਸ ਨਾਲ ਕਿਰਾਏਦਾਰ ਸੁਧਾਰ (Tenant Improvements) ਲਈ ਪਰਮਿਟ ਪ੍ਰਕਿਰਿਆ ਤੇਜ਼ ਹੋਵੇਗੀ।

ਸਿਟੀ ਨੇ ਨਵੀਆਂ ਸਰਲ ਚੈੱਕ ਲਿਸਟਾਂ, ਵੈੱਬਸਾਈਟ ਸਹਾਇਤਾ, ਅਤੇ ਇੱਕ ਫਲੈਟ ਅਰਜ਼ੀ ਫੀਸ ਲਾਗੂ ਕੀਤੀ ਹੈ, ਜਿਸ ਨਾਲ ਵਪਾਰਕ ਇੰਟੀਰੀਅਰ ਸੁਧਾਰ ਕਰਨਾ ਹੋਰ ਆਸਾਨ ਬਣੇਗਾ। ਨਵੀਂ ਪ੍ਰਕਿਰਿਆ ਤਹਿਤ, ਕੁਝ ਬਿਲਡਿੰਗ ਪਰਮਿਟ ਅਰਜ਼ੀਆਂ (ਜੋ ਘੱਟ ਜਟਿਲ ਹਨ) 2-3 ਕਾਰੋਬਾਰੀ ਦਿਨਾਂ ਵਿੱਚ ਨਿਪਟਾਈਆਂ ਜਾਣਗੀਆਂ। ਇਸ ਉਦੇਸ਼ ਵਾਸਤੇ ਇੱਕ ਵਿਸ਼ੇਸ਼ ਟੀਮ ਤਾਇਨਾਤ ਕੀਤੀ ਗਈ ਹੈ, ਜੋ ਸਿਰਫ ਟੈਨੈਂਟ ਇੰਪਰੂਵਮੈਂਟ ਪਰਮਿਟ 'ਤੇ ਧਿਆਨ ਦੇਵੇਗੀ।

ਸਰੀ ਪਲੈਨਿੰਗ ਅਤੇ ਡਿਵੈਲਪਮੈਂਟ ਵਿਭਾਗ ਦੇ ਜਨਰਲ ਮੈਨੇਜਰ ਰੌਨ ਗਿੱਲ ਨੇ ਕਿਹਾ, "ਕੌਂਸਲ ਵਲੋਂ ਕੀਤੀਆਂ ਇਹਨਾਂ ਪਹਿਲਕਦਮੀਆਂ ਨਾਲ ਪਰਮਿਟ ਪ੍ਰਕਿਰਿਆ ਹੋਰ ਪਾਰਦਰਸ਼ੀ ਅਤੇ ਤ੍ਰੁੱਟੀ-ਰਹਿਤ ਬਣੇਗੀ।" ਉਨ੍ਹਾਂ ਦੱਸਿਆ ਕਿ ਆਨਲਾਈਨ ਪਰਮਿਟਿੰਗ ਵਧਣ ਨਾਲ ਵਿਕਾਸ ਅਰਜ਼ੀਕਰਤਾਵਾਂ ਅਤੇ ਸਿਟੀ ਕਰਮਚਾਰੀਆਂ ਵਿਚਕਾਰ ਸੰਚਾਰ ਵਿੱਚ ਸੁਧਾਰ ਹੋਵੇਗਾ, ਜਿਸ ਨਾਲ ਸ਼ਹਿਰ ਦੀ ਡਿਵੈਲਪਮੈਂਟ ਤੇਜ਼ੀ ਨਾਲ ਹੋ ਸਕੇਗੀ। This report was written by Ekjot Singh as part of the Local Journalism Initiative.

# ਫਲਕ ਬੇਤਾਬ ਪਿਕਸ ਸੋਸਾਇਟੀ ਵਿਖੇ ਮਾਰਕੀਟਿੰਗ, ਸੰਚਾਰ ਅਤੇ ਫੰਡਰੇਜ਼ਿੰਗ ਦੀ ਡਾਇਰੈਕਟਰ ਬਣੀ

**ਸਰੀ, (ਹਰਦਮ ਮਾਨ):** ਫਲਕ ਬੇਤਾਬ ਨੂੰ ਪਿਕਸ ਸੋਸਾਇਟੀ ਵਿਖੇ ਮਾਰਕੀਟਿੰਗ, ਸੰਚਾਰ ਅਤੇ ਫੰਡਰੇਜਿੰਗ ਦੇ ਡਾਇਰੈਕਟਰ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਹੈ। ਫਲਕ ਬੇਤਾਬ ਦੋ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ (2024 ਵਿੱਚ) ਸੰਚਾਰ ਅਤੇ ਫੰਡਰੇਜਿੰਗ ਅਫਸਰ ਵਜੋਂ ਪਿਕਸ ਵਿੱਚ ਸ਼ਾਮਲ ਹੋਈ ਸੀ ਅਤੇ ਜਲਦੀ ਹੀ ਇਸ ਸੰਸਥਾ ਲਈ ਮੁੱਖ ਪ੍ਰੇਰਕ ਸ਼ਕਤੀ ਬਣ ਗਈ ਹੈ। ਆਪਣੀਆਂ ਨਵੀਨ ਰਣਨੀਤੀਆਂ ਅਤੇ ਮਾਰਕੀਟਿੰਗ ਸੂਝ-ਬੂਝ ਰਾਹੀਂ, ਫਲਕ ਨੇ ਪਿਕਸ ਦੇ ਕਾਰਜ ਨੂੰ ਸਫਲਤਾ ਪੂਰਵਕ ਅੱਗੇ ਵਧਾਇਆ ਹੈ ਅਤੇ ਭਾਈਚਾਰੇ ਦੇ ਅੰਦਰ ਅਤੇ ਬਾਹਰ ਸਥਾਈ ਸੰਪਰਕ ਬਣਾਏ ਹਨ। ਉਸ ਦੇ ਡਿਜੀਟਲ ਮਾਰਕੀਟਿੰਗ ਹੁਨਰ ਅਤੇ ਕਹਾਣੀ ਸੁਣਾਉਣ ਦੇ ਜਨੂੰਨ ਨੇ ਉਸ ਨੂੰ ਗੈਰ-ਮੁਨਾਫ਼ਾ ਖੇਤਰ ਵਿੱਚ ਇਕ ਪਥ ਪ੍ਰਦਰਸ਼ਕ ਵਜੋਂ ਮਾਨਤਾ ਦਿੱਤੀ ਹੈ।



ਫਲਕ ਨੇ ਪਿਕਸ ਫੰਡਰੇਜਿੰਗ ਗਾਲਾ ਦੀ ਅਗਵਾਈ ਕੀਤੀ ਅਤੇ ਗੁਰੂ ਨਾਨਕ ਡਾਇਵਰਸਿਟੀ ਲਾਂਗ-ਟਰਮ ਕੇਅਰ ਸਹੂਲਤ ਲਈ 200,000 ਡਾਲਰ ਤੋਂ ਵੱਧ ਇਕੱਠੇ ਕੀਤੇ। ਉਸ ਨੇ ਮੈਗਾ ਜੌਬ ਫੇਅਰ ਦਾ ਨਾਮ ਵੀ ਬਦਲਿਆ, ਪਿਕਸ ਮੀਡੀਆ ਅਤੇ ਪੋਡਕਾਸਟ ਰੂਮ, ਪਿਕਸ ਸ਼ਾਪ ਲਾਂਚ ਕੀਤਾ ਅਤੇ ਹਾਲ ਹੀ ਵਿੱਚ ਪ੍ਰਭਾਵਸ਼ਾਲੀ 'ਲੋਇਲ ਕੈਨੇਡੀਅਨ' ਅੰਦੋਲਨ ਸ਼ੁਰੂ ਕੀਤਾ, ਜੋ ਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਹੋ ਰਿਹਾ ਹੈ। ਇਸ ਤੋਂ ਇਲਾਵਾ ਫਲਕ ਨਿਜੀ ਪਹਿਲਕਦਮੀ, ਸਟ੍ਰੈਂਜਰ ਸਟੋਰੀ, ਵੱਖ ਵੱਖ ਭਾਈਚਾਰਿਆਂ ਦੀ ਆਵਾਜ਼ ਬੁਲੰਦ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ ਅਤੇ ਸਫਲਤਾ ਦੀਆਂ ਪ੍ਰੇਰਨਾਦਾਇਕ ਕਹਾਣੀਆਂ ਨੂੰ ਪ੍ਰਦਰਸਤਿ ਕਰ ਰਹੀ ਹੈ। ਸਟ੍ਰੈਂਜਰ ਸਟੋਰੀ ਅਤੇ ਪਿਕਸ ਸੋਸਾਇਟੀ ਵਿਚਕਾਰ ਸਹਿਯੋਗ ਨੂੰ ਇੱਕ ਵੱਡੀ ਸਫਲਤਾ ਵਜੋਂ ਮਾਨਤਾ ਦਿੱਤੀ ਗਈ ਹੈ।

ਮੀਡੀਆ ਅਤੇ ਮਾਰਕੀਟਿੰਗ ਵਿੱਚ 10 ਸਾਲਾਂ ਤੋਂ ਵੱਧ ਸਮੇਂ ਦੇ ਕਰੀਅਰ ਅਤੇ ਪੰਜਾਬ ਯੂਨੀਵਰਸਿਟੀ ਤੋਂ ਮਾਸ ਕਮਿਊਨੀਕੇਸ਼ਨ ਅਤੇ ਪੱਤਰਕਾਰੀ ਵਿੱਚ ਮਾਸਟਰ ਦੀ ਡਿਗਰੀ ਦੇ ਨਾਲ, ਫਲਕ ਵਰਤਮਾਨ ਵਿੱਚ ਆਪਣੀ ਸੰਸਥਾ ਵਿੱਚ ਸਭ ਤੋਂ ਛੋਟੀ ਉਮਰ ਦੀ ਨਿਰਦੇਸ਼ਕ ਬਣ ਗਈ ਹੈ। ਉਸ ਨੇ ਬਲੈਕ ਪ੍ਰੈਸ ਮੀਡੀਆ, ਟਾਈਮਜ਼ ਆਫ਼ ਇੰਡੀਆ, ਚੰਡੀਗੜ੍ਹ (CGC) ਯੂਨੀਵਰਸਿਟੀ ਅਤੇ J&M ਸਮੂਹ ਨਾਲ ਕੰਮ ਕੀਤਾ ਹੈ। ਫਲਕ ਦੇ ਯੋਗਦਾਨ ਨੂੰ ਵੱਖ ਵੱਖ ਮੀਡੀਆ ਰਾਹੀਂ ਵੀ ਬੇਹੱਦ ਪ੍ਰਸੰਸਾ ਹਾਸਲ ਹੋਈ ਹੈ।

# ਕੈਨੇਡਾ ਵੱਲੋਂ 2025 ਦੌਰਾਨ 10,000 ਪੀ.ਆਰ. ਅਰਜ਼ੀਆਂ ਲੈਣ ਦਾ ਐਲਾਨ

**ਔਟਵਾ (ਏਕਜੋਤ ਸਿੰਘ):** ਕੈਨੇਡਾ ਸਰਕਾਰ ਨੇ 2025 ਦੌਰਾਨ ਪੇਰੈਂਟਸ ਐਂਡ ਗ੍ਰੈਂਡ ਪੇਰੈਂਟਸ ਪੀ ਆਰ ਪ੍ਰੋਗਰਾਮ ਤਹਿਤ 10,000 ਨਵੀਆਂ ਅਰਜ਼ੀਆਂ ਲੈਣ ਦਾ ਐਲਾਨ ਕੀਤਾ ਹੈ। ਇਸ ਐਲਾਨ ਤੋਂ ਬਾਅਦ ਕੈਨੇਡੀਅਨ ਨਾਗਰਿਕਾਂ ਅਤੇ ਪਰਮਾਨੈਂਟ ਰੈਜ਼ੀਡੈਂਟਸ ਨੂੰ ਕੁਝ ਹੱਦ ਤੱਕ ਰਾਹਤ ਮਿਲੀ ਹੈ, ਜਦਕਿ ਪਹਿਲਾਂ ਇਹ ਚਰਚਾ ਚੱਲ ਰਹੀ ਸੀ ਕਿ 2025 ਵਿੱਚ ਇਹ ਪ੍ਰੋਗਰਾਮ ਰੱਦ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਇਮੀਗ੍ਰੇਸ਼ਨ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ 2025 ਦੌਰਾਨ ਨਵੀਆਂ ਅਰਜ਼ੀਆਂ ਨਹੀਂ ਲਈਆਂ ਜਾਣਗੀਆਂ, ਸਗੋਂ 2020 ਵਿੱਚ ਭਰੇ ਇੰਟਰਸਟ ਫਾਰਮ ਦੇ ਪੂਲ ਵਿੱਚੋਂ ਹੀ ਲਾਟਰੀ ਸਿਸਟਮ ਰਾਹੀਂ ਬਿਨੈਕਾਰ ਚੁਣੇ ਜਾਣਗੇ। 2020 ਵਿੱਚ ਸਰਕਾਰ ਨੇ ਹਜ਼ਾਰਾਂ ਲੋਕਾਂ ਤੋਂ ਸਪੌਂਸਰਸ਼ਿਪ ਫਾਰਮ ਮੰਗੇ ਸਨ, ਪਰ 2021 ਤੋਂ ਬਾਅਦ ਇਹ ਪ੍ਰੋਗਰਾਮ ਲਗਾਤਾਰ 2020 ਦੇ ਪੂਲ 'ਤੇ ਆਧਾਰਤ ਹੀ ਚੱਲ ਰਿਹਾ ਹੈ।

ਿ2022 ਦੌਰਾਨ 23,100 ਵਿਅਕਤੀਆਂ ਨੂੰ ਇਨਵੀਟੇਸ਼ਨ ਭੇਜੇ ਗਏ ਸਨ,




ਜਿਨ੍ਹਾਂ ਵਿੱਚੋਂ 15,000 ਮਾਪਿਆਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਦਿੱਤੀ ਗਈ। 2024 ਵਿੱਚ 35,700 ਬਿਨੈਕਾਰਾਂ ਨੂੰ ਇਨਵੀਟੇਸ਼ਨ ਦਿੱਤੀ ਗਈ ਅਤੇ 20,500 ਮਾਪਿਆਂ ਨੂੰ ਪੀ ਆਰ ਮਿਲਣ ਦਾ ਐਲਾਨ ਹੋਇਆ।

18 ਸਾਲ ਤੋਂ ਉੱਤੇ ਕੋਈ ਵੀ ਕੈਨੇਡੀਅਨ ਨਾਗਰਿਕ ਜਾਂ ਪਰਮਾਨੈਂਟ ਰੈਜ਼ੀਡੈਂਟ ਆਪਣੇ ਮਾਪਿਆਂ ਜਾਂ ਦਾਦਾ-ਦਾਦੀ, ਨਾਨਾ-ਨਾਨੀ ਨੂੰ ਸਪੌਂਸਰ ਕਰ ਸਕਦਾ ਹੈ। ਸਪੌਂਸਰ ਕਰਨ ਵਾਲੇ ਵਿਅਕਤੀ ਨੂੰ ਪਿਛਲੇ ਤਿੰਨ ਸਾਲਾਂ ਦੀ ਆਮਦਨ ਦਿਖਾਉਣੀ ਪੈਂਦੀ ਹੈ, ਜੋ ਕਿ ਪਰਿਵਾਰਿਕ ਆਕਾਰ 'ਤੇ ਨਿਰਭਰ ਕਰਦੀ ਹੈ। ਸਪੌਂਸਰ ਨੂੰ 20 ਸਾਲਾਂ ਤੱਕ ਵਿੱਤੀ ਸਹਾਇਤਾ ਦੇਣ ਦੀ ਗਰੰਟੀ ਦੇਣੀ ਪੈਂਦੀ ਹੈ। ਕੈਨੇਡੀਅਨ ਸਰਕਾਰ ਵੱਲੋਂ ਇਮੀਗ੍ਰੇਸ਼ਨ ਟੀਚਿਆਂ ਵਿੱਚ 2025 ਲਈ ਕਟੌਤੀ ਕੀਤੀ ਗਈ ਹੈ। ਪਹਿਲਾਂ 2025 ਲਈ 4,85,000 ਨਵੇਂ ਪੀ ਆਰ ਦੇਣ ਦਾ ਟੀਚਾ ਸੀ, ਜੋ ਹੁਣ 3,95,000 ਕਰ ਦਿੱਤਾ ਗਿਆ ਹੈ। 2026 ਅਤੇ 2027 ਲਈ ਇਹ ਅੰਕੜਾ 3,80,000 ਅਤੇ 3,65,000 ਤੈਅ ਕੀਤਾ ਗਿਆ ਹੈ। ਕੈਨੇਡੀਅਨ ਇਮੀਗ੍ਰੇਸ਼ਨ ਮੰਤਰਾਲੇ ਨੇ ਕਿਹਾ ਹੈ ਕਿ 2025 ਦੌਰਾਨ 10,000 ਪੀ ਆਰ ਅਰਜ਼ੀਆਂ ਲਈ ਜਾਣਗੀਆਂ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਹੋਰ ਵੇਰਵੇ ਜਨਤਕ ਕੀਤੇ ਜਾਣਗੇ। This report was written by Ekjot Singh as part of the Local Journalism Initiative.

# ਬੱਚਿਆਂ ਲਈ ਵਿਸ਼ੇਸ਼ ਗੁਰਮਤਿ ਸਿਖਲਾਈ ਕੈਂਪ 24 ਮਾਰਚ ਤੋਂ 28 ਮਾਰਚ ਤੱਕ

ਵੈਨਕੂਵਰ (ਰਛਪਾਲ ਸਿੰਘ ਗਿੱਲ): ਗੁਰਦੁਆਰਾ ਖਾਲਸਾ ਦਰਬਾਰ, 7749 ਪ੍ਰਿੰਸ ਅਡਵਰਡ ਸਟਰੀਟ ਵੈਨਕੂਵਰ ਵਿਖੇ 24 ਮਾਰਚ ਤੋਂ 28 ਮਾਰਚ, ਦਿਨ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ ਵਿਖੇ, ਸਵੇਰੇ 9:00 ਵਜੇ ਤੋਂ 3:00 ਵਜੇ ਤੱਕ ਗੁਰਮਤਿ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਬੱਚਿਆਂ ਨੂੰ ਗੁਰਮੁਖੀ, ਗੁਰਬਾਣੀ, ਸਿੱਖ ਇਤਿਹਾਸ, ਕੀਰਤਨ ਅਤੇ ਗੱਤਕਾ ਦੇ ਨਾਲ-ਨਾਲ ਗੁਰਮਤਿ ਦੀ ਰਹਿਣੀ ਤੋਂ ਜਾਣੂ ਕਰਾਇਆ ਜਾਵੇਗਾ। ਇਸ ਗੁਰਮਤਿ



ਸਿਖਲਾਈ ਕੈਂਪ 'ਚ 6 ਸਾਲ ਤੋਂ 14 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ। ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਬੱਚਿਆਂ ਨੂੰ ਗੁਰਮਤਿ ਸਿਖਲਾਈ ਕੈਂਪ ਵਿੱਚ ਲੈ ਕੇ ਆਓ ਤਾਂ ਕੇ ਬੱਚੇ ਗੁਰਮਤਿ ਅਤੇ ਸਿੱਖ ਵਿਰਸੇ ਤੋਂ ਜਾਣੂ ਹੋ ਸਕਣ।

ਸਫ਼ਾ 1 ਦਾ ਬਾਕੀ

## ਕੈਨੇਡਾ-ਅਮਰੀਕਾ ਵਲੋਂ ਟੈਰਿਫ਼ਾਂ...

ਕੀਤੀ" ਸਾਨੂੰ ਲੱਗਦਾ ਹੈ ਕਿ ਤਣਾਅ ਹੁਣ ਹੌਲੀ-ਹੌਲੀ ਘੱਟ ਹੋ ਰਿਹਾ ਹੈ। ਆਉਣ ਵਾਲੇ ਸਮੇਂ 'ਚ ਇਸ ਮੀਟਿੰਗ ਦੇ ਬਹੁਤ ਵਧੀਆ ਸਿੱਟੇ ਨਿਕਲਣਗੇ "।

ਇਸ ਮੁਲਾਕਾਤ ਵਿੱਚ ਕੈਨੇਡਾ ਦੇ ਵਿੱਤ ਮੰਤਰੀ ਡੋਮਿਨਿਕ ਲੇਬਲਾਂਕ, ਉਦਯੋਗ ਮੰਤਰੀ ਫਰਾਂਸੋਆ-ਫਿਲਿਪ ਸ਼ੈਂਪੇਨ, ਅਤੇ ਵਾਸ਼ਿੰਗਟਨ ਵਿੱਚ ਕੈਨੇਡਾ ਦੀ ਰਾਜਦੂਤ ਕਿਰਸਟਨ ਹਿਲਮੈਨ ਵੀ ਸ਼ਾਮਲ ਸਨ।

ਜ਼ਿਕਰਯੋਗ ਹੈ ਕਿ ਮੁਲਾਕਾਤ ਤੋਂ ਇੱਕ ਦਿਨ ਪਹਿਲਾਂ, ਓਨਟਾਰੀਓ ਨੇ ਅਮਰੀਕਾ ਨੂੰ ਭੇਜੀ ਜਾ ਰਹੀ ਬਿਜਲੀ 'ਤੇ 25% ਵਾਧੂ ਟੈਕਸ ਲਗਾਇਆ ਸੀ। ਇਸ ਦੇ ਜਵਾਬ ਵਿੱਚ, ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਤੋਂ ਆਉਣ ਵਾਲੇ ਸਟੀਲ ਅਤੇ ਐਲਮੀਨੀਅਮ 'ਤੇ 25% ਟੈਕਸ ਵਧਾਉਣ ਦੀ ਧਮਕੀ ਦੇ ਦਿੱਤੀ ਸੀ।

ਹਾਲਾਂਕਿ, ਫੋਰਡ ਅਤੇ ਲੁਟਨਿਕ ਵਿਚਾਲੇ ਫੋਨ ਤੇ ਹੋਈ ਗੱਲਬਾਤ ਤੋਂ ਬਾਅਦ ਤਣਾਅ ਘਟਾਉਣ ਲਈ ਸਹਿਮਤੀ ਜਤਾਈ ਜਿਸ ਤੋਂ ਬਾਅਦ ਫੋਰਡ ਨੇ ਓਨਟਾਰੀਓ ਵਲੋਂ ਬਿਜਲੀ 'ਤੇ ਲੱਗੇ ਹੋਏ ਵਾਧੂ ਟੈਕਸ ਨੂੰ ਰੱਦ ਕਰ ਦਿੱਤਾ, ਪਰ ਅਮਰੀਕਾ ਨੇ ਬੀਤੇ ਬੁੱਧਵਾਰ ਤੋਂ 25% ਸਟੀਲ-ਐਲਮੀਨੀਅਮ ਟੈਕਸ ਲਾਗੂ ਰੱਖਣ ਦਾ ਫੈਸਲਾ ਕੀਤਾ।

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼




AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਬਾਧ
ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ



ਜਸਬੀਰ-ਸਿੰਘ-ਬਾਧ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...
Accepting Canadian Dental Care Plan From Govt.



Consult Dr. Sra for a health SMILE
Value $500
COMPLIMENTARY NIGHT GUARD
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

ੴ
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

## A Tribute to Guru Har Rai ji

ਸਤਵੇਂ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਹਰਿ ਰਾਏ ਜੀ ਦੇ ਗੁਰਗੱਦੀ ਦਿਵਸ ਅਤੇ
ਸਿੱਖ ਕਲੈਂਡਰ ਮੁਤਾਬਕ ਨਵੇਂ ਸਾਲ ਦੀ ਆਮਦ ਦੀਆਂ ਲੱਖ ਲੱਖ ਵਧਾਈਆਂ ਹੋਣ ਜੀ

**ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਅਤੇ ਈਕੋਸਿੱਖ**
**ਵਲੋਂ ਸਿਟੀ ਆਫ਼ ਸਰੀ ਦੇ ਸਹਿਯੋਗ ਨਾਲ**

ਇਸ ਦੇ ਮੌਕੇ 'ਤੇ

# ਵਿਸ਼ਵ ਸਿੱਖ ਵਾਤਾਵਰਣ ਦਿਵਸ

ਮਨਾਉਂਦਿਆਂ ਹੋਇਆ



15 ਮਾਰਚ, ਦਿਨ ਸ਼ਨਿੱਚਰਵਾਰ ਨੂੰ ਸਵੇਰੇ 10:00 ਵਜੇ ਤੋਂ 12 ਵਜੇ ਤੱਕ
ਸਥਾਨ : ਡੌਮੀਨਿਅਨ ਪਾਰਕ 8225 - 134 ਸਟਰੀਟ ਸਰੀ ਵਿਖੇ

**ਦਰਖ਼ਤ ਲਗਾਏ ਜਾ ਰਹੇ ਹਨ**

**Gurdwara Singh Sabha, Surrey and EcoSikh**
with cooperation of CITY OF SURREY
CELEBRATE

# WORLD SIKH ENVIRONMENT DAY

| DAY | TIME | LOCATION |
| --- | --- | --- |
| 15th MARCH | 10:00 Morning | Dominion Park 8225 – 134 Street, Surrey |



ਇਸ ਮੌਕੇ ਸੇਵਾਦਾਰਾਂ ਦੀ ਲੋੜ ਹੈ। ਆਪ ਜੀ ਨੇ ਸਹਿਯੋਗ ਦੇ ਕੇ,ਵਿਗੜ ਰਹੇ ਵਾਤਾਵਰਣ ਨੂੰ ਸੁਧਾਰਨ ਲਈ ਆਪਣਾ ਯੋਗਦਾਨ ਪਾਉਣ ਦੀ ਕਿਰਪਾ ਕਰਨਾ ਜੀ, ਇਸ ਮੌਕੇ ਪੀਜ਼ਾ ਅਤੇ ਸਮੋਸਿਆਂ ਦਾ ਪ੍ਰਬੰਧ ਵੀ ਹੋਵੇਗਾ

ਧੰਨਵਾਦ ਸਹਿਤ,

**ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ**

# ਬੀ.ਸੀ. 'ਚ ਕਿਰਾਏ ਦੀ ਦਰਾਂ ਘਟੀਆਂ, ਵੈਨਕੂਵਰ ਕੈਨੇਡਾ ਸਭ ਤੋਂ ਮਹਿੰਗੇ ਸ਼ਹਿਰ ਵਜੋਂ ਬਰਕਰਾਰ

ਵੈਨਕੂਵਰ (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ 'ਚ ਕਿਰਾਏ ਦੀਆਂ ਦਰਾਂ ਪਿਛਲੇ ਸਾਲ ਦੇ ਮੁਕਾਬਲੇ ਘੱਟ ਹੋਈਆਂ ਹਨ, ਪਰ ਇਹ ਗਿਰਾਵਟ ਕੈਨੇਡਾ ਦੇ ਹੋਰ ਹਿੱਸਿਆਂ ਦੀ ਤੁਲਨਾ ਵਿੱਚ ਹੌਲੀ ਹੋਈ ਹੈ।




Rentals.ca ਦੀ ਨਵੀਨਤਮ ਰਿਪੋਰਟ ਮੁਤਾਬਕ, ਫ਼ਰਵਰੀ 2025 'ਚ ਬੀ.ਸੀ. 'ਚ ਔਸਤ ਕਿਰਾਇਆ $2,457 ਸੀ, ਜੋ ਕਿ ਫ਼ਰਵਰੀ 2024 ਨਾਲੋਂ 1% ਘੱਟ ਹੈ। ਪਰ ਇਹ ਅਜੇ ਵੀ ਕੈਨੇਡਾ ਦੇ ਰਾਸ਼ਟਰੀ ਔਸਤ $2,088 ਨਾਲੋਂ ਤਕਰੀਬਨ $400 ਵੱਧ ਹੈ।

ਕੈਨੇਡਾ ਦੇ ਔਸਤ ਕਿਰਾਏ 'ਚ ਪਿਛਲੇ ਪੰਜ ਮਹੀਨਿਆਂ 'ਚ 4.8% ਦੀ ਗਿਰਾਵਟ ਹੋਈ, ਜਿਸ ਕਾਰਨ ਫ਼ਰਵਰੀ 2025 'ਚ ਕਿਰਾਇਆ 2023 ਦੇ ਪੱਧਰ 'ਤੇ ਆ ਗਿਆ। ਨਵੇਂ ਅਪਾਰਟਮੈਂਟਾਂ ਦੀ ਉਪਲੱਬਧਤਾ ਵਧਣ ਕਾਰਨ ਕਿਰਾਏ ਦੀਆਂ ਦਰਾਂ ਹੌਲੀ-ਹੌਲੀ ਘਟ ਰਹੀਆਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਆਬਾਦੀ ਦੀ ਵਾਧੂ ਗਤੀਮਾਨਤਾ ਹੌਲੀ ਹੋਣ ਅਤੇ ਅਮਰੀਕਾ-ਕੈਨੇਡਾ ਵਿਚਾਲੇ ਸੰਭਾਵੀ ਵਪਾਰਕ ਸੰਕਟ ਕਰਕੇ ਵੀ ਇਹ ਗਿਰਾਵਟ ਹੋ ਰਹੀ ਹੈ।

Rentals.ca ਦੇ 35 ਸ਼ਹਿਰਾਂ 'ਚ ਬੀ.ਸੀ. ਦੇ ਚਾਰ ਸ਼ਹਿਰ ਸਭ ਤੋਂ ਮਹਿੰਗੀਆਂ ਜਗ੍ਹਾਂ ਵਿੱਚ ਸ਼ਾਮਲ ਰਹੇ।

ਵੈਨਕੂਵਰ: ਇੱਕ-ਬੈੱਡਰੂਮ ਯੂਨਿਟ ਦਾ ਔਸਤ ਕਿਰਾਇਆ 5.1% ਘਟ ਕੇ $2,518 ਹੋ ਗਿਆ, ਪਰ ਇਹ ਹਾਲੇ ਵੀ ਕੈਨੇਡਾ ਦਾ ਸਭ ਤੋਂ ਮਹਿੰਗਾ ਸ਼ਹਿਰ ਹੈ।

ਬਰਨਾਬੀ: 3.6% ਗਿਰਾਵਟ ਨਾਲ $2,367 'ਤੇ ਆਇਆ, ਜੋ ਕਿ ਕੈਨੇਡਾ ਭਰ ਵਿੱਚ ਦੂਜਾ ਸਭ ਤੋਂ ਉੱਚਾ ਕਿਰਾਇਆ ਹੈ।

ਵਿਕਟੋਰੀਆ: $2,100 'ਤੇ ਰਿਹਾ, ਜੋ ਕਿ 0.8% ਘੱਟ ਹੈ ਪਰ ਮਹੀਨਾਵਾਰ 0.8% ਵਧ ਗਿਆ। ਇਹ ਕੈਨੇਡਾ ਦਾ 9ਵਾਂ ਸਭ ਤੋਂ ਮਹਿੰਗਾ ਸ਼ਹਿਰ ਬਣਿਆ।

ਨੈਨਾਇਮੋ: $1,795 'ਤੇ ਰਿਹਾ, ਜੋ ਕਿ ਪਿਛਲੇ ਸਾਲ ਦੀ ਤੁਲਨਾ ਵਿੱਚ 3.4% ਘੱਟ ਹੈ। 19ਵਾਂ ਸਭ ਤੋਂ ਮਹਿੰਗਾ ਸ਼ਹਿਰ। This report was written by Ekjot Singh as part of the Local Journalism Initiative.

# ਕੈਨੇਡਾ ਨੇ ਵਿਆਜ਼ ਦਰ ਵਿੱਚ ਕੀਤੀ ਕਟੌਤੀ

ਔਟਵਾ (ਏਕਜੋਤ ਸਿੰਘ):, ਬੈਂਕ ਆਫ ਕੈਨੇਡਾ ਆਪਣੀ ਮੁੱਖ ਵਿਆਜ ਦਰ ਵਿੱਚ 25 ਬੇਸਿਸ ਪੁਆਇੰਟ ਦੀ ਕਟੌਤੀ ਕਰਕੇ ਇਸਨੂੰ 2.75 ਪ੍ਰਤੀਸ਼ਤ ਤੱਕ ਲੈ ਆਇਆ ਹੈ। ਇਹ ਫੈਸਲਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਕੈਨੇਡਾ ਉੱਤੇ ਨਵੇਂ ਸਟੀਲ ਤੇ ਐਲੂਮੀਨੀਅਮ ਟੈਰੀਫ਼ ਲਾਗੂ ਕਰਨ ਤੋਂ ਕੁਝ ਘੰਟਿਆਂ ਬਾਅਦ ਆਇਆ ਹੈ।

ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ਼ ਮੈਕਲਮ ਨੇ ਆਪਣੇ ਬਿਆਨ ਵਿੱਚ ਕਿਹਾ ਕਿ 2025 ਦੀ ਸ਼ੁਰੂਆਤ ਵਿੱਚ ਕੈਨੇਡਾ ਦੀ ਆਰਥਿਕਤਾ ਮਜ਼ਬੂਤ ਹਾਲਤ ਵਿੱਚ ਸੀ, ਤੇ ਪਿਛਲੇ ਗਰਮੀਆਂ ਤੋਂ ਮਹਿੰਗਾਈ ਦਰ ਬੈਂਕ ਦੇ 2% ਟੀਚੇ ਨੇੜੇ ਰਹੀ। ਪਰ, ਟਰੰਪ ਦੇ ਵਪਾਰਕ ਟੈਕਸ ਦੀ ਨਵੀਂ ਚੁਣੌਤੀ ਨੇ ਵੱਡਾ ਸੰਕਟ ਪੈਦਾ ਕਰ ਦਿੱਤਾ ਹੈ।

ਉਨ੍ਹਾਂ ਕਿਹਾ "ਆਖਰੀ ਕੁਝ ਮਹੀਨਿਆਂ ਵਿੱਚ, ਅਮਰੀਕਾ ਵਲੋਂ ਲਗਾਤਾਰ ਬਦਲ ਰਹੀਆਂ ਟੈਰੀਫ਼ ਧਮਕੀਆਂ ਕਾਰਨ ਵਪਾਰ ਅਤੇ ਉਪਭੋਗਤਾ ਵਿਸ਼ਵਾਸ ਨੂੰ ਝਟਕਾ ਲੱਗਾ ਹੈ ਇਸ ਕਾਰਨ ਘਰੇਲੂ ਖਪਤ ਤੇ ਵਪਾਰਕ ਨਿਵੇਸ਼ ਦੀ ਯੋਜਨਾ ਰੁਕ ਗਈ ਹੈ।"

ਮੈਕਲਮ ਨੇ ਦੱਸਿਆ ਕਿ ਕੈਨੇਡਾ-ਅਮਰੀਕਾ ਵਪਾਰਕ ਸੰਕਟ ਮਹਿੰਗਾਈ ਵਧਾ ਸਕਦਾ ਹੈ। ਉਨ੍ਹਾਂ ਨੇ ਕਿਹਾ, "ਬਹੁਤ ਸਾਰੇ ਉਦਯੋਗ, ਖਾਸ ਕਰਕੇ ਉਤਪਾਦਨ ਤੇ ਆਮਦਨੀ ਦੇ ਨਵੇਂ ਸਰੋਤਾਂ ਉੱਤੇ ਨਿਰਭਰ ਕਰਨ ਵਾਲੇ ਖੇਤਰ, ਵਿਕਰੀ ਦੀ ਉਮੀਦ ਘਟਾ ਰਹੇ ਹਨ।"

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕ੍ਰੈਡਿਟ ਉਪਲਬਧਤਾ ਘਟ ਰਹੀ ਹੈ, ਜਿਸ ਨਾਲ ਕਾਰੋਬਾਰਾਂ ਲਈ ਵਿਦੇਸ਼ੀ ਮਸ਼ੀਨਰੀ ਤੇ ਉਪਕਰਣ ਮੰਗਵਾਉਣ ਦੀ ਲਾਗਤ ਵੱਧ ਗਈ ਹੈ। "ਇਨ੍ਹਾਂ ਵਪਾਰਕ ਸੰਕਟਾਂ ਕਾਰਨ ਬਹੁਤ ਸਾਰੇ ਉਦਯੋਗਾਂ ਨੇ ਨਵੇਂ ਕਰਮਚਾਰੀ ਭਰਤੀ ਕਰਨ ਤੇ ਨਿਵੇਸ਼ ਦੀ ਯੋਜਨਾ ਹੋਲ੍ਹੀ ਕਰ ਦਿੱਤੀ ਹੈ। ਜਦ ਮੈਕਲਮ ਨੂੰ ਪੁੱਛਿਆ ਗਿਆ ਕਿ ਕੀ ਕੈਨੇਡਾ ਮੰਦਭਾਗੀ ਆਰਥਿਕਤਾ ਵੱਲ ਵਧ ਰਿਹਾ ਹੈ, ਉਨ੍ਹਾਂ ਨੇ ਕਿਹਾ, "ਇਹ ਪੂਰੀ ਤਰ੍ਹਾਂ ਅਮਰੀਕਾ ਦੀ ਵਪਾਰ ਨੀਤੀ ਉੱਤੇ ਨਿਰਭਰ ਕਰੇਗਾ।"



ਬੈਂਕ ਆਫ ਕੈਨੇਡਾ ਦੀ ਸੀਨੀਅਰ ਡਿਪਟੀ ਗਵਰਨਰ, ਕੈਰੋਲੀਨ ਰੌਜਰਜ਼ ਨੇ ਵੀ ਇਹ ਗੱਲ ਮੰਨੀ ਕਿ ਕੈਨੇਡਾ ਦੀ ਆਰਥਿਕਤਾ ਨੇ 2024 ਦੇ ਅੰਤ ਵਿੱਚ ਵਧੀਆ ਪ੍ਰਦਰਸ਼ਨ ਕੀਤਾ, ਪਰ ਟੈਰੀਫ਼ਾਂ ਨੇ ਨਵੀਂ ਚਿੰਤਾ ਪੈਦਾ ਕਰ ਦਿੱਤੀ।

ਉਨ੍ਹਾਂ ਕਿਹਾ ਵਪਾਰਕ ਲਾਭ ਹਾਲੇ ਤਕ ਵਧ ਰਹੇ ਸਨ, ਪਰ ਹੁਣ ਉਦਯੋਗ ਨਿਵੇਸ਼ ਘਟਾ ਰਹੇ ਹਨ, ਨੌਕਰੀਆਂ ਦੀ ਗਿਣਤੀ ਘੱਟ ਰਹੀ ਹੈ, ਅਤੇ ਕੈਨੇਡੀਅਨ ਲੋਕ ਵਧੇਰੇ ਪੈਸੇ ਬਚਾ ਰਹੇ ਹਨ। ਇਹ ਸਭ ਆਗਾਮੀ ਵਿਕਾਸ ਲਈ ਚੰਗਾ ਸੰਕੇਤ ਨਹੀਂ।

ਕੈਨੇਡੀਅਨ ਚੈਂਬਰ ਆਫ਼ ਕਾਮਰਸ ਦੇ ਮੁੱਖ ਆਰਥਿਕ ਵਿਦਗਿਆਨੀ, ਐਂਡਰਿਊ ਡਿਕਾਪੂਆ ਨੇ ਵੀ ਚਿੰਤਾ ਜਤਾਈ ਕਿ ਸਟੀਲ ਤੇ ਐਲੂਮੀਨੀਅਮ ਉੱਤੇ ਲਾਗੂ ਹੋਈਆਂ ਨਵੀਆਂ ਟੈਰੀਫ਼ਾਂ ਕੈਨੇਡਾ ਦੀ ਆਰਥਿਕਤਾ ਉੱਤੇ ਹੋਰ ਵੱਡਾ ਧੱਕਾ ਹੋਣਗੀਆਂ।

ਉਪਰੋਕਤ ਚੁਣੌਤੀਆਂ ਦੇ ਬਾਵਜੂਦ, ਕੈਨੇਡਾ ਦੀ ਆਰਥਿਕਤਾ ਪਿਛਲੇ ਕੁਝ ਮਹੀਨਿਆਂ ਵਿੱਚ ਮਜ਼ਬੂਤ ਰਹੀ। 2024 ਦੀ ਚੌਥੀ ਤਿਮਾਹੀ ਵਿੱਚ, ਘਧਫ 2.6% ਦੀ ਦਰ ਨਾਲ ਵਧਿਆ, ਅਤੇ ਨੌਕਰੀਆਂ ਵਿੱਚ ਵੀ ਵਾਧਾ ਆਇਆ।

ਵਰਤਮਾਨ ਵਿਚ, ਕੈਨੇਡਾ ਦੀ ਬੇਰੋਜ਼ਗਾਰੀ ਦਰ 6.6% ਤੱਕ ਘੱਟ ਗਈ, ਜੋ ਕਿ ਨੌਕਰੀ ਦੇ ਮੌਕਿਆਂ ਦੀ ਵਾਧੂ ਦਰਸਾਉਂਦੀ ਹੈ। ਪਰ, ਇਹ ਸੁਧਾਰ ਲੰਮੇ ਸਮੇਂ ਤੱਕ ਜਾਰੀ ਰਹੇਗਾ ਜਾਂ ਨਹੀਂ, ਇਹ ਟੈਰੀਫ਼ਾਂ ਦੀ ਭਵਿੱਖੀ ਹਾਲਤ ਉੱਤੇ ਨਿਰਭਰ ਕਰੇਗਾ।


ਆਉਣ ਵਾਲੇ ਮਹੀਨਿਆਂ ਵਿੱਚ ਕੈਨੇਡਾ ਦੀ ਆਰਥਿਕਤਾ ਉੱਤੇ ਟੈਰੀਫ਼ਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਸਰਕਾਰ ਤੇ ਨੀਤੀ ਨਿਰਮਾਤਾਵਾਂ ਨੂੰ ਵੱਡੇ ਫੈਸਲੇ ਲੈਣੇ ਪੈਣਗੇ। ਮੈਕਲਮ ਨੇ ਚੇਤਾਵਨੀ ਦਿੱਤੀ ਕਿ "ਜੇਕਰ ਇਹ ਟੈਰੀਫ਼ ਲੰਮੇ ਸਮੇਂ ਤੱਕ ਜਾਰੀ ਰਹੇ, ਤਾਂ ਕੈਨੇਡਾ ਦੀ ਆਰਥਿਕਤਾ ਲਈ ਇਹ ਇੱਕ ਢਾਂਚਾਗਤ ਤਬਦੀਲੀ ਹੋਵੇਗੀ, ਨਾ ਕਿ ਸਿਰਫ਼ ਇੱਕ ਆਰਥਿਕ ਝਟਕਾ।" This report was written by Ekjot Singh as part of the Local Journalism Initiative.

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION

NARINDER RISHI
Barrister, Solicitor & Notary Public
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਅਤੇ ਗ਼ਜ਼ਲ ਮੰਚ ਸਰੀ ਵੱਲੋਂ ਅਜੋਕੀ ਪੰਜਾਬੀ ਗ਼ਜ਼ਲ ਬਾਰੇ ਵਿਸ਼ੇਸ਼ ਸਮਾਗਮ

## ਨੌਜਵਾਨ ਸ਼ਾਇਰ ਸੁਖਦੀਪ ਔਜਲਾ ਪਹਿਲੇ ਸਤਨਾਮ ਯਾਦਗਾਰੀ ਐਵਾਰਡ ਨਾਲ ਸਨਮਾਨਿਤ

**ਮੋਹਾਲੀ, (ਹਰਦਮ ਮਾਨ):** ਬੀਤੇ ਦਿਨ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਐਸ.ਏ.ਐਸ. ਨਗਰ (ਮਹਾਲੀ) ਵਿਖੇ ਕਰਵਾਈ ਤਿੰਨ ਰੋਜ਼ਾ ਆਲਮੀ ਕਾਨਫਰੰਸ ਵਿੱਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ (ਅਮਰੀਕਾ) ਅਤੇ ਗ਼ਜ਼ਲ ਮੰਚ ਸਰੀ (ਕੈਨੇਡਾ) ਵੱਲੋਂ ਇਕ ਸ਼ੈਸ਼ਨ ਦੌਰਾਨ ਅਜੋਕੀ ਪੰਜਾਬੀ ਗ਼ਜ਼ਲ ਬਾਰੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੇ ਪ੍ਰਧਾਨ ਕੁਲਵਿੰਦਰ, ਗਜ਼ਲ ਮੰਚ ਸਰੀ ਦੇ ਪ੍ਰਧਾਨ ਜਸਵਿੰਦਰ, ਪੰਜਾਬੀ ਯੂਨੀਵਰਸਿਟੀ ਦੇ ਡਾ. ਜਸਵਿੰਦਰ ਸਿੰਘ ਤੇ ਡਾ. ਜਸਵਿੰਦਰ ਸੈਣੀ ਅਤੇ ਸ਼ਾਇਰ ਸੁਖਦੀਪ ਔਜਲਾ ਨੇ ਕੀਤੀ। ਸਟੇਜ ਦਾ ਸੰਚਾਲਨ ਕਰਦਿਆਂ ਰਾਜਵੰਤ ਰਾਜ ਨੇ ਗ਼ਜ਼ਲ ਮੰਚ ਸਰੀ ਦੀ ਸਥਾਪਨਾ, ਇਸ ਦੇ ਕਾਰਜ ਅਤੇ ਪ੍ਰੋਗਰਾਮਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਅਤੇ ਜਗਜੀਤ ਨੌਸ਼ਹਿਰਵੀ ਨੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀਆਂ ਸਰਗਰਮੀਆਂ ਬਾਰੇ ਜਾਣੂੰ ਕਰਵਾਇਆ।



ਡਾਕਟਰ ਜਸਵਿੰਦਰ ਸੈਣੀ ਵੱਲੋਂ ਨੌਜਵਾਨ ਸ਼ਾਇਰ ਸੁਖਦੀਪ ਔਜਲਾ ਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਇਕ ਕਮਰੇ ਦਾ ਸ਼ਾਇਰ' ਬਾਰੇ ਸੰਖੇਪ ਵਿੱਚ ਪਰਚਾ ਪੜ੍ਹਿਆ ਗਿਆ। ਡਾ. ਜਸਵਿੰਦਰ ਸੈਣੀ ਨੇ ਕਿਹਾ ਕਿ ਸੁਖਦੀਪ ਦੀਆਂ ਗ਼ਜ਼ਲਾਂ ਨਵੀਂ ਪੰਜਾਬੀ ਗ਼ਜ਼ਲ ਦਾ ਪ੍ਰਤੀਨਿਧ ਰੂਪ ਲੈ ਕੇ ਹਾਜ਼ਰ ਹੋਈਆਂ ਹਨ ਅਤੇ ਇਹ ਦਰਸਾਉਂਦੀਆਂ ਹਨ ਕਿ ਨਵੀਂ ਪੀੜ੍ਹੀ ਦੀ ਗ਼ਜ਼ਲ ਆਪਣੇ ਅੰਦਰ ਕਈ ਨਵੀਆਂ ਸੰਭਾਵਨਾਵਾਂ ਅਤੇ ਕਈ ਨਵੇਂ ਰੂਪਾਂ ਸਰੂਪਾਂ ਨੂੰ ਉਜਾਗਰ ਕਰ ਰਹੀ ਹੈ। ਇਸ ਕਰਕੇ ਇਸ ਗ਼ਜ਼ਲ ਦਾ ਮੂੰਹ ਮੁਹਾਂਦਰਾ ਸਾਡੀ ਪੁਰਾਣੀ ਗ਼ਜ਼ਲ ਤੋਂ ਵੱਖ ਹੈ। ਬੇਸ਼ੱਕ ਨਵੀਂ ਪੰਜਾਬੀ ਗ਼ਜ਼ਲ ਵੀ ਆਪਣੇ ਅੰਦਰ ਰਵਾਇਤ ਨੂੰ ਸੰਭਾਲੀ ਬੈਠੀ ਹੈ ਪਰ ਇਸ ਨੇ ਵਿਸ਼ੇ ਅਤੇ ਤਕਨੀਕੀ ਪੱਖ ਤੋਂ ਕੁਝ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ।

ਡਾ. ਜਸਵਿੰਦਰ ਸਿੰਘ ਨੇ ਸੁਖਦੀਪ ਔਜਲਾ ਨੂੰ ਐਵਾਰਡ ਦੇਣ 'ਤੇ ਸ਼ਾਇਰ ਕੁਲਵਿੰਦਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦੋਂ ਵੱਡੇ ਲੇਖਕ ਛੋਟੇ ਲੇਖਕਾਂ ਨੂੰ ਸ਼ਾਬਾਸ਼ੀ ਦਿੰਦੇ ਨੇ ਤਾਂ ਉਹ ਹੋਰ ਸਾਬਤ ਅਤੇ ਵਧੀਆ ਪੁਟਦੇ ਹਨ। ਇਹ ਬਹੁਤ ਸ਼ਲਾਘਾਯੋਗ ਉਪਰਾਲਾ ਹੇ ਅਤੇ ਇਹ ਸ਼ਾਬਾਸ਼ੀ ਸੁਖਦੀਪ ਨੂੰ ਹੋਰ ਸਾਹਿਤ, ਗਜ਼ਲ ਅਤੇ ਕਵਿਤਾ ਦੇ ਲੇਖੇ ਲਾਏਗੀ। ਗ਼ਜ਼ਲ ਅਤੇ ਖੁੱਲ੍ਹੀ ਕਵਿਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਗ਼ਜ਼ਲ ਨੇ ਕਵਿਤਾ ਦੀ ਅੰਦਰਲੀ ਰਵਾਨੀ ਨੂੰ, ਕਵਿਤਾ ਵਿਚਲੇ ਭਾਵਾਂ ਤੇ ਖ਼ਿਆਲਾਂ ਤੇ ਨਾਲ ਦੀ ਨਾਲ ਲਫ਼ਜ਼ਾਂ ਦੇ ਸੁਰਤਾਲ ਨੂੰ ਕਾਇਮ ਰੱਖਣ ਵਿਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਭਾਈਚਾਰੇ ਨੇ, ਪਰਵਾਸੀ ਪੰਜਾਬੀ ਸਾਹਿਤ ਅਤੇ ਸਾਹਿਤਕਾਰਾਂ ਨੇ ਪੰਜਾਬ ਦੀ ਚੇਤਨਾ, ਸੰਵੇਦਨਾ ਅਤੇ ਪੰਜਾਬ ਨੂੰ ਬਦਲਣ ਲਈ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਪੰਜਾਬੀ ਜਿੱਥੇ ਵੀ ਹਨ ਉਹਨਾਂ ਦੇ ਮਨ ਵਿੱਚ ਪੰਜਾਬ ਦਾ ਫਿਕਰ ਹੈ, ਪੰਜਾਬ ਦਾ ਦਰਦ ਹੈ ਤੇ ਪੰਜਾਬ ਲਈ ਕੁਝ ਕਰਨ ਦਾ ਤਹੱਈਆ ਹੈ।

ਉਪਰੰਤ ਸ਼ਾਇਰ ਸੁਖਦੀਪ ਔਜਲਾ ਨੂੰ ਪਹਿਲਾ ਸਤਨਾਮ ਯਾਦਗਾਰੀ ਐਵਾਰਡ ਪ੍ਰਦਾਨ ਕੀਤਾ ਗਿਆ। ਸੁਖਦੀਪ ਔਜਲਾ ਨੇ ਇਸ ਸਨਮਾਨ ਲਈ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ, ਗ਼ਜ਼ਲ ਮੰਚ ਸਰੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਜੁੜੀਆਂ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੇਰਾ ਇਸ ਐਵਾਰਡ ਲਈ ਚੁਣੇ ਜਾਣਾ ਮੇਰੇ ਲਈ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ। ਸੁਖਦੀਪ ਨੇ ਆਪਣੇ ਲਿਖਣ ਕਾਰਜ ਬਾਰੇ ਦੱਸਿਆ ਅਤੇ ਆਪਣੀਆਂ ਕੁਝ ਗ਼ਜ਼ਲਾਂ ਸਰੋਤਿਆਂ ਦੀ ਨਜ਼ਰ ਕੀਤੀਆਂ।

ਅੰਤ ਵਿਚ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਤੋਂ ਪਹੁੰਚੇ ਗ਼ਜ਼ਲਗੋਆਂ 'ਤੇ ਆਧਾਰਤ ਕਵੀ ਦਰਬਾਰ ਹੋਇਆ ਜਿਸ ਵਿਚ ਨਾਮਵਰ ਸ਼ਾਇਰ ਜਸਵਿੰਦਰ, ਕੁਲਵਿੰਦਰ, ਰਾਜਵੰਤ ਰਾਜ, ਜਗਜੀਤ ਨੌਸ਼ਹਿਰਵੀ, ਪ੍ਰੀਤ ਮਨਪ੍ਰੀਤ, ਹਰਦਮ ਮਾਨ, ਡਾ. ਗੁਰਮਿੰਦਰ ਸਿੱਧੂ, ਜੱਗੀ ਜੌਹਲ, ਗੁਰਮੀਤ ਸਿੱਧੂ ਅਤੇ ਡਾ. ਜਗੀਰ ਕਾਹਲੋਂ ਨੇ ਆਪਣਾ ਕਲਾਮ ਪੇਸ਼ ਕੀਤਾ।


**BASEMENT FOR RENT**

Two Bedroom Basement Suite to Rent

**March 15 or April 1st.**

Small Family. 3-4 person!

Utilities included . No laundry)

Call for Rent info :

**604-961-4065**

**ਟਰੱਕ ਡਰਾਇਵਰਾਂ ਦੀ ਲੋੜ**

**8 ਤੋਂ 10 ਹਜ਼ਾਰ ਡਾਲਰ ਕਮਾਓ**

**TLX** ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।

ਵਧੇਰੇ ਜਾਣਕਾਰੀ ਲਈ

778-982-3900 ਜਾਂ 604-751-1408


ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**Guru Nanak's Free Kitchen**

LOVE ALL, FEED ALL

**ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ**

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਗੁਰਗੱਦੀ ਦਿਵਸ ਗੁਰੂ ਹਰਿ ਰਾਏ ਜੀ, ਵਿਸ਼ਵ ਸਿੱਖ ਵਾਤਾਵਰਣ ਦਿਵਸ, ਹੋਲਾ-ਮਹੱਲਾ, ਨਵਾਂ ਸਾਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਅਤੇ ਦਿੱਲੀ ਫਤਹਿ ਦਿਵਸ ਸ: ਬਘੇਲ ਸਿੰਘ, ਮਨਾਇਆ ਜਾਵੇਗਾ। ਇਸ ਮੌਕੇ ਇੱਕ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਨਿਰਲੇਪ ਸਿੰਘ ਬੱਲ ਪਰਿਵਾਰ ਵਲੋਂ ਹੋਵੇਗੀ। ਅਖੰਡਪਾਠ ਸਾਹਿਬ ਦੀ ਅਰੰਭਤਾ ਦਿਨ ਸ਼ੁੱਕਰਵਾਰ 14 ਮਾਰਚ ਨੂੰ 9:30 ਵਜੇ ਹੋਵੇਗੀ ਅਤੇ ਭੋਗ ਦਿਨ ਐਤਵਾਰ 16 ਮਾਰਚ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ੁੱਕਰਵਾਰ 14 ਮਾਰਚ ਨੂੰ ਕਾਕਾ ਹਰਮਨਜੋਤ ਸਿੰਘ ਅਤੇ ਬੱਚੀ ਹਰਪ੍ਰੀਤ ਕੌਰ ਦੇ ਅਨੰਦਕਾਰਜ ਹੋਣਗੇ।
- ਸ਼ਨਿੱਚਰਵਾਰ 15 ਮਾਰਚ ਨੂੰ ਸ਼ਾਮ ਦੇ ਲੰਗਰ ਅਤੇ ਕੀਰਤਨ ਦੀ ਸੇਵਾ ਤਿੰਨ ਪਰਿਵਾਰਾਂ ਵਲੋਂ ਹੋਵੇਗੀ:-
  1. ਭਾਈ ਮਨਜਿੰਦਰ ਸਿੰਘ ਪਰਿਵਾਰ ਵਲੋਂ
  2. ਭਾਈ ਨਰਿੰਦਰ ਸਿੰਘ ਨਿੱਝਰ ਪਰਿਵਾਰ ਵਲੋਂ
  3. ਭਾਈ ਦਿਲਾਵਰ ਸਿੰਘ ਸੰਘਾ ਪਰਿਵਾਰ ਵਲੋਂ
- ਅੰਤਮ ਸਸਕਾਰ ਸਵ: ਬੀਬੀ ਗੁਰਮੇਲ ਕੌਰ ਸੋਹੀ ਦਾ 2:30 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 4:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- 20 ਮਾਰਚ ਦਿਨ ਵੀਰਵਾਰ ਨੂੰ ਭਾਈ ਲਖਵੀਰ ਸਿੰਘ ਵਿਰਦੀ ਪਰਿਵਾਰ ਵਲੋਂ ਅਖੰਡਪਾਠ ਸਾਹਿਬ ਦੀ ਸੇਵਾ ਆਪਣੇ ਬੇਟੇ ਦੇ ਅਨੰਦਕਾਰਜ ਦੀ ਖੁਸ਼ੀ ਵਿੱਚ ਹੋਵੇਗੀ। ਅਖੰਡਪਾਠ ਸਾਹਿਬ ਦੇ ਭੋਗ ਸ਼ਨਿੱਚਰਵਾਰ ਨੂੰ 9:30 ਵਜੇ ਪਾਏ ਜਾਣਗੇ। ਉਪਰੰਤ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ।

ਰਾਗੀ ਜੱਥਾ : ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ
ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ
ਕਥਾਵਾਚਕ : ਭਾਈ ਨਿਸ਼ਾਨ ਸਿੰਘ
ਢਾਡੀ ਜਥਾ : ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• Rachhpal Singh Gill
ਸੰਪਾਦਕ (ਕਾਰਜਕਾਰੀ)
604-616-2171

Funded by the Government of Canada / Financé par le gouvernement du Canada
Canada

ADVISORY BOARD

• Gurvinder Singh Dhaliwal
Vancouver,
604-825-1550

• Gurlal Singh
Journalist,

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Printed & Published in Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

Publisher is not responsible in any mishappening between the customer and Advertiser.

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੰਧਾਂ, ਬੇੜੀਆਂ ਤੇ ਸਸਤੀ ਕਿਰਤ

ਲਿਖਤ : ਕ੍ਰਿਸਟੀਨ ਮੌਲੀਨਰ



ਪਹਿਲਾ ਅਮਰੀਕੀ ਫ਼ੌਜੀ ਜਹਾਜ਼ ਬੇਦਖ਼ਲ ਕੀਤੇ 104 ਭਾਰਤੀਆਂ ਨੂੰ ਲੈ ਕੇ ਜਦੋਂ ਪੰਜ ਫਰਵਰੀ ਨੂੰ ਅੰਮ੍ਰਿਤਸਰ ਉੱਤਰਿਆ ਸੀ ਉਦੋਂ ਤੋਂ ਹੀ ਭਾਰਤੀ ਮੀਡੀਆ ਵਿੱਚ ਬੇਦਖ਼ਲ ਕੀਤੇ ਗਏ ਲੋਕਾਂ ਨਾਲ ਹੋਏ ਅਮਾਨਵੀ ਸਲੂਕ ਅਤੇ ਇਸ ਮੁਤੱਲਕ ਭਾਰਤੀ ਅਹਿਲਕਾਰਾਂ ਦੇ ਰਵੱਈਏ ਬਾਰੇ ਬਹੁਤ ਸਾਰੀਆਂ ਟੀਕਾ-ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਬੇਦਖ਼ਲ ਕੀਤੇ ਵਿਅਕਤੀਆਂ ਵੱਲੋਂ ਅਪਣਾਏ ਡੰਕੀ ਰੂਟ, ਉਨ੍ਹਾਂ ਨੂੰ ਵਿਦੇਸ਼ ਭੇਜਣ ਲਈ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਜ਼ਮੀਨਾਂ ਵੇਚਣ ਜਿਹੀਆਂ ਬੇਅੰਤ ਮੁਸ਼ੱਕਤਾਂ ਝੱਲਣ ਬਾਬਤ ਦਿਲ-ਕੰਬਾਊ ਕਹਾਣੀਆਂ ਪ੍ਰਕਾਸ਼ਿਤ ਹੋਈਆਂ ਹਨ ਅਤੇ ਨਾਲ ਹੀ ਉਨ੍ਹਾਂ ਦੇ ਸਮਾਜਿਕ ਆਰਥਿਕ ਹਾਲਾਤ ਅਤੇ ਪਰਵਾਸ ਦੇ ਕਾਰਨਾਂ ਨੂੰ ਵੀ ਉਭਾਰਿਆ ਗਿਆ ਹੈ।

ਪਰਵਾਸੀ ਸਿੱਖ ਭਾਈਚਾਰੇ ਬਾਰੇ 25 ਸਾਲਾਂ ਤੋਂ ਅਧਿਐਨ ਦਾ ਕੰਮ ਕਰਦਿਆਂ ਮੈਂ ਦੇਖਿਆ ਕਿ ਇਹ ਕਹਾਣੀਆਂ ਭਾਵੇਂ ਦਿਲਚਸਪ ਲੱਗਦੀਆਂ ਹਨ ਪਰ ਇਨ੍ਹਾਂ ਵਿੱਚ ਇੱਕ ਅਹਿਮ ਨੁਕਤੇ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ; ਉਹ ਹੈ- ਪਰਵਾਸ ਆਪਣੇ ਆਪ ਵਿੱਚ ਕੋਈ ਗ਼ੈਰ-ਕਾਨੂੰਨੀ ਸਰਗਰਮੀ ਨਹੀਂ। ਜਿਨ੍ਹਾਂ ਦੇਸ਼ਾਂ ਵੱਲ ਪਰਵਾਸ ਸੇਧਿਤ ਸੀ, ਉਨ੍ਹਾਂ ਵੱਲੋਂ ਪਿਛਲੇ ਕੁਝ ਸਮੇਂ ਤੋਂ ਪਰਵਾਸ ਨੂੰ ਗ਼ੈਰ-ਕਾਨੂੰਨੀ ਸਰਗਰਮੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਅਮਰੀਕਾ ਵਿੱਚ ਇਹ ਕੰਮ 9/11 ਦੇ ਹਮਲੇ ਤੋਂ ਤੁਰੰਤ ਬਾਅਦ ਸ਼ੁਰੂ ਕਰ ਦਿੱਤਾ ਗਿਆ ਸੀ ਪਰ ਯੂਰੋਪ ਵਿੱਚ ਇਹ ਕੰਮ ਥੋੜ੍ਹਾ ਜਿਹਾ ਪਹਿਲਾਂ ਸ਼ੁਰੂ ਹੋ ਗਿਆ ਸੀ ਜਦੋਂ ਯੂਰੋਪੀਅਨ ਸੰਘ (ਈਯੂ) ਦੀਆਂ ਅੰਦਰੂਨੀ ਸਰਹੱਦਾਂ ਨੂੰ ਤੋੜਿਆ ਜਾ ਰਿਹਾ ਸੀ ਅਤੇ ਬਾਹਰੀ ਸਰਹੱਦਾਂ ਨੂੰ ਕਿਲੇਬੰਦ ਕੀਤਾ ਜਾ ਰਿਹਾ ਸੀ।

ਦਰਅਸਲ, ਜ਼ਮੀਨੀ ਪੱਧਰ 'ਤੇ ਪਰਵਾਸ ਵਿਰੋਧੀ ਬਿਰਤਾਂਤ ਦੀ ਬੇਰੋਕ ਨਜ਼ਰ ਆ ਰਹੀ ਲਹਿਰ ਅਤੇ ਇਸ ਦੇ ਸਿੱਟੇ ਵਜੋਂ ਵਧ ਰਹੀਆਂ ਸਰਹੱਦੀ ਰੋਕਾਂ ਕਰ ਕੇ ਗ਼ੈਰ-ਕਾਨੂੰਨੀ, ਅਪਰਾਧ ਅਤੇ ਖ਼ਤਰੇ ਦੀ ਭਾਵਨਾ ਉਹ ਮੂਲ ਐਨਕ ਬਣ ਗਏ ਜਿਨ੍ਹਾਂ ਰਾਹੀਂ ਉਨ੍ਹਾਂ ਦੇਸ਼ਾਂ ਦੀ ਸਟੇਟ/ਰਿਆਸਤ ਵੱਲੋਂ ਗਲੋਬਲ ਸਾਊਥ ਤੋਂ ਆਉਣ ਵਾਲੇ ਪਰਵਾਸੀਆਂ ਨੂੰ ਵਾਚਿਆ ਜਾ ਰਿਹਾ ਹੈ। ਮੈਂ ਜੋ ਤਰਕ ਪੇਸ਼ ਕਰ ਰਹੀ ਹਾਂ ਕਿ ਸਾਨੂੰ ਵੱਖਰੀ ਐਨਕ ਧਾਰਨ ਕਰਨੀ ਚਾਹੀਦਾ ਹੈ; ਕੌਮਾਂਤਰੀ ਪਰਵਾਸ ਅਤੇ ਦੁਆਲੇ ਬੁਣੇ ਬਿਰਤਾਂਤ ਨੂੰ ਬਦਲਣ ਅਤੇ ਇਸ ਨੂੰ ਮਾਨਵੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸਭ ਤੋਂ ਪਹਿਲਾਂ ਸਾਨੂੰ ਇਸ ਵਰਤਾਰੇ ਬਾਰੇ ਆਪਣੀ ਸ਼ਬਦਾਵਲੀ ਬਦਲਣ ਦੀ ਜ਼ਰੂਰਤ ਹੈ। ਬਹੁਤ ਸਾਰੇ ਵਿਦਵਾਨ ਅਤੇ ਕਾਰਕੁਨ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਥਾਂ ਅਣਅਧਿਕਾਰਤ/ਦਸਤਾਵੇਜ਼ਾਂ ਤੋਂ ਬਗ਼ੈਰ ਪਰਵਾਸੀ ਸ਼ਬਦ ਦਾ ਇਸਤੇਮਾਲ ਕਰਦੇ ਹਨ ਜੋ ਇਨ੍ਹਾਂ ਲੋਕਾਂ ਨੂੰ ਦਾਗ਼ੀ ਅਤੇ ਅਪਰਾਧੀ ਬਣਾ ਦਿੰਦੇ ਹਨ। ਬੇਦਖ਼ਲ ਲੋਕਾਂ ਦਾ ਚਾਲੀ ਘੰਟਿਆਂ ਤੋਂ ਵੱਧ ਦਾ ਸਫ਼ਰ ਉਨ੍ਹਾਂ ਲਈ ਮਾਨਵੀ ਅਤੇ ਗ਼ੈਰਤ ਦੀ ਭਾਵਨਾ ਤੋਂ ਬਿਲਕੁਲ ਹੀਣਾ ਸੀ ਜਿਸ ਦੌਰਾਨ ਉਨ੍ਹਾਂ ਦੀਆਂ ਅਪਰਾਧੀਆਂ ਵਾਂਗ ਪੱਗਾਂ ਉਤਰਵਾਈਆਂ ਗਈਆਂ ਅਤੇ ਹੱਥਕੜੀਆਂ ਤੇ ਬੇੜੀਆਂ ਪਹਿਨਾਈਆਂ ਗਈਆਂ; ਜਿਸ ਨੂੰ ਅਸੀਂ ਸਾਰਿਆਂ ਨੇ ਤੱਕਿਆ ਪਰ ਭਾਰਤ ਸਰਕਾਰ ਨੇ ਇਸ ਤੋਂ ਅੱਖਾਂ ਮੀਟ ਲਈਆਂ ਅਤੇ ਉਸ ਨੂੰ ਆਪਣੇ ਨਾਗਰਿਕਾਂ ਨਾਲ ਅਜਿਹੇ ਅਪਰਾਧਿਕ ਅਤੇ ਗ਼ੈਰ-ਮਾਨਵੀ ਵਿਹਾਰ ਵਿੱਚ ਕੁਝ ਵੀ ਗ਼ਲਤ ਨਹੀਂ ਮਹਿਸੂਸ ਨਹੀਂ ਹੋਇਆ।

ਦੂਜੇ ਪਾਸੇ, ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਮੈਤਰੋ ਨੇ ਪਰਵਾਸੀਆਂ ਨੂੰ ਜਿਸ ਢੰਗ ਨਾਲ ਬੇਦਖ਼ਲ ਕੀਤਾ ਜਾ ਰਿਹਾ ਹੈ, ਉਸ ਉੱਪਰ ਸਖ਼ਤ ਰੱਦੇਅਮਲ ਜ਼ਾਹਿਰ ਕੀਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਬੇਦਖ਼ਲ ਕੀਤੇ ਜਾਣ ਵਾਲੇ ਲੋਕਾਂ ਨਾਲ ਸਨਮਾਨਜਨਕ ਢੰਗ ਨਾਲ ਪੇਸ਼ ਆਉਣਾ ਚਾਹੀਦਾ ਹੈ। ਸ਼ੁਰੂ ਵਿੱਚ ਤਾਂ ਉਨ੍ਹਾਂ ਡਿਪੋਰਟੀਆਂ ਨੂੰ ਲੈ ਕੇ ਆਈਆਂ ਦੋ ਅਮਰੀਕੀ ਉਡਾਣਾਂ ਨੂੰ ਆਪਣੇ ਦੇਸ਼ ਵਿੱਚ ਦਾਖ਼ਲ ਹੀ ਨਹੀਂ ਹੋਣ ਦਿੱਤਾ ਪਰ ਬਾਅਦ ਵਿੱਚ ਜਦੋਂ ਟਰੰਪ ਨੇ ਕੋਲੰਬੀਆ ਦੀਆਂ ਦਰਾਮਦਾਂ ਉੱਪਰ 50 ਫ਼ੀਸਦੀ ਟੈਕਸ ਲਾਉਣ ਦੀ ਧਮਕੀ ਦਿੱਤੀ ਤਾਂ ਉਨ੍ਹਾਂ ਨੂੰ ਪਿਛਾਂਹ ਹਟਣਾ ਪਿਆ।

ਦਿੱਲੀ ਦੀ ਦੱਬੂ ਪ੍ਰਤੀਕਿਰਿਆ ਦੇ ਕਾਰਨਾਂ ਵਿੱਚ ਇੱਕ ਕਾਰਨ ਇਹ ਵੀ ਲੱਗਦਾ ਹੈ ਕਿ ਉਹ ਅਮਰੀਕੀ ਸਰਕਾਰ ਨੂੰ ਠੰਢਾ ਕਰਨਾ ਚਾਹੁੰਦੀ ਹੈ ਤੇ ਹੁਨਰਮੰਦ ਭਾਰਤੀ ਪਰਵਾਸੀਆਂ ਲਈ ਐਚ-1ਬੀ ਵੀਜ਼ੇ ਸੁਰੱਖਿਅਤ ਕਰਾਉਣਾ ਚਾਹੁੰਦੀ ਹੈ। ਹੁਨਰਮੰਦ (ਭਾਵ ਚੰਗੇ ਅਤੇ ਚਾਹੇ) ਅਤੇ ਗ਼ੈਰ-ਹੁਨਰਮੰਦ (ਭਾਵ ਮਾੜੇ ਅਤੇ ਅਣਚਾਹੇ) ਪਰਵਾਸੀਆਂ ਦੇ ਇਸ ਬਿਰਤਾਂਤ ਨੂੰ ਬਹੁਤ ਸਾਰੇ ਪੱਛਮੀ ਦੇਸ਼ਾਂ ਵਿੱਚ ਕਥਿਤ ਗ਼ੈਰ-ਹੁਨਰਮੰਦ ਪਰਵਾਸੀਆਂ ਦਾ ਸ਼ੋਸ਼ਣ ਕਰਨ ਅਤੇ ਉਨ੍ਹਾਂ ਨੂੰ ਮੂਲ ਮਨੁੱਖੀ ਹੱਕਾਂ ਤੋਂ ਵਿਰਵੇ ਰੱਖਣ ਲਈ ਵਰਤਿਆ ਜਾਂਦਾ ਹੈ।

ਅਮਰੀਕੀ ਵਿਦਵਾਨ ਨਤਾਸ਼ਾ ਇਸਕੰਦਰ ਨੇ ਕਤਰ ਵਿੱਚ ਵਿਦੇਸ਼ੀ ਕਾਮਿਆਂ ਦੇ ਤਜਰਬੇ ਬਾਰੇ ਆਪਣੀ ਕਿਤਾਬ (ਡਜ਼ ਸਕਿਲ ਮੇਕ ਅੱਸ ਹਿਊਮਨ? ਕਤਰ ਐਂਡ ਬਿਯੌਂਡ, ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 2021) ਵਿੱਚ ਤਰਕ ਪੇਸ਼ ਕੀਤਾ ਹੈ ਕਿ ਹੁਨਰ ਦੀ ਧਾਰਨਾ ਵਿਦੇਸ਼ੀ ਕਾਮਿਆਂ ਦੀ ਹੱਕਾਂ ਤੱਕ ਰਸਾਈ ਨੂੰ ਪਰਿਭਾਸ਼ਤ ਕਰਨ ਦਾ ਸਿਆਸੀ ਸੰਦ ਹੈ।

ਇਨ੍ਹਾਂ ਬਾਹਰਲੇ ਮੁਲਕਾਂ ਦੇ ਸੱਜੇ ਪੱਖੀ ਸਿਆਸਤਦਾਨ ਭਾਵੇਂ 'ਗ਼ੈਰ-ਕਾਨੂੰਨੀ' ਪਰਵਾਸੀਆਂ ਨੂੰ ਨਿੰਦਣ ਦੇ ਚੁਣਾਵੀ ਫ਼ਾਇਦਿਆਂ ਦਾ ਲਾਹਾ ਖੱਟਦੇ ਹਨ ਪਰ ਇਨ੍ਹਾਂ ਦੇ ਅਰਥਚਾਰਿਆਂ- ਖ਼ਾਸ ਤੌਰ 'ਤੇ ਉਸਾਰੀ, ਸੇਵਾਵਾਂ ਤੇ ਦੇਖਭਾਲ ਖੇਤਰ ਨੂੰ, ਵਿਦੇਸ਼ੀ ਕਾਮਿਆਂ ਦੀ ਸਖ਼ਤ ਲੋੜ ਹਮੇਸ਼ਾ ਰਹਿੰਦੀ ਹੈ। 'ਗ਼ੈਰ-ਕਾਨੂੰਨੀ ਪਰਵਾਸ' ਕੋਈ ਕੁਦਰਤੀ ਸ਼੍ਰੇਣੀ ਨਹੀਂ ਹੈ। ਇਹ ਸਿਆਸੀ ਰਚਨਾ ਹੈ, ਸਾਧਨ ਜਿਹੜਾ ਕਿਸੇ ਮੰਤਵ ਨੂੰ ਪੂਰਦਾ ਹੈ: ਸਸਤੇ ਤੇ ਮਜਬੂਰ ਪਰਵਾਸੀ ਕਿਰਤ ਬਲ ਨੂੰ ਅਨੁਸ਼ਾਸਿਤ ਕਰ ਕੇ ਉਹ ਕਰਨ ਵੱਲ ਧੱਕਣਾ ਜਿਨ੍ਹਾਂ ਨੂੰ ਸਮਾਜ ਵਿਗਿਆਨੀ 'ਤਿੰਨ ਡੀਜ਼- ਡਰਟੀ, ਡੇਂਜਰਸ, ਡੀਮੀਨਿੰਗ' (ਗੰਦੇ, ਖ਼ਤਰਨਾਕ ਤੇ ਨੀਚ) ਕੰਮ ਕਹਿੰਦੇ ਹਨ ਜਿਹੜੇ ਸਥਾਨਕ ਆਬਾਦੀ ਨਹੀਂ ਕਰਦੀ।

ਆਵਾਸੀਆਂ ਵਿਰੁੱਧ ਹੋ ਰਹੀ ਬਿਆਨਬਾਜ਼ੀ ਦੇ ਦੋਗਲੇਪਣ ਦੀ ਸ਼ਾਇਦ ਸਭ ਤੋਂ ਵਧੀਆ ਉਦਾਹਰਨ, ਕੋਈ ਹੋਰ ਨਹੀਂ, ਬਲਕਿ ਟਰੰਪ ਖ਼ੁਦ ਹੀ ਹੈ। 'ਦਿ ਵਾਸ਼ਿੰਗਟਨ ਪੋਸਟ' ਨੇ 2019 ਵਿੱਚ ਰਿਪੋਰਟ ਕੀਤਾ ਸੀ ਕਿ ਉਸ ਦੀ ਕੰਪਨੀ 'ਟਰੰਪ ਆਰਗੇਨਾਈਜ਼ੇਸ਼ਨ' ਨੇ ਕਰੀਬ ਦੋ ਦਹਾਕਿਆਂ ਤੱਕ ਕੰਪਨੀ ਦੀ ਮਾਲਕੀ ਵਾਲੀਆਂ ਕਈ ਸੰਪਤੀਆਂ 'ਤੇ ਗ਼ੈਰ-ਕਾਨੂੰਨੀ ਲਾਤੀਨੀ ਅਮਰੀਕੀ ਉਸਾਰੀ ਵਰਕਰ ਕੰਮ 'ਤੇ ਲਾਈ ਰੱਖੇ। ਬੁੱਝੋ ਕਿਉਂ? ਕਿਉਂਕਿ ਉਹ ਸਸਤੇ ਪੈਂਦੇ ਹਨ, ਮਿਹਨਤੀ ਵੀ ਹਨ ਤੇ ਡਿਪੋਰਟ ਹੋਣ ਤੋਂ ਐਨਾ ਡਰਦੇ ਹਨ ਕਿ ਲੱਕ ਤੋੜਨ ਵਾਲੇ ਜ਼ਲਾਲਤ ਭਰੇ ਕੰਮ ਕਰਨ ਤੋਂ ਵੀ ਪਿੱਛੇ ਨਹੀਂ ਹਟਦੇ।

ਇੱਥੇ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਕਿਉਂ ਗਲੋਬਲ ਸਾਊਥ (ਅਫਰੀਕਾ, ਏਸ਼ੀਆ ਤੇ ਲਾਤੀਨੀ ਅਮਰੀਕੀ ਮੁਲਕ) ਤੋਂ 'ਗ਼ੈਰ-ਹੁਨਰਮੰਦ' ਔਰਤਾਂ ਤੇ ਪੁਰਸ਼, ਖ਼ਤਰਨਾਕ ਤੇ ਮਹਿੰਗੇ ਸਫ਼ਰਾਂ ਦੇ ਬਾਵਜੂਦ 'ਗਲੋਬਲ ਨੌਰਥ' (ਅਮੀਰ ਤੇ ਤਾਕਤਵਰ ਦੇਸ਼) ਵੱਲ ਪਰਵਾਸ ਕਰਨਾ ਜਾਰੀ ਰੱਖ ਰਹੇ ਹਨ, ਜਿਹੜਾ ਸਫ਼ਰ ਉਨ੍ਹਾਂ ਨੂੰ ਇਨ੍ਹਾਂ ਤਾਕਤਵਰ ਦੇਸ਼ਾਂ ਦੀਆਂ ਸਖ਼ਤ ਆਵਾਸ ਨੀਤੀਆਂ ਕਰ ਕੇ ਕਰਨਾ ਪੈ ਰਿਹਾ ਹੈ।

ਇਹ ਜ਼ਿੰਦਗੀ ਪਲਟਾਉਣ ਵਾਲਾ ਫ਼ੈਸਲਾ ਲੈਣ ਦੇ ਕਈ ਕਾਰਨ ਹਨ ਜੋ ਪਰਵਾਸ ਨੂੰ ਜ਼ਰੂਰਤ ਬਣਾ ਦਿੰਦੇ ਹਨ। ਕਿਸੇ ਨੂੰ ਇਸ ਪਾਸੇ ਧੱਕਣ ਲਈ ਕਈ ਕਾਰਕ ਜ਼ਿੰਮੇਵਾਰ ਹਨ (ਸਮਾਜਿਕ-ਆਰਥਿਕ ਜਾਂ ਮੂਲ ਦੇਸ਼ ਦੀਆਂ ਸਿਆਸੀ ਹਾਲਤਾਂ) ਤੇ ਇਸ 'ਚ ਕਈ ਉੱਧਰ ਨੂੰ ਖਿੱਚਣ ਵਾਲੇ ਕਾਰਕ ਵੀ ਸ਼ਾਮਿਲ ਹਨ (ਨਵਾਂ ਟਿਕਾਣਾ ਬਣਨ ਵਾਲੇ ਮੁਲਕ 'ਚ ਲੋਕਾਂ ਨੂੰ ਕੀ ਖਿੱਚ ਰਿਹਾ ਹੈ)।

ਸਾਫ਼ ਸ਼ਬਦਾਂ 'ਚ ਆਖੀਏ ਤਾਂ ਪਰਵਾਸ ਵਿਰੋਧੀ ਬਿਆਨਬਾਜ਼ੀ ਦੇ ਬਾਵਜੂਦ ਇਸ ਦਾ ਵੱਡਾ ਕਾਰਨ ਹੈ 'ਗਲੋਬਲ ਨੌਰਥ' ਵਿੱਚ ਸਸਤੀ ਲੇਬਰ ਦੀ ਲਗਾਤਾਰ ਲੋੜ, ਆਰਥਿਕ ਤੇ ਗਿਣਤੀ ਦੇ ਪੱਖ ਤੋਂ। ਮੇਰੇ ਮੁਲਕ ਫਰਾਂਸ ਨੂੰ ਹੀ ਲੈ ਲਓ, ਸਾਡੇ ਬਜ਼ੁਰਗਾਂ ਦਾ ਖਿਆਲ ਕੌਣ ਰੱਖਦਾ ਹੈ, ਹੋਟਲਾਂ ਦੇ ਕਮਰੇ, ਕੂੜਾ ਕੌਣ ਸਾਫ਼ ਕਰਦਾ ਤੇ ਚੁੱਕਦਾ ਹੈ, ਪੁਲ਼, ਸਕੂਲ, ਮਕਾਨ ਕੌਣ ਬਣਾਉਂਦਾ ਹੈ, ਸਾਡੇ ਆਰਡਰ ਕੌਣ ਡਿਲਿਵਰ ਕਰਦਾ ਹੈ? ਬੇਸ਼ੱਕ, ਪਰਦੇਸੀ ਤੇ ਇਨ੍ਹਾਂ ਵਿੱਚੋਂ ਬਹੁਤਿਆਂ ਕੋਲ ਢੁਕਵੇਂ ਕਾਗਜ਼ਾਤ ਨਹੀਂ ਹਨ। ਉਹ ਨਾ ਤਾਂ ਸਮਾਜਿਕ ਲਾਭਾਂ 'ਤੇ ਰਹਿਣ ਆਉਂਦੇ ਹਨ ਤੇ ਨਾ ਹੀ ਫਰਾਂਸੀਸੀਆਂ ਦੀਆਂ ਨੌਕਰੀਆਂ ਚੋਰੀ ਕਰਨ, ਜਿਵੇਂ ਕੱਟੜ ਸੱਜੇ ਪੱਖੀ ਕਹਿੰਦੇ ਰਹੇ। ਫਿਰਤੂ ਹੋਣਾ ਕੋਈ ਅਪਰਾਧ ਨਹੀਂ। ਇਹ ਮਨੁੱਖ ਦੀ ਸੁਭਾਵਿਕ ਉਤੇਜਨਾ ਹੈ। ਕੌਮਾਂਤਰੀ ਸਰਹੱਦ ਉਲੰਘਣ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਕਿਸੇ ਤੋਂ ਉਸ ਦੇ ਬੁਨਿਆਦੀ ਹੱਕ ਅਤੇ ਅਣਖ ਖੋਹ ਲਈ ਜਾਵੇ। ਪਰਵਾਸੀ ਭਾਵੇਂ ਹੁਨਰਮੰਦ ਹੋਣ ਜਾਂ ਗ਼ੈਰ-ਹੁਨਰਮੰਦ, ਅਪਰਾਧੀ ਨਹੀਂ ਹਨ। ਪਰਵਾਸੀਆਂ ਦੁਆਲੇ ਨਫ਼ਰਤੀ ਗ਼ੈਰ-ਮਾਨਵੀ ਬਿਰਤਾਂਤ ਸਿਰਜਣਾ ਕਈ ਪੱਛਮੀ ਮੁਲਕਾਂ ਵਿੱਚ ਆਮ ਜਿਹੀ ਗੱਲ ਹੋ ਗਈ ਹੈ। ਡੈਮੋਕਰੈਟ ਉਮੀਦਵਾਰ ਕਮਲਾ ਹੈਰਿਸ ਨਾਲ ਇੱਕ ਬਹਿਸ ਦੌਰਾਨ ਟਰੰਪ ਓਹਾਇਓ ਵਿੱਚ ਹੈਤੀ ਦੇ ਸ਼ਰਨਾਰਥੀਆਂ ਨੂੰ ਇਹ ਕਹਿਣ ਤੱਕ ਚਲੇ ਗਏ ਕਿ, "ਉਹ ਉੱਥੇ ਰਹਿਣ ਵਾਲੇ ਲੋਕਾਂ ਦੇ ਪਾਲਤੂ ਜਾਨਵਰ ਖਾ ਰਹੇ ਹਨ।" ਕਈ ਪੈਰਵੀਕਾਰ ਗਰੁੱਪ ਤੇ ਲੋਕ ਪੱਛਮ 'ਚ ਇਸ ਬਿਆਨਬਾਜ਼ੀ ਦਾ ਵਿਰੋਧ ਕਰ ਰਹੇ ਹਨ ਤੇ ਦਲੀਲ ਦਿੰਦੇ ਹਨ ਕਿ ਸਰਹੱਦ 'ਤੇ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਪਰਵਾਸੀਆਂ ਲਈ ਵਿਨਾਸ਼ਕਾਰੀ ਹਨ, ਉਸ ਦੇਸ਼ ਨੂੰ ਵੀ ਮਹਿੰਗੀਆਂ ਪੈਣਗੀਆਂ ਜਿੱਥੇ ਉਹ ਆ ਰਹੇ ਹਨ ਤੇ ਆਖ਼ਿਰ ਅਸਰਹੀਣ ਹੋ ਜਾਣਗੀਆਂ ਕਿਉਂਕਿ ਖ਼ਤਰਿਆਂ ਦੇ ਬਾਵਜੂਦ, ਲੋਕ ਗਤੀਵਿਧੀ ਜਾਰੀ ਰੱਖਣਗੇ ਜਿਵੇਂ ਮਾਨਵੀ ਇਤਿਹਾਸ ਦੌਰਾਨ ਪਹਿਲਾਂ ਵੀ ਕਰਦੇ ਰਹੇ ਹਨ। ਪੰਜਾਬੀਆਂ ਦੇ ਮਾਮਲੇ 'ਚ ਸਮੂਹਿਕ ਪਰਵਾਸ ਬਰਤਾਨਵੀ ਸ਼ਾਸਨ ਨੇ ਆਪਣੇ ਫ਼ਾਇਦੇ ਲਈ ਸ਼ੁਰੂ ਕੀਤਾ ਤੇ ਕਰਵਾਇਆ ਸੀ। ਇਸ ਬਸਤੀਵਾਦੀ ਇੰਜਨੀਅਰੀ ਨੇ ਪਰਵਾਸ ਦਾ ਇੰਨਾ ਡੂੰਘਾ ਸੱਭਿਆਚਾਰ ਪੈਦਾ ਕਰ ਦਿੱਤਾ ਹੈ ਕਿ ਕੋਈ ਵੀ ਬੇਦਖ਼ਲੀ, ਸਰਹੱਦੀ ਨਿਯਮ ਅਤੇ ਕੰਧ ਇਸ ਨੂੰ ਜੜ੍ਹੋਂ ਖ਼ਤਮ ਨਹੀਂ ਕਰ ਸਕਣਗੇ।

# ਰਾਹਗੀਰ ਨੇ ਸੁੰਨੀ ਸੜਕ 'ਤੇ ਫਿਰਦੀ ਦਿਮਾਗੀ ਸੰਤੁਲਨ ਗਵਾ ਚੁੱਕੀ ਔਰਤ ਨੂੰ ਪਹੁੰਚਾਇਆ ਗੁਰੂ ਅਮਰਦਾਸ ਅਪਾਹਜ ਆਸ਼ਰਮ



ਲੁਧਿਆਣਾ : ਕੱਲ੍ਹ 9 ਮਾਰਚ 2025 ਨੂੰ ਪਿੰਡ ਬਰਮੀ ਦਾ ਮਲਕੀਤ ਸਿੰਘ ਆਪਣੇ ਮੋਟਰਸਾਇਕਲ 'ਤੇ ਸਰਾਭਾ-ਰਾਇਕੋਟ ਸੜਕ 'ਤੇ ਜਾ ਰਿਹਾ ਸੀ ਕਿ ਉਸਦੀ ਨਜ਼ਰ ਸਾਹਮਣੇ ਮੈਲੇ-ਕੁਚੈਲੇ ਕੱਪੜੀ ਪਾਈ ਨੰਗੇ ਪੈਰੀਂ ਜਾ ਰਹੀ ਔਰਤ 'ਤੇ ਪਈ। ਕਮਲਜੀਤ ਸਿੰਘ ਨੇ ਰੁਕ ਕੇ ਉਸ ਔਰਤ ਨੂੰ ਉਸਦਾ ਨਾਮ ਤੇ ਪਿੰਡ ਆਦਿ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਜੋ ਉਸ ਔਰਤ ਦੀ ਸਹਾਇਤਾ ਕਰਕੇ ਉਸ ਦੇ ਘਰ ਤੱਕ ਛੱਡ ਦੇਵੇ। ਪਰ ਇਸ ਔਰਤ ਨੇ ਕੋਈ ਤਸੱਲੀ ਬਖਸ਼ ਜਵਾਬ ਨਾ ਦਿੱਤਾ, ਸਿਰਫ ਰੱਖੜਾ-ਰੱਖੜਾ ਹੀ ਕਰਦੀ ਰਹੀ। ਜਿਸਤੋਂ ਕਮਲਜੀਤ ਸਿੰਘ ਨੂੰ ਮਹਿਸੂਸ ਹੋਇਆ ਕਿ ਇਸ ਔਰਤ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ ਜਿਸ ਕਰਕੇ ਉਸਨੇ ਇਸ ਲਵਾਰਸ ਔਰਤ ਨੂੰ ਪਿੰਡ ਸਰਾਭਾ ਦੇ ਨਜ਼ਦੀਕ ਬਣੇ ਗੁਰੂ ਅਮਰਦਾਸ ਅਪਾਹਜ ਆਸ਼ਰਮ ਵਿੱਚ ਪਹੁੰਚਾਇਆ।

ਆਸ਼ਰਮ ਦੇ ਸਟਾਫ਼ ਨੇ ਵੀ ਇਸ ਔਰਤ ਤੋਂ ਘਰ-ਬਾਰ ਬਾਰੇ ਵਾਰ-ਵਾਰ ਪੁੱਛ-ਪੜਤਾਲ ਕੀਤੀ, ਪਰ ਇਹ ਔਰਤ ਰੱਖੜਾ-ਰੱਖੜਾ ਹੀ ਕਹਿੰਦੀ ਹੈ ਹੋ ਸਕਦਾ ਹੈ ਕਿ ਇਸਦਾ ਪਿੰਡ ਰੱਖੜਾ ਹੋਵੇ । ਇਸਨੇ ਆਪਣਾ ਨਾਮ ਸਲੋਚਨਾ ਦੇਵੀ ਦੱਸਿਆ ਤੇ ਇਸਦਾ ਕਹਿਣਾ ਹੈ ਕਿ ਮੇਰੇ ਚਾਰ ਭਰਾ ਹਨ ਜੋ ਰੱਖੜਾ ਪਿੰਡ ਵਿੱਚ ਰਹਿੰਦੇ ਹਨ, ਇੱਕ ਮੇਰੀ ਧੀ ਹੈ ਜੋ ਮਨੀ ਮਾਜ਼ਰਾ ਪਿੰਡ ਵਿੱਚ ਵਿਆਹੀ ਹੋਈ ਹੈ। ਇਸਤੋਂ ਇਲਾਵਾ ਕੁੱਝ ਵੀ ਹੋਰ ਦੱਸਣ ਵਿੱਚ ਅਸਮਰੱਥ ਹੈ।

ਆਸ਼ਰਮ ਵਿੱਚ ਪਹੁੰਚਣ ਸਮੇਂ ਇਸਦੀ ਹਾਲਤ ਬਹੁਤ ਹੀ ਖਰਾਬ ਸੀ। ਵਾਲ ਖਿਲਰੇ ਹੋਏ, ਪੈਰੋਂ ਨੰਗੀ, ਮੈਲੇ-ਕੁਚੈਲੇ ਕੱਪੜੇ, ਹੱਥਾਂ-ਪੈਰਾਂ ਦੇ ਵਧੇ ਹੋਏ ਨਹੁੰ ਅਤੇ ਇਸ ਕੋਲੋਂ ਬਹੁਤ ਹੀ ਬਦਬੂ ਮਾਰ ਰਹੀ ਸੀ। ਇਸਨੇ ਮਲ-ਮੂਤਰ ਕੱਪੜਿਆਂ ਵਿੱਚ ਹੀ ਕੀਤਾ ਹੋਇਆ ਸੀ। ਹੱਥ ਵਿੱਚ ਗੰਦਾ ਗਿਲਾਸ ਫੜਿਆ ਹੋਇਆ ਸੀ। ਇਸ ਔਰਤ ਨੂੰ ਆਸ਼ਰਮ ਦੇ ਸਟਾਫ਼ ਵੱਲੋਂ ਇਸ਼ਨਾਨ ਕਰਵਾਇਆ ਗਿਆ, ਸਾਫ-ਸੁਥਰੇ ਕੱਪੜੇ ਅਤੇ ਜਰੂਰਤ ਅਨੁਸਾਰ ਮੈਡੀਕਲ ਸਹਾਇਤਾ ਵੀ ਦਿੱਤੀ ਗਈ। ਹੁਣ ਇਹ ਕੁੱਝ ਕੁ ਠੀਕ ਦਿਖਾਈ ਦੇ ਰਹੀ ਹੈ। ਆਸ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿੱਚ ਇਸਦੀ ਦਿਮਾਗੀ ਹਾਲਤ ਵਿੱਚ ਕੁਝ ਸੁਧਾਰ ਆ ਜਾਵੇਗਾ ਅਤੇ ਇਹ ਆਪਣੇ ਪਰਿਵਾਰ ਅਤੇ ਘਰ-ਬਾਰ ਬਾਰੇ ਦੱਸ ਸਕਗੀ ।

ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ ਪੰਦਰਾਂ (215) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਹਨਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਲਾਵਾਰਸ-ਬੇਘਰ ਮਰੀਜ਼ਾਂ ਦੀ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ।

# ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਉਸ ਦੇ ਸਾਥੀ ਬੈਰੀ ਵਿਲਮੋਰ ਦੀ ਧਰਤੀ 'ਤੇ ਵਾਪਸੀ 'ਚ ਹੁਣ ਹੋਰ ਦੇਰੀ ਹੋਵੇਗੀ

ਵਾਸ਼ਿੰਗਟਨ, (ਰਾਜ ਗੋਗਨਾ): ਨਾਸਾ ਅਤੇ ਸਪੇਸਐਕਸ ਨੇ ਤਕਨੀਕੀ ਖਰਾਬੀ ਤੋਂ ਬਾਅਦ ਹੁਣ ਆਪਣਾ ਮਿਸ਼ਨ ਮੁਲਤਵੀ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਫਾਲਕਨ 9 ਰਾਕੇਟ 'ਚ ਗਰਾਊਂਡ ਸਪੋਰਟ ਕਲੈਂਪ ਆਰਮ 'ਚ ਹਾਈਡ੍ਰੌਲਿਕ ਸਿਸਟਮ ਦੀ ਸਮੱਸਿਆ ਕਾਰਨ ਨਾਸਾ ਦੇ ਕੈਨੇਡੀ ਸਪੇਸ ਸੈਂਟਰ ਤੋਂ ਕਰੂ-10 ਮਿਸ਼ਨ ਦੀ ਲਾਂਚਿੰਗ ਨੂੰ ਰੱਦ ਕਰ ਦਿੱਤਾ ਗਿਆ ਹੈ।ਨਾਸਾ ਦੇ ਇਕ ਬਿਆਨ ਅਨੁਸਾਰ ਪੁਲਾੜ ਯਾਤਰੀ ਐਨੀ ਮੈਕਲੇਨ ਅਤੇ ਨਿਕੋਲ ਆਇਰਸ, ਜਾਪਾਨੀ ਪੁਲਾੜ ਏਜੰਸੀ ਦੇ ਪੁਲਾੜ ਯਾਤਰੀ ਟਾਕੂਆ ਓਨਿਸ਼ੀ ਅਤੇ ਰੋਸਕੋਸਮੌਸ ਪੁਲਾੜ ਯਾਤਰੀ ਕਿਰਿਲ ਪੇਸਕੋਵ ਸਪੇਸਐਕਸ ਦੇ ਡਰੈਗਨ ਕਰੂ ਕੈਪਸੂਲ ਤੋਂ ਬਾਹਰ ਆ ਗਏ ਹਨ । ਅਗਲੀ ਲਾਂਚਿੰਗ 13 ਮਾਰਚ ਨੂੰ ਸ਼ਾਮ 7:26 ਵਜੇ ਤੋਂ ਬਾਅਦ ਹੋਵੇਗੀ। ਨਾਸਾ ਦੇ ਕੈਨੇਡੀ ਲਾਂਚ ਕੰਪਲੈਕਸ 39ਏ ਤੋਂ ਇਸ ਦੀ ਸਮੀਖਿਆ ਕੀਤੀ ਜਾ ਰਹੀ ਹੈ। ਲਾਂਚ ਕਵਰੇਜ 'ਅਸ਼ਅ+ 'ਤੇ ਦੁਪਹਿਰ 3:25 ਵਜੇ (ਸਥਾਨਕ ਸਮੇਂ) ਤੋਂ ਸ਼ੁਰੂ ਹੋਵੇਗੀ। ਡੌਕਿੰਗ 14 ਮਾਰਚ ਨੂੰ ਰਾਤ 11:30 ਵਜੇ (ਸਥਾਨਕ ਸਮੇਂ) 'ਤੇ ਹੋਣ ਦੀ ਉਮੀਦ ਹੈ। ਨਾਸਾ ਨੇ ਕਿਹਾ ਕਿ ਕਰੂ-10 ਮਿਸ਼ਨ, ਰੂਸੀ ਪੁਲਾੜ ਯਾਤਰੀ ਅਲੈਗਜ਼ੈਂਡਰ ਗੋਰਬੁਨੋਵ ਅਤੇ ਪੁਲਾੜ ਯਾਤਰੀ ਨਿਕ ਹੇਗ, ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਨੂੰ ਲੈ ਕੇ, 13 ਮਾਰਚ ਦੇ ਲਾਂਚ ਤੋਂ ਬਾਅਦ, ਸੋਮਵਾਰ, 17 ਮਾਰਚ ਨੂੰ ਸਵੇਰੇ 9:05 ਵਜੇ ਈਟੀ ਤੋਂ ਪਹਿਲਾਂ ਪੁਲਾੜ ਸਟੇਸ਼ਨ ਤੋਂ ਰਵਾਨਾ ਹੋਵੇਗਾ।



NASA ਅਤੇ SpaceX ਨੇ Crew-10 ਮਿਸ਼ਨ ਦੀ ਲਾਂਚਿੰਗ ਤਕਨੀਕੀ ਖਰਾਬੀ ਕਰਕੇ ਮੁਲਤਵੀ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ Falcon 9 ਰਾਕੇਟ ਦੇ ਗਰਾਊਂਡ ਸਪੋਰਟ ਕਲੈਂਪ ਆਰਮ 'ਚ ਹਾਈਡ੍ਰੌਲਿਕ ਸਿਸਟਮ ਦੀ ਸਮੱਸਿਆ ਆਈ, ਜਿਸ ਕਰਕੇ ਕੈਨੇਡੀ ਸਪੇਸ ਸੈਂਟਰ ਤੋਂ ਰਵਾਨਗੀ ਰੱਦ ਕਰ ਦਿੱਤੀ ਗਈ। Crew-10 ਮਿਸ਼ਨ, ਜਿਸ ਵਿੱਚ ਰੂਸੀ ਪੁਲਾੜ ਯਾਤਰੀ ਅਲੈਗਜ਼ੈਂਡਰ ਗੋਰਬੁਨੋਵ, ਨਾਸਾ ਪੁਲਾੜ ਯਾਤਰੀ ਨਿਕ ਹੇਗ, ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਸ਼ਾਮਲ ਹਨ, 13 ਮਾਰਚ ਨੂੰ ਲਾਂਚ ਤੋਂ ਬਾਅਦ 17 ਮਾਰਚ ਨੂੰ ਸਵੇਰੇ 9:05 ਵਜੇ ਪੁਲਾੜ ਸਟੇਸ਼ਨ ਤੋਂ ਵਾਪਸ ਰਵਾਨਾ ਹੋਵੇਗਾ।

NASA ਅਤੇ SpaceX ਲਾਂਚ ਦੀ ਨਵੀਂ ਤਰੀਕ਼ ਲਈ ਤਕਨੀਕੀ ਜਾਂਚ ਜਾਰੀ ਰਖ ਰਹੀਆਂ ਹਨ, ਤਾਂ ਕਿ Crew-10 ਸੁਰੱਖਿਅਤ ਤਰੀਕੇ ਨਾਲ ਆਪਣੀ ਯਾਤਰਾ ਪੂਰੀ ਕਰ ਸਕੇ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012




ਦਲਜੀਤ ਸਿੰਘ ਰਾਏ

AKALI SINGH SIKH SOCIETY
1890 Skeena St, Vancouver, BC, Canada
PHONE (604) 254-2117, FAX: (604) 254-5309
Email: akalisinghsikhsociety@gmail.com
www.akalisinghgurdwara.ca

FREE TAX CLINIC
(New Building) Senior Centre
START: MARCH 1,2025 ONGOING UNTIL, APRIL 30, 2025
WALK-IN CLINIC WILL BE AVAILABLE EVERY SUNDAY FROM 10:00 A.M. TO 2:00 P.M.
WE CAN PREPARE TAX RETURNS FOR: SENIORS, STUDENTS, NEWCOMERS TO CANADA, AND LOW- INCOME INDIVIDUALS AND FAMILIES TAX RETURN DOCUMENTS CAN ALSO BE DROPPED OFF AT THE GURDWARA'S OFFICE ON THE MAIN FLOOR BETWEEN THE HOURS OF 10:00 A.M. AND 1:00 P.M. DAILY
FOR FURTHER INFORMATION, PLEASE CALL (604) 254-2117
ਹੋਰ ਜਾਣਕਾਰੀ ਲਈ ਫੋਨ:
ਪ੍ਰਬੰਧਕ ਕਮੇਟੀ: ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ
ਫੋਨ: (604) 254-2117

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861





# ਖ਼ਾਲਸਾ ਪੰਥ ਦਾ ਹੋਲਾ ਮਹੱਲਾ ਵਿਸ਼ੇਸ਼ ਦਿਹਾੜਾ

**ਡਾਕਟਰ ਜਸਪਾਲ ਸਿੰਘ ਦਿਲੀ**

ਇਤਿਹਾਸਕ ਲਿਖਤਾਂ ਦੱਸਦੀਆਂ ਹਨ ਕਿ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਬਾਅਦ 'ਹੋਲਾ ਮਹੱਲਾ' ਮਨਾਉਣ ਦੀ ਰਵਾਇਤ ਕਾਇਮ ਕੀਤੀ ਸੀ। ਇਹ ਨਿਵੇਕਲੀ ਰੀਤ ਚਲਾਉਣ ਪਿੱਛੇ ਇਕ ਖ਼ਾਸ ਮੰਤਵ ਸੀ। ਬਹੁਤ ਸਪੱਸ਼ਟ ਹੈ ਕਿ ਗੁਰੂ ਸਾਹਿਬ ਖ਼ਾਲਸੇ ਵਿਚ ਬੀਰ ਰਸ ਭਰਨਾ ਚਾਹੁੰਦੇ ਸਨ। ਉਸ ਨੂੰ ਯੁੱਧ ਕਲਾ ਵਿਚ ਨਿਪੁੰਨ ਬਣਾਉਣਾ ਚਾਹੁੰਦੇ ਸਨ। ਅਧੀਨਗੀ ਦੀ ਜ਼ਿੰਦਗੀ ਜਿਊਣ ਵਾਲੇ ਲੋਕਾਂ ਨੂੰ ਹਥਿਆਰਬੰਦ ਸੰਘਰਸ਼ ਲਈ ਤਿਆਰ ਕਰਨਾ ਚਾਹੁੰਦੇ ਸਨ। ਹਕੀਕਤ ਹੈ ਕਿ ਦੇਸ਼ ਤੇ ਸਮਾਜ ਦੇ ਸਵੈ-ਮਾਣ ਨੂੰ ਮੁੜ-ਸਥਾਪਿਤ ਕਰਨ ਲਈ ਸ਼ਸਤਰਾਂ ਨਾਲ ਪੱਕੀ ਸਾਂਝ ਪਾਉਣੀ ਅਤੇ ਯੁੱਧ ਦੇ ਮੈਦਾਨ ਵਿਚ ਨਿਤਰਨਾ ਲਾਜ਼ਮੀ ਹੈ। ਇਹੋ ਇਨਕਲਾਬੀ ਸੁਨੇਹਾ ਦੇਣਾ ਚਾਹੁੰਦੇ ਸਨ-ਗੁਰੂ ਸਾਹਿਬ, ਹੋਲਾ ਮਹੱਲਾ ਦੀ ਨਵੀਂ ਪਿਰਤ ਰਾਹੀਂ।

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਮੁਤਾਬਕ 'ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤੀ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੀ ਕਮਾਨ ਹੇਠ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤੱਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁੱਭ ਸਿੱਖਿਆ ਦਿੰਦੇ ਸਨ। ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾਓ ਬਖ਼ਸ਼ਦੇ ਸਨ। 'ਗੁਰਮਤਿ ਮਾਰਤੰਡ, ਵਿਚ 'ਹੋਲਾ ਮਹੱਲਾ' ਦੀ ਪਰੰਪਰਾ ਬਾਰੇ ਹੋਰ ਤਫ਼ਸੀਲ ਕਰਦਿਆਂ ਭਾਈ ਸਾਹਿਬ ਲਿਖਦੇ ਹਨ-'ਯੁੱਧ ਵਿੱਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਕਲਗੀਧਰ ਸਵਾਮੀ ਦੀ ਚਲਾਈ ਹੋਈ ਰੀਤੀ ਅਨੁਸਾਰ ਚੇਤ ਵਦੀ 1 ਨੂੰ ਸਿੱਖਾਂ ਵਿਚ 'ਹੋਲਾ ਮਹੱਲਾ' ਹੁੰਦਾ ਹੈ, ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ। ਮਹੱਲਾ ਇਕ ਪ੍ਰਕਾਰ ਦੀ ਮਨਸੂਈ ਲੜਾਈ ਹੈ। ਪੈਦਲ ਅਤੇ ਘੋੜ ਸਵਾਰ ਸ਼ਸਤਰਧਾਰੀ ਸਿੰਘ ਦੋ ਪਾਰਟੀਆਂ ਬਣਾ ਕੇ ਇਕ ਖ਼ਾਸ ਹਮਲੇ ਦੀ ਥਾਂ ਉੱਤੇ ਹਮਲਾ ਕਰਦੇ ਹਨ ਅਤੇ ਅਨੇਕ ਪ੍ਰਕਾਰ ਦੇ ਕਰਤੱਬ ਦਿਖਾਉਂਦੇ ਹਨ, ਪਰ ਅਸੀਂ ਸਾਲ ਪਿੱਛੋਂ ਕੇਵਲ ਇਹ ਰਸਮ ਨਾਮਾਤਰ ਕਰ ਛੱਡਦੇ ਹਾਂ, ਲਾਭ ਕੁਝ ਨਹੀਂ ਉਠਾਉਂਦੇ। ਸ਼ਸਤਰ ਵਿੱਦਿਆ ਤੋਂ ਅਨਜਾਣ ਸਿੱਖ, ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਅਧੂਰਾ ਸਿੱਖ ਹੈ। ਪ੍ਰੋ: ਸਾਹਿਬ ਸਿੰਘ ਦਾ ਕਥਨ ਹੈ-'ਹੋਲੇ ਦੇ ਮੌਕੇ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਉਚੇਚੇ ਸਮਾਗਮ ਹੋਣ ਲੱਗ ਪਏ, ਜਿਥੇ ਤੀਰ ਤਲਵਾਰ ਦੇ ਕਰਤੱਬਾਂ ਤੇ ਹੋਰ ਮਰਦਾਵੀਆਂ ਖੇਡਾਂ ਦੇ ਵਧੀਆ ਖਿਡਾਰੀਆਂ ਨੂੰ ਇਨਾਮ ਵੰਡੇ ਜਾਂਦੇ ਸਨ। ਇਸ ਤਰ੍ਹਾਂ ਸਹਿਜ ਸੁਭਾਇ ਸਿੱਖ ਗੱਭਰੂ ਸ਼ਸਤਰ ਵਿੱਦਿਆ ਦੇ ਆਸ਼ਕ ਅਤੇ ਤਲਵਾਰ ਦੇ ਧਨੀ ਬਣਨ ਲੱਗ ਪਏ।

ਅਸਲ ਵਿਚ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਸੁਰਤੀ ਭਾਵ ਚੇਤਨਾ ਵਿਚ ਇਕ ਸੰਕਲਪ ਬੜਾ ਡੂੰਗਾ ਉਤਰਿਆ ਹੋਇਆ ਸੀ। ਇਹ ਸੰਕਲਪ ਸੀ-ਸਦੀਆਂ ਤੋਂ ਸ਼ੋਸ਼ਣ ਤੇ ਵਿਤਕਰਿਆਂ ਦੀ ਸ਼ਿਕਾਰ ਆਮ ਜਨਤਾ, ਜਿਸ ਨੂੰ ਭਾਰਤੀ ਸਮਾਜੀ ਵਿਵਸਥਾ ਨੇ ਪੈਰਾਂ ਥੱਲ੍ਹੇ ਰੌਂਦਿਆ ਸੀ, ਨੂੰ ਸੱਤਾ ਦੇ ਸਿੰਘਾਸਨ 'ਤੇ ਪਹੁੰਚਾਉਣ ਦਾ। ਉਨ੍ਹਾਂ ਦੀ ਪਾਤਸ਼ਾਹੀ ਸਥਾਪਿਤ ਕਰਨ ਦਾ, ਜਿਨ੍ਹਾਂ ਨੇ ਰਾਜਨੀਤਕ ਸੱਤਾ ਵਿਚ ਭਾਗੀਦਾਰੀ ਦਾ ਸੁੱਖ ਤਾਂ ਕੀ ਭੋਗਣਾ ਸੀ, ਕਦੇ ਸਮਾਜ ਵਿਚ ਸਮਾਨਤਾ ਦੇ ਅਹਿਸਾਸ ਦਾ ਸੁੱਖ ਵੀ ਨਹੀਂ ਸੀ ਭੋਗਿਆ। ਤਿਰਸਕਾਰ ਤੇ ਬੇਪਤੀ ਜਿਨ੍ਹਾਂ ਦੇ ਜੀਵਨ ਦਾ ਜ਼ਰੂਰੀ ਹਿੱਸਾ ਬਣ ਗਿਆ ਸੀ। ਆਪਣੇ ਨਾਲ ਹੋ ਰਹੇ ਅਨਿਆਂ ਨੂੰ ਜਿਨ੍ਹਾਂ ਨੇ ਰੱਬੀ ਇੱਛਾ ਕਰਕੇ ਮੰਨ ਲਿਆ ਸੀ। ਕੁਇਰ ਸਿੰਘ ਦੇ 'ਗੁਰ ਬਿਲਾਸ' ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਦ੍ਰਿੜ੍ਹ ਇਰਾਦੇ ਦਾ ਜ਼ਿਕਰ ਮਿਲਦਾ ਹੈ। ਜੇ ਬਾਜ ਚਿੜੀ ਨੂੰ ਮਾਰੇ ਤਾਂ ਇਹ ਕੋਈ ਪ੍ਰਭੁਤਾ ਵਾਲੀ ਗੱਲ ਨਹੀਂ, ਮੇਰਾ ਇਰਾਦਾ ਤਾਂ ਚਿੜੀਆਂ ਪਾਸੋਂ ਬਾਜ ਤੁੜਾਉਣ ਦਾ ਹੈ-

**ਮੈਂ ਅਸਪਾਨਿਜ ਤਬ ਲਖੋ ਕਰੋ ਐਸ ਯੋ ਕਾਮ।**
**ਚਿੜੀਅਨ ਬਾਜ ਤੁਰਾਯ ਹੋ ਸਸੇਂ ਕਰੋਂ ਸਿੰਘ ਸਾਮ॥**
**ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੁ ਨਾਹ।**
**ਤਾਤੇ ਕਾਜ ਕੀਉ ਇਹੈ ਬਾਜ ਹਨੈ ਚਿੜੀਆਹ॥**

ਪਰ ਭਾਰਤੀ ਸਮਾਜ ਦੀ ਬਦਕਿਸਮਤੀ ਇਹ ਸੀ ਕਿ ਉਹ ਜ਼ਿਹਨੀ ਤੌਰ 'ਤੇ ਗ਼ੁਲਾਮ ਹੋ ਚੁੱਕਾ ਸੀ ਅਤੇ ਉਸ ਨੂੰ ਗ਼ੁਲਾਮੀ ਓਪਰੀ ਨਹੀਂ ਸੀ ਜਾਪਦੀ। ਦਰਅਸਲ ਜਿਹੜਾ ਸਮਾਜ ਗ਼ੁਲਾਮੀ ਵਿਚ ਖ਼ੁਸ਼ੀ ਮਨਾ ਰਿਹਾ ਹੋਵੇ, ਇਕ ਦੂਜੇ ਉੱਪਰ ਰੰਗ ਸੁੱਟ ਰਿਹਾ ਹੋਵੇ, ਉਸ ਤੋਂ ਕੀ ਤਵੱਕੋਂ ਕੀਤੀ ਜਾ ਸਕਦੀ ਹੈ, ਜਿਸ ਸਮਾਜ ਵਿਚ ਗ਼ੁਲਾਮ ਹੋਣ ਦਾ ਅਹਿਸਾਸ ਖ਼ਤਮ ਹੋ ਗਿਆ ਹੋਵੇ, ਉਸ ਨੂੰ ਆਜ਼ਾਦੀ ਦੇ ਸੰਘਰਸ਼ ਦੇ ਰਾਹ 'ਤੇ ਕਿੱਦਾਂ ਤੋਰਿਆ ਜਾ ਸਕਦਾ ਹੈ। ਸਚਮੁੱਚ ਕੰਮ ਬਹੁਤ ਔਖਾ ਸੀ। ਇਹ ਤਾਹੀਓਂ ਹੋ ਸਕਦਾ ਸੀ ਜੇ ਨਵੇਂ ਸਿਰਿਓਂ ਇਕ ਲਹਿਰ ਪੈਦਾ ਹੋਵੇ। ਲੋਕੀਂ ਉੱਠ ਖੜ੍ਹੇ ਹੋਣ। ਆਪਣੇ ਫ਼ਰਜ਼ਾਂ ਦੀ ਪਛਾਣ ਕਰਨ। ਸੰਘਰਸ਼ ਲਈ ਤਿਆਰ ਹੋ ਜਾਣ। ਮੌਤ ਦਾ ਭੈਅ ਦਿਲੋਂ ਕੱਢ ਦੇਣ। ਕੁਰਬਾਨੀ ਦੇਣ ਦਾ ਅਹਿਦ ਕਰ ਲੈਣ। ਦਸਮ ਪਿਤਾ ਇਹੋ ਸੰਦੇਸ਼ ਦੇ ਰਹੇ ਸਨ। ਸੁਰਤ ਗੁਆ ਚੁੱਕੇ ਲੋਕਾਂ ਵਿਚ ਨਵੀਂ ਰੂਹ ਫ਼ੂਕ ਰਹੇ ਸਨ। ਉਨ੍ਹਾਂ ਵਿਚ ਸੰਘਰਸ਼ ਦੀ ਰਾਹ 'ਤੇ ਤੁਰਨ ਦਾ ਜਜ਼ਬਾ ਪੈਦਾ ਕਰ ਰਹੇ ਸਨ। 'ਹੋਲਾ ਮਹੱਲਾ' ਦੀ ਰੀਤ ਕਾਇਮ ਕਰ ਕੇ, ਭਾਰਤ ਦੇ ਲੋਕਾਂ ਨੂੰ 'ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ, ਜੂਝ ਮਰੋਂ ਤੋ ਸਾਚ ਪਤੀਜੈਂ' ਦੇ ਮਾਰਗ ਦੇ ਪਾਂਧੀ ਬਣਾ ਰਹੇ ਸਨ।

ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਅਨੰਦਪੁਰ ਸਾਹਿਬ ਵਿਚ ਹੋਲਗੜ੍ਹ ਕਿਲ੍ਹੇ ਵਾਲੀ ਥਾਂ 'ਤੇ ਸੰਨ 1700 ਈਸਵੀ ਵਿਚ ਪਹਿਲੀ ਵਾਰ ਹੋਲਾ ਮਹੱਲਾ ਮਨਾਇਆ ਗਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪਣੇ ਸਿੱਖਾਂ ਨੂੰ ਜੰਗੀ ਕਰਤਬ ਦਿਖਾਉਣ ਦਾ ਹੁਕਮ ਦਿੱਤਾ ਸੀ। ਹੋਲਾ ਮਹੱਲਾ ਮਨਾਉਣ ਲਈ ਸਿੱਖ ਸਿਪਾਹੀ ਆਪਣੇ-ਆਪ ਨੂੰ ਦੋ ਹਿੱਸਿਆਂ ਵਿਚ ਵੰਡ ਲੈਂਦੇ ਸਨ ਅਤੇ ਇਕ ਕਿਸਮ ਦਾ ਬਨਾਵਟੀ ਯੁੱਧ ਰੱਚ ਕੇ ਜੰਗੀ ਕਰਤਬਾਂ ਦਾ ਪ੍ਰਦਰਸ਼ਨ ਕਰਦੇ ਸਨ। ਇਕ ਤਰ੍ਹਾਂ ਨਾਲ ਪੂਰੇ ਜੰਗੀ ਅਭਿਆਸ ਦਾ ਨਜ਼ਾਰਾ ਉੱਭਰ ਆਉਂਦਾ ਸੀ। ਜਿੱਤ ਹਾਸਲ ਕਰਨ ਵਾਲਿਆਂ ਨੂੰ ਇਨਾਮ ਦਿੱਤੇ ਜਾਂਦੇ ਸਨ ਅਤੇ ਇਹ ਨਿਵੇਕਲੇ ਕਿਸਮ ਦਾ ਸਮਾਰੋਹ ਲੋਕਾਂ ਵਿਚ ਇਕ ਨਵੀਂ ਰੂਹ ਫੂਕ ਦਿੰਦਾ ਸੀ। ਨਾਲ ਹੀ ਹੋਲਾ ਮਹੱਲਾ ਦੇ ਮੌਕੇ 'ਤੇ ਸ਼ਸਤਰਾਂ-ਬਸਤਰਾਂ ਅਤੇ ਜੰਗੀ ਸਾਜ਼-ਸਜਾ ਨਾਲ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਜਲੂਸ ਦੀ ਸ਼ਕਲ ਵਿਚ ਇਕ ਗੁਰਦੁਆਰਾ ਸਾਹਿਬ ਤੋਂ ਦੂਜੇ ਗੁਰਦੁਆਰਾ ਸਾਹਿਬ ਤੱਕ ਫ਼ੌਜੀ ਮਾਰਚ ਵੀ ਕੱਢਿਆ ਜਾਂਦਾ ਸੀ ਅਤੇ ਬੜੇ ਉਤਸ਼ਾਹ ਨਾਲ ਲੋਕੀਂ ਇਸ ਕਵਾਇਦ ਵਿਚ ਹਿੱਸਾ ਲੈਂਦੇ ਸਨ। ਇਤਿਹਾਸ ਵਿਚੋਂ ਇਹੋ ਜਿਹੇ ਪ੍ਰਮਾਣ ਮਿਲਦੇ ਹਨ ਕਿ ਗੁਰੂ ਸਾਹਿਬ ਖ਼ੁਦ ਇਨ੍ਹਾਂ ਸਰਗਰਮੀਆਂ ਦੀ ਸਰਪ੍ਰਸਤੀ ਕਰਦੇ ਸਨ ਅਤੇ ਹਿੱਸਾ ਲੈਣ ਵਾਲੇ ਦਲਾਂ ਨੂੰ ਸਨਮਾਨ ਤੇ ਸਿਰੋਪਾਓ ਬਖ਼ਸ਼ਦੇ ਸਨ। 'ਹੋਲਾ ਮਹੱਲਾ' ਦੀ ਰਿਵਾਇਤ ਕਾਇਮ ਕਰਨ ਬਾਰੇ ਕਵੀ ਸੁਮੇਰ ਸਿੰਘ ਨੇ ਗੁਰੂ ਸਾਹਿਬ ਦੇ ਹੁਕਮਾਂ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ :

**ਔਰਨ ਕੀ ਹੋਲੀ, ਮਮ ਹੋਲਾ।**
**ਕਹਿਯੋ ਕ੍ਰਿਪਾਨਿਧ ਬਚਨ ਅਮੋਲਾ।**

ਹੋਲਾ ਮਹੱਲਾ ਦੀ ਇਹ ਸਾਰੀ ਰਿਵਾਇਤ ਹਾਲਾਂ ਵੀ ਉਸੇ ਤਰ੍ਹਾਂ ਕਾਇਮ ਹੈ। ਲੱਖਾਂ ਦੀ ਗਿਣਤੀ ਵਿਚ ਦੇਸ਼-ਵਿਦੇਸ਼ ਤੋਂ ਸੰਗਤ ਅਨੰਦਪੁਰ ਦੀ ਧਰਤੀ 'ਤੇ ਪਹੁੰਚਦੀ ਹੈ। ਬੜੇ ਉਤਸ਼ਾਹ ਤੇ ਉਮਾਹ ਨਾਲ ਦੀਵਾਨ ਸਜਾਏ ਜਾਂਦੇ ਹਨ। ਕਥਾ ਕੀਰਤਨ ਦੇ ਪਰਵਾਹ ਚਲਦੇ ਹਨ। ਬੀਰ ਰਸੀ ਵਾਰਾਂ ਦਾ ਗਾਇਨ ਲੋਕਾਂ ਵਿਚ ਜੋਸ਼ ਭਰ ਦਿੰਦਾ ਹੈ। ਨਿਹੰਗ ਸਿੰਘਾਂ ਦੇ ਦਲਾਂ ਦੇ ਕਰਤਬ ਲੋਕਾਂ ਦਾ ਮਨ ਮੋਹ ਲੈਂਦੇ ਹਨ। ਕਵੀ ਨਿਹਾਲ ਸਿੰਘ ਨੇ ਹੋਲਾ ਮਹੱਲਾ ਦੇ ਦ੍ਰਿਸ਼ ਨੂੰ ਬਾਖ਼ੂਬੀ ਚਿਤਰਤ ਕੀਤਾ ਹੈ। ਉਨ੍ਹਾਂ ਦੀ ਰਚਨਾ ਦੀਆਂ ਕੁਝ ਪੰਕਤੀਆਂ ਇਸ ਤਰ੍ਹਾਂ ਹਨ :

**ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ।**
**ਛਕਾ ਪ੍ਰਸਾਦ ਸਜਾ ਦਸਤਾਰਾ, ਅਰ ਕਰਦੋਨਾ ਟੋਲਾ ਹੈ।**
**ਸੁਭਟ ਸੁਚਾਲਾ ਅਰ ਲਖ ਬਾਹਾ, ਕਲਗਾ ਸਿੰਘ ਸੁਚੋਲਾ ਹੈ।**
**ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।**

ਆਖ਼ਰ ਵਿਚ, ਸਮੁੱਚੇ ਇਤਿਹਾਸਕ ਪਰਿਪੇਖ ਵਿਚ ਇਹ ਕਿਹਾ ਜਾ ਸਕਦਾ ਹੈ ਕਿ 'ਹੋਲਾ ਮਹੱਲਾ' ਦੀ ਇਸ ਇਨਕਲਾਬੀ ਰਿਵਾਇਤ ਦਾ ਇਕ ਆਪਣਾ ਨਿਵੇਕਲਾ ਮੁਕਾਮ ਹੈ। ਕੋਈ ਅਤਿਕਥਨੀ ਨਹੀਂ ਹੋਵੇਗੀ ਜੇ ਕਿਹਾ ਜਾਵੇ ਕਿ ਖ਼ਲਾਸਾ ਪੰਥ ਦੀ ਸਿਰਜਣਾ ਤੋਂ ਬਾਅਦ ਉਜਾਗਰ ਹੋਈ ਇਸ ਵੱਡੀ ਪਿਰਤ ਨੇ ਲੋਕਾਂ ਵਿਚ ਨਵਾਂ ਜਜ਼ਬਾ ਭਰ ਦਿੱਤਾ ਸੀ ਅਤੇ ਇਤਿਹਾਸ ਨੂੰ ਇਕ ਨਵੀਂ ਨੁਹਾਰ ਦੇਣ ਵਿਚ ਉਚੇਚੀ ਭੂਮਿਕਾ ਨਿਭਾਈ ਸੀ।

---

# ਖ਼ਾਲਸਾਈ ਜਾਹੋ ਜਲਾਲ ਦਾ ਪ੍ਰਤੀਕ 'ਹੋਲਾ-ਮਹੱਲਾ'

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੀ ਸਿੱਖ ਕੌਮ ਹਮੇਸ਼ਾਂ ਜ਼ੁਲਮਾਂ ਦੇ ਖ਼ਿਲਾਫ਼ ਡਟਦੀ ਆਈ ਹੈ। ਗੁਰੂ ਸਾਹਿਬ ਵੱਲੋਂ ਸਾਜੇ ਗਏ ਅਨੋਖੇ ਖ਼ਾਲਸਾ ਪੰਥ ਦੇ ਤਿਓਹਾਰ ਵੀ ਸਿੱਖਾਂ ਦੀ ਬਹਾਦਰੀ ਨੂੰ ਦਰਸਾਉਂਦੇ ਹਨ। ਹੋਲਾ ਮਹੱਲਾ ਵੀ ਸਿੱਖ ਕੌਮ ਦੇ ਖ਼ਾਲਸਾਈ ਜਾਹੋ ਜਲਾਲ ਅਤੇ ਖਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਕੌਮੀ ਤਿਓਹਾਰ ਹੈ, ਜੋ ਖ਼ਾਲਸਾ ਪੰਥ ਦੇ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ) ਵਿਖੇ ਧਾਰਮਿਕ ਪ੍ਰੰਪਰਾਵਾਂ ਨਾਲ ਮਨਾਇਆ ਜਾਂਦਾ ਹੈ। ਹੋਲੀ ਤੋਂ ਪਹਿਲਾਂ ਸ਼ੁਰੂ ਹੋ ਕੇ ਹੋਲੀ ਤੋਂ ਅਗਲੇ ਦਿਨ ਤੱਕ ਹੋਲਾ ਮਹੱਲਾ ਮੁੱਖ ਰੂਪ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦਾ ਆਰੰਭ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1700 ਵਿਚ ਕੀਤਾ। ਭਾਈ ਵੀਰ ਸਿੰਘ ਅਤੇ ਭਾਈ ਕਾਹਨ ਸਿੰਘ ਨਾਭਾ ਵਰਗੇ ਵਿਦਵਾਨਾਂ ਨੇ ਹੋਲਾ ਮਹੱਲਾ ਦੇ ਅੱਖਰੀ ਅਰਥ ਕਰਦਿਆਂ ਲਿਖਿਆ ਹੈ ਕਿ ਹੋਲਾ ਦਾ ਮਤਲਬ ਹੈ 'ਹੱਲਾ' ਅਤੇ ਮਹੱਲਾ ਦਾ ਮਤਲਬ 'ਮਹਾਂ ਹੱਲਾ'।

ਹੋਲੇ-ਮਹੱਲੇ 'ਤੇ ਸਮੁੱਚਾ ਇਲਾਕਾ ਖ਼ਾਲਸਾਈ ਰੰਗ ਵਿਚ ਰੰਗਿਆ ਹੋਇਆ ਨਜ਼ਰ ਆਉਂਦਾ ਹੈ। ਇਸ ਕੌਮੀ ਜੋੜ ਮੇਲੇ ਦਾ ਮੁੱਢ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸੰਮਤ 1757 ਚੇਤ ਦੀ ਪਹਿਲੀ ਤਰੀਕ ਨੂੰ ਬੰਨ੍ਹਿਆ ਸੀ। ਇਤਿਹਾਸਕਾਰਾਂ ਅਤੇ ਵਿਦਵਾਨਾਂ ਅਨੁਸਾਰ ਹੋਲੇ ਮਹੱਲੇ ਦਾ ਮਨੋਰਥ ਸਿੱਖਾਂ ਨੂੰ ਅਨਿਆਂ, ਜ਼ੁਲਮ 'ਤੇ ਸੱਚ ਅਤੇ ਨਿਆਂ ਦੀ ਜਿੱਤ ਦਾ ਸੰਕਲਪ ਦ੍ਰਿੜ੍ਹ ਕਰਵਾਉਣਾ ਸੀ।

1701 ਈ: 'ਚ ਆਰੰਭ ਹੋਈ ਹੋਲੇ ਮਹੱਲੇ ਦੀ ਪ੍ਰੰਪਰਾ

ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਮੁਰਦਾ ਹੋ ਚੁੱਕੀ ਭਾਰਤੀ ਖਲਕਤ ਨੂੰ ਉਸ ਵੇਲੇ ਦੇ ਜਾਬਰ ਤੇ ਜ਼ਾਲਮ ਹਾਕਮਾਂ ਖ਼ਿਲਾਫ਼ ਸੰਘਰਸ਼ ਕਰਨ ਤੇ ਕੌਮ 'ਚ ਜੋਸ਼ ਪੈਦਾ ਕਰਨ ਲਈ ਪੁਰਾਤਨ ਹੋਲੀ ਦੇ ਤਿਉਹਾਰ ਨੂੰ ਨਵਾਂ ਰੂਪ ਦੇ ਕੇ 1701 ਈ: 'ਚ ਹੋਲੇ ਮਹੱਲੇ ਦੀ ਪ੍ਰੰਪਰਾ ਆਰੰਭ ਕੀਤੀ ਗਈ ਸੀ। ਉਨ੍ਹਾਂ ਵੱਲੋਂ ਖ਼ਾਲਸਾਈ ਫ਼ੌਜਾਂ ਦੇ ਦੋ ਮਨਸੂਈ ਦਲਾਂ 'ਚ ਸਾਸ਼ਤਰ ਵਿਦਿਆ ਦੇ ਜੰਗੀ ਮੁਕਾਬਲੇ ਕਰਵਾਏ ਜਾਂਦੇ ਸਨ ਤੇ ਚੰਗਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਿਰੋਪਾਓ ਦੀ ਬਖ਼ਸ਼ਿਸ਼ ਕੀਤੀ ਜਾਂਦੀ ਸੀ।

ਅੱਜ ਵੀ ਉਸੇ ਰਵਾਇਤ ਅਨੁਸਾਰ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਭਾਰਤ ਵਾਸੀਆਂ ਨੇ ਪ੍ਰਾਚੀਨ ਕਾਲ ਤੋਂ ਹਰੇਕ ਰੁੱਤ ਦੇ ਬਦਲਣ 'ਤੇ ਆਪਣੇ ਦਿਲੀ ਭਾਵਾਂ ਦਾ ਪ੍ਰਗਟਾਵਾ ਕਰਨ ਲਈ ਤਿਉਹਾਰ ਤੈਅ ਕੀਤੇ ਹੋਏ ਹਨ। ਗੁਰੂ ਸਾਹਿਬਾਨ ਇਨ੍ਹਾਂ ਪ੍ਰੰਪਰਾਗਤ ਤਿਉਹਾਰਾਂ ਵਿਚ ਨਰੋਆ ਅਤੇ ਰਹੱਸਮਈ ਪਰਿਵਰਤਨ ਲਿਆਉਣਾ ਚਾਹੁੰਦੇ ਸਨ। ਇਸ ਲਈ ਦਸਮ ਪਿਤਾ ਨੇ ਜਿਹੜਾ ਗੁਰਮਤਿ ਸੱਭਿਆਚਾਰ ਸਿਰਜਿਆ ਉਸ ਵਿਚ ਪ੍ਰਚਲਿਤ ਭਾਰਤੀ ਤਿਉਹਾਰਾਂ ਨੂੰ ਪਰਮਾਰਥ ਦੇ ਅਰਥਾਂ ਵਿਚ ਬਦਲ ਕੇ ਰੂਪਮਾਨ ਕੀਤਾ ਤਾਂ ਕਿ ਇਨ੍ਹਾਂ ਤੋਂ ਸਮਾਜ ਨੂੰ ਕੋਈ ਉਸਾਰੂ ਸੇਧ ਪ੍ਰਦਾਨ ਕੀਤੀ ਜਾ ਸਕੇ। ਖ਼ਾਲਸੇ ਵਲੋਂ ਹੋਲਾ ਤਲਵਾਰਾਂ, ਬਰਛਿਆਂ ਅਤੇ ਨੇਜ਼ਿਆਂ ਨਾਲ ਖੇਡਿਆ ਜਾਂਦਾ ਹੈ।

**ਨਗਾਰਿਆਂ ਦੀ ਗੂੰਜ ਵਿਚ ਸਜਾਇਆ ਜਾਂਦਾ ਹੈ ਨਗਰ ਕੀਰਤਨ**

ਇਸ ਦਿਨ ਨਗਾਰਿਆਂ ਦੀ ਗੂੰਜ ਵਿਚ, ਸਜ-ਧਜ ਕੇ ਇਕ ਗੁਰਧਾਮ ਤੋਂ ਦੂਜੇ ਗੁਰਧਾਮ ਤੱਕ ਇੱਕ ਵੱਡਾ ਨਗਰ ਕੀਰਤਨ ਸਜਾਇਆ ਜਾਂਦਾ ਹੈ, ਜਿਸ ਨੂੰ 'ਮਹੱਲਾ' ਕਿਹਾ ਜਾਂਦਾ ਹੈ। ਇਸ ਮਹੱਲੇ ਵਿਚ ਨਿਹੰਗ ਸਿੰਘ ਅਤੇ ਹੋਰ ਸਿੱਖ ਸੰਗਤ ਵੱਡੀ ਪੱਧਰ 'ਤੇ ਸ਼ਾਮਲ ਹੁੰਦੀ ਹੈ, ਜਿੱਥੇ ਸ਼ਸਤਰਾਂ ਦੇ ਕਰਤੱਬ ਦਿਖਾਏ ਜਾਂਦੇ ਹਨ। ਹੋਲੇ ਮਹੱਲੇ ਦੇ ਸ਼ਬਦੀ ਅਰਥਾਂ ਨੂੰ ਲੈ ਕੇ ਵਿਦਵਾਨਾਂ ਦਾ ਕਹਿਣਾ ਹੈ ਕਿ 'ਹੋਲਾ' ਅਰਬੀ ਭਾਸ਼ਾ ਦੇ ਸ਼ਬਦ ਹੂਲ ਤੋਂ ਬਣਿਆ ਹੈ, ਜਿਸਦੇ ਅਰਥ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ ਕੀਤੇ ਗਏ ਹਨ। ਮਹੱਲਾ ਸ਼ਬਦ ਦੇ ਅਰਥ ਹਨ ਉਹ ਅਸਥਾਨ, ਜਿੱਥੇ ਫ਼ਤਹਿ ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਭਾਈ ਕਾਨ੍ਹ ਸਿੰਘ ਅਨੁਸਾਰ-ਹੋਲੇ ਦੇ ਅਰਥ ਹਮਲਾ ਜਾ ਹੱਲਾ ਕਰਨਾ ਹੈ।

ਸ੍ਰੀ ਆਨੰਦਪੁਰ ਸਾਹਿਬ ਤੋਂ ਇਲਾਵਾ ਇਕ ਹੋਰ ਸਿੱਖ ਧਾਰਮਿਕ ਅਸਥਾਨ 'ਤੇ ਵੀ ਹੋਲੇ ਮਹੱਲੇ ਦਾ ਤਿਓਹਾਰ ਸਿੱਖ ਕੌਮ ਵੱਲੋਂ ਖ਼ਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾਂਦਾ ਹੈ। ਮਹਾਰਾਸ਼ਟਰ ਵਿਚ ਸਥਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਵੀ ਹੋਲੇ ਮਹੱਲੇ ਵਾਲੇ ਦਿਨ ਵੱਡਾ ਜਲੂਸ ਕੱਢਿਆ ਜਾਂਦਾ ਹੈ, ਜਿਸ ਦੇ ਅੱਗੇ ਇੱਕ ਸ਼ਿੰਗਾਰਿਆ ਹੋਇਆ ਨੀਲਾ ਘੋੜਾ ਚੱਲਦਾ ਹੈ ਅਤੇ ਪਿੱਛੇ-ਪਿੱਛੇ ਵਾਹਿਗੁਰੂ ਦਾ ਜਾਪ ਕਰਦੀਆਂ ਸੰਗਤਾਂ।


ਫਿਰ ਕੁਝ ਸੂਰਮੇ ਹਵਾ ਵਿਚ ਫਾਇਰ ਕਰਦੇ ਹਨ, ਜਿਵੇਂ ਕਿਸੇ ਦੁਸ਼ਮਣ ਉੱਪਰ ਹਮਲਾ ਕੀਤਾ ਗਿਆ ਹੋਵੇ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਤੇ ਉਸ ਪਿੱਛੇ ਸੰਗਤਾਂ ਦੌੜਦੀਆਂ ਹਨ। ਇਸ ਨੂੰ 'ਮਹੱਲਾ' ਕਿਹਾ ਜਾਂਦਾ ਹੈ। ਹੋਲੇ ਮਹੱਲੇ ਦਾ ਜਲੂਸ ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਕਿਧਰੇ ਨਹੀਂ ਨਿਕਲਦਾ। ਮੌਜੂਦਾ ਸਮੇਂ ਹੋਲਾ ਮਹੱਲਾ 29 ਮਾਰਚ ਤੋਂ 31 ਮਾਰਚ ਤਕ ਮਨਾਇਆ ਜਾ ਰਿਹੈ, ਜਿਸ ਨੂੰ ਲੈ ਕੇ ਤਿਆਰੀਆਂ ਪੂਰੀਆਂ ਮੁਕੰਮਲ ਹੋ ਚੁੱਕੀਆਂ ਹਨ। ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਆਨੰਦਪੁਰ ਸਾਹਿਬ ਨੂੰ ਜਾਣੀਆਂ ਸ਼ੁਰੂ ਹੋ ਗਈਆਂ ਹਨ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਸੋਹਣ ਸਿੰਘ ਸ਼ੀਤਲ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਲੜੀਵਾਰ ਕਿਸ਼ਤ 47



3. ਰਾਜ ਪਰਬੰਧ ਚਲਾਉਣ ਵੇਲੇ ਲੋਕਾਂ ਦੇ ਧਰਮ, ਕੌਮੀ ਰਸਮੋ ਰਿਵਾਜ ਤੇ ਹਰ ਇਕ ਕੌਮ ਦੇ ਹਰ ਤਰ੍ਹਾਂ ਦੇ ਹੱਕਾਂ ਦਾ ਖ਼ਾਸ ਖ਼ਿਆਲ ਰਖਿਆ ਜਾਵੇਗਾ।
4. ਰਾਜ ਪਰਬੰਧ ਵਿਚ ਕੋਈ ਖ਼ਾਸ ਤਬਦੀਲੀ ਨਹੀਂ ਕੀਤੀ ਜਾਵੇਗੀ, ਬਿਨਾਂ ਉਸਦੇ, ਜੇ ਲੋੜ ਪਈ 'ਤੇ ਉੱਪਰ ਲਿਖੇ ਕਾਰਜ ਨੂੰ ਚਲਾਉਣ ਬਦਲੇ ਕੀਤਾ ਜਾਵੇ, ਜੋ ਪਰਬੰਧ ਲਾਹੌਰ ਦਰਬਾਰ ਦਾ ਮਾਮਲਾ ਕੱਠਾ ਕਰਨ ਬਦਲੇ ਕੀਤਾ ਜਾਊ। ਇਹਨਾਂ ਸਾਰੇ ਕੰਮਾਂ ਉੱਤੇ ਓਹੋ ਦੋਸ਼ੀ ਅਫ਼ਸਰ ਰਹਿਣਗੇ, ਜੋ
ਹੁਣ ਕੰਮ ਕਰਦੇ ਹਨ, ਜਾਂ ਜਿਹੜੇ ਰਾਜ ਸਭਾ (ਰੀਜੈਂਸੀ ਕੌਂਸਲ) ਥਾਪੇਗੀ। ਇਸ ਕੌਂਸਲ ਦੇ ਮੈਂਬਰ ਵੱਡੇ ਵੱਡੇ ਸਰਦਾਰ ਹੋਣਗੇ, ਜੋ ਹਰ ਤਰ੍ਹਾਂ ਅੰਗਰੇਜ਼ੀ ਰੈਜ਼ੀਡੈਂਟ ਦੇ ਮਾਤਹਿਤ ਹੋਣਗੇ।
5. ਹੇਠ ਲਿਖੇ ਸਰਦਾਰ ਕੌਂਸਲ ਦੇ ਮੈਂਬਰ ਹੋਣਗੇ : ਸ: ਤੇਜ ਸਿੰਘ, ਰਾ ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ ਦੀਨ, ਸ: ਰਣਜੌਰ ਸਿੰਘ ਮਜੀਠਾ, ਭਾਈ ਨਿਧਾਨ ਸਿੰਘ, ਸ: ਅਤਰ ਸਿੰਘ ਕਾਲਿਆਂ ਵਾਲਾ ਤੇ ਸ: ਸ਼ਮਸ਼ੇਰ ਸਿੰਘ ਸੰਧਾਵਾਲੀਆ। ਗਵਰਨਰ-ਜੈਨਰਲ ਦੇ ਬਣਾਏ ਹੋਏ ਰੈਜ਼ੀਡੈਂਟ ਦੀ ਮਰਜ਼ੀ ਤੋਂ ਬਿਨਾਂ ਉਹਨਾਂ ਥਾਪੇ ਹੋਏ (ਨਾਮਜ਼ਦ) ਮੈਂਬਰਾਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ।
6. ਅੰਗਰੇਜ਼ੀ ਰੈਜ਼ੀਡੈਂਟ ਦੀ ਸਲਾਹ ਤੇ ਮਰਜ਼ੀ ਅਨੁਸਾਰ ਇਹ ਕੌਂਸਲ ਮੁਲਕ ਦਾ ਰਾਜ-ਪਰਬੰਧ ਕਰੇਗੀ ਤੇ ਅੰਗਰੇਜ਼ੀ ਰੈਜ਼ੀਡੈਂਟ ਨੂੰ ਹਰ ਮਹਿਕਮੇ ਵਿਚ ਹਰ ਤਰ੍ਹਾਂ ਦੇ ਪੂਰੇ ਅਖ਼ਤਿਆਰ ਹੋਣਗੇ।
7. ਇਕ ਅੰਗਰੇਜ਼ੀ ਫ਼ੌਜ-ਜਿੰਨੀ ਗਿਣਤੀ ਵਿਚ ਤੇ ਜਿਸ ਹਾਲ ਵਿਚ ਗਵਰਨਰ-ਜਨਰਲ ਠੀਕ ਸਮਝੇ-ਲਾਹੌਰ ਰਹੇਗੀ, ਜੋ ਮਹਾਰਾਜੇ ਤੇ ਉਸਦੇ ਮੁਲਕ ਦੀ ਰੱਖਿਆ ਕਰੇਗੀ।
8. ਗਵਰਨਰ-ਜੈਨਰਲ ਨੂੰ ਪੂਰਾ ਅਖ਼ਤਿਆਰ ਹੋਵੇਗਾ, ਕਿ ਲਾਹੌਰ ਰਾਜ ਦੇ ਜਿਸ ਕਿਲ੍ਹੇ 'ਚ ਚਾਹਵੇ, ਕਬਜ਼ਾ ਕਰ ਲਵੇ, ਜਿਸ ਉੱਤੇ ਕਬਜ਼ਾ ਕਰਨਾ ਅੰਗਰੇਜ਼ੀ ਸਰਕਾਰ ਲਾਹੌਰ ਸ਼ਹਿਰ ਤੇ ਏਸ ਮੁਲਕ ਵਿਚ ਅਮਨ ਕਾਇਮ ਰਖਣ ਬਦਲੇ ਜ਼ਰੂਰੀ ਸਮਝੇ।
9. ਲਾਹੌਰ ਦਰਬਾਰ ਅੰਗਰੇਜ਼ੀ ਸਰਕਾਰ ਨੂੰ 22 ਲੱਖ ਰੁਪੈ-ਨਾਨਕ ਸ਼ਾਹੀ-ਸਾਲਾਨਾ ਦੇਵੇਗਾ, ਤਾਂ ਜੋ ਅੰਗਰੇਜ਼ੀ ਫ਼ੌਜ ਆਦਿ ਦਾ ਖ਼ਰਚ ਪੂਰਾ ਹੋ ਸਕੇ। ਇਹ ਰਕਮ ਸਾਲ ਵਿਚ ਦੋ ਵਾਰ ਕਰਕੇ 13 ਲੱਖ 20 ਹਜ਼ਾਰ ਮਈ ਜਾਂ ਜੂਨ ਵਿਚ ਤੇ 8 ਲੱਖ 80 ਹਜ਼ਾਰ ਨਵੰਬਰ ਜਾਂ ਦਸੰਬਰ ਵਿਚ ਦੇਣੀ ਪਵੇਗੀ।
10. ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ ਨੂੰ ਉਸਦੇ ਤੇ ਉਹਦੇ ਨੌਕਰਾਂ ਦੇ ਗੁਜ਼ਾਰੇ ਵਾਸਤੇ ਡੇਢ ਲੱਖ ਰੁਪਇਆ ਸਾਲਾਨਾ ਦਿੱਤਾ ਜਾਇਆ ਕਰੇਗਾ। ਇਸ ਰੁਪੈ ਨੂੰ ਖ਼ਰਚਣ ਦਾ ਮਹਾਰਾਣੀ ਨੂੰ ਪੂਰਾ ਅਖ਼ਤਿਆਰ ਹੋਵੇਗਾ।
11. ਇਸ ਅਹਿਦਨਾਮੇ ਦੀਆਂ ਸ਼ਰਤਾਂ ਮਹਾਰਾਜੇ ਦੀ ਬਾਲ ਅਵਸਥਾ (ਨਾਬਾਲਗ਼ੀ) ਵਿਚ ਹੀ ਲਾਗੂ ਹੋਣਗੀਆਂ। 4 ਸਤੰਬਰ, 1854 ਈ। ਨੂੰ ਜਦ ਮਹਾਰਾਜਾ 16 ਸਾਲ ਦਾ ਹੋ ਜਾਵੇਗਾ, ਇਹ ਅਹਿਦਨਾਮਾ ਮੁਕ ਜਾਵੇਗਾਫ਼ ਮਗਰ ਗਵਰਨਰ-ਜੈਨਰਲ ਨੂੰ ਮਹਾਰਾਜੇ ਦੇ ਜੁਆਨ (16 ਸਾਲ ਦਾ) ਹੋਣ ਤੋਂ ਪਹਿਲਾਂ ਵੀ ਅਹਿਦਨਾਮਾ ਖ਼ਤਮ ਕਰ ਦੇਣ ਦੀ ਆਗਿਆ ਹੋਵੇਗੀ, ਪਰ ਅਜਿਹਾ ਓਦੋਂ ਹੀ ਕੀਤਾ ਜਾਵੇਗਾ, ਜਦੋਂ ਲਾਹੌਰ ਦਰਬਾਰ ਤੇ ਗਵਰਨਰ-ਜੈਨਰਲ ਨੂੰ ਪੂਰੀ ਤਸੱਲੀ ਹੋ ਜਾਵੇਗੀ, ਕਿ ਹੁਣ ਅੰਗਰੇਜ਼ੀ ਸਰਕਾਰ ਦੇ ਦਖ਼ਲ ਤੋਂ ਬਿਨਾਂ ਮਹਾਰਾਜਾ ਦਲੀਪ ਸਿੰਘ ਦਾ ਰਾਜ ਪਰਬੰਧ ਚਲ ਸਕਦਾ ਹੈ।

ਇਹ ਅਹਿਦਨਾਮਾ-ਜਿਸ ਵਿਚ 11 ਸ਼ਰਤਾਂ ਹਨ-16 ਦਸੰਬਰ, 1846 ਈ, ਨੂੰ ਲਾਹੌਰ ਵਿਚ, ਸਰਦਾਰਾਂ, ਅਮੀਰਾਂ ਤੇ ਅਫ਼ਸਰਾਂ-ਜਿਨ੍ਹਾਂ ਦੇ ਨਾਮ ਉਪਰ ਲਿਖੇ ਹਨ-ਨੇ ਲਿਖਿਆ ਤੇ ਪਰਵਾਨ ਕੀਤਾ।"

## ਭਰੋਵਾਲ ਦੀ ਸੁਲ੍ਹਾ ਪਿੱਛੋਂ

ਏਸ ਸੁਲ੍ਹਾ ਦੀਆਂ ਸ਼ਰਤਾਂ ਅਨੁਸਾਰ ਮਹਾਰਾਣੀ ਜਿੰਦ ਕੌਰ ਨੂੰ ਡੇਢ ਲੱਖ ਸਾਲਾਨਾ ਪੈਨਸ਼ਨ ਦੇ ਕੇ ਰਾਜ ਦੇ ਕੰਮਾਂ ਤੋਂ ਵੱਖ ਕਰ ਦਿੱਤਾ ਗਿਆ ਤੇ ਰਾਜ-ਪਰਬੰਧ ਨਵੀਂ ਕੌਂਸਲ (ਜੋ ਅੰਗਰੇਜ਼ੀ ਰੈਜ਼ੀਡੈਂਟ ਦੇ ਪੂਰੀ ਤਰ੍ਹਾਂ ਅਧੀਨ ਸੀ) ਦੇ ਹੱਥ ਵਿਚ ਦਿੱਤਾ ਗਿਆ। ਪੰਜਾਬ ਦਾ ਪਹਿਲਾ ਰੈਜ਼ੀਡੈਂਟ ਹੈਨਰੀ ਲਾਰੰਸ ਬਣਿਆਂ ਤੇ ਕੌਂਸਲ ਦੇ ਮੈਂਬਰ ਸਰਦਾਰ ਤੇਜ ਸਿੰਘ, ਰਾ : ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫ਼ਕੀਰ ਨੂਰੁੱਦੀਨ, ਸ. ਰਣਜੋਰ ਸਿੰਘ ਮਜੀਠਾ, ਭਾਈ ਨਿਧਾਨ ਸਿੰਘ, ਸ. ਅਤਰ ਸਿੰਘ ਕਾਲਿਆਂ ਵਾਲਾ ਤੇ ਸ. ਸ਼ਮਸ਼ੇਰ ਸਿੰਘ ਸੰਧਾਵਾਲੀਆ ਥਾਪੇ ਗਏ।

## ਹੈਨਰੀ ਲਾਰੰਸ

ਜਿਸ ਆਸ਼ੇ ਨੂੰ ਮੁੱਖ ਰੱਖ ਕੇ ਇਹ ਸੁਲ੍ਹਾ ਹੋਈ ਸੀ, ਉਸ ਨੂੰ ਪੂਰਾ ਕਰਨ ਬਦਲੇ ਅੰਗਰੇਜ਼ ਕਰਮਚਾਰੀਆਂ ਨੇ ਉੱਦਮ ਸ਼ੁਰੂ ਕਰ ਦਿੱਤਾ। ਹੈਨਰੀ ਲਾਰੰਸ ਨੂੰ ਮਹਾਰਾਣੀ ਦੇ ਹਰ ਕੰਮ ਉੱਤੇ ਸ਼ੱਕ ਹੋਣ ਲੱਗਾ। ਇਹ ਉਸਦਾ ਦਿਲੀ ਵਹਿਮ ਸੀ, ਜਾਂ ਗਿਣੀ ਮਿਥੀ ਗੇਂਦ? ਇਹ ਇਤਿਹਾਸ

ਪੜ੍ਹਨ ਵਾਲੇ ਜਾਣਦੇ ਹਨ। ਉਹਨੇ ਮਹਾਰਾਣੀ ਨੂੰ ਬੜੀ ਹਾਕਮਾਨਾ ਬੋਲੀ ਵਿਚ ਚਿੱਠੀ ਲਿਖੀ ਤੇ ਉਹਦੇ ਨਿੱਤ ਵਿਹਾਰ 'ਤੇ ਕਰੜੀ ਨੁਕਤਾਚੀਨੀ ਕੀਤੀ, ਜਿਸਦਾ ਉਤਰ ਮਹਾਰਾਣੀ ਨੇ ਬੜੀ ਯੋਗਤਾ ਨਾਲ ਦਿੱਤਾ, ਜਿਸਨੂੰ ਪੜ੍ਹ ਕੇ ਅੰਗਰੇਜ਼ ਕਰਮਚਾਰੀ ਬੜੇ ਨਾਰਾਜ਼ ਹੋਏ ਤੇ ਦੂਰੇਡੀਆਂ ਮਿਥੀਆਂ ਹੋਈਆਂ

-ਚਲਦਾ

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ
SINCE 1997
SANJHA PUNJAB
ਸਾਂਝਾ ਪੰਜਾਬ ਸਵੀਟਸ
ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।
100% Vegitarian
Special Rates for Gurdwara & Mandir

CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

Keep Smiling Denture Clinic
Keep Smiling Denture Clinic
Complete Denture · Implant Denture · Partial Denture
Care Home Mobile S... ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
6834 King George Blvd Surrey BC | 2644 Cyril St Abbotsford BC

# ਕਿੰਨਾ ਬਦਲ ਗਿਆ ਯੂਰੋਪ

ਲਿਖਤ : ਰਾਮਚੰਦਰ ਗੁਹਾ
ramachandraguha@yahoo.in



"ਪਿਛਲੇ ਕੁਝ ਹਫ਼ਤਿਆਂ ਦੀਆਂ ਘਟਨਾਵਾਂ ਦੱਸਦੀਆਂ ਹਨ ਕਿ ਗ੍ਰਾਂਟਾ ਸੰਵਾਦ 'ਚ ਸ਼ਾਮਲ ਲੇਖਕਾਂ 'ਚੋਂ ਇੱਕ ਜੌਰਜ ਸਟੀਨਰ ਨੂੰ ਪਹਿਲਾਂ ਹੀ ਦਿਸਦਾ ਸੀ ਕਿ ਅਮਰੀਕਾ ਸਮੇਂ ਦੇ ਨਾਲ ਯੂਰੋਪ ਪ੍ਰਤੀ ਅਵੇਸਲਾ ਹੋ ਜਾਵੇਗਾ। ਭਾਵੇਂ ਵਲਾਦੀਮੀਰ ਪੂਤਿਨ ਪ੍ਰਤੀ ਡੋਨਲਡ ਟਰੰਪ ਦੇ ਸਨੇਹ ਤੋਂ ਸਾਰੇ ਪਹਿਲਾਂ ਹੀ ਜਾਣੂ ਹਨ, ਪਰ ਬਹੁਤਿਆਂ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਰਾਸ਼ਟਰਪਤੀ ਵਜੋਂ ਦੂਜਾ ਕਾਰਜਕਾਲ ਸ਼ੁਰੂ ਕਰਨ ਤੋਂ ਬਾਅਦ ਏਨੀ ਛੇਤੀ ਉਹ ਯੂਕਰੇਨ ਦੁਆਲੇ ਹੋ ਜਾਵੇਗਾ। ਬਹਾਦਰੀ ਵਾਲਾ ਪੈਂਤੜਾ ਅਖ਼ਤਿਆਰ ਕਰਨ ਦੇ ਬਾਵਜੂਦ ਯੂਰੋਪੀ ਸਿਆਸਤਦਾਨ ਜਾਣਦੇ ਹਨ ਕਿ ਉਨ੍ਹਾਂ ਕੋਲ ਯੂਕਰੇਨ ਨੂੰ ਰੂਸੀ ਹੱਲੇ ਤੋਂ ਬਚਾਉਣ ਦੀ ਫ਼ੌਜੀ ਸਮਰੱਥਾ ਨਹੀਂ ਹੈ। ਫਿਰ ਵੀ ਉਨ੍ਹਾਂ ਨੂੰ ਆਸ ਹੈ ਕਿ ਯੂਕਰੇਨ ਨੂੰ ਫ਼ੌਜੀ ਮਦਦ ਅਚਾਨਕ ਬੰਦ ਕਰਨ ਦੇ ਇਰਾਦੇ 'ਤੇ ਟਰੰਪ ਵਿਚਾਰ ਕਰੇਗਾ, ਸ਼ਾਇਦ ਅਮਰੀਕੀ ਕੰਪਨੀਆਂ ਨੂੰ ਉਸ ਮੁਲਕ ਦੇ ਅਨਮੁੱਲੇ ਖਣਿਜ ਸਰੋਤਾਂ ਦੀ ਲੁੱਟ ਤੋਂ ਮੁਨਾਫ਼ਾ ਕਮਾਉਣ ਦਾ ਲਾਲਚ ਮਿਲਣ ਤੋਂ ਬਾਅਦ।"

ਅਮਰੀਕੀ ਰਾਸ਼ਟਰਪਤੀ ਵੱਲੋਂ ਜਦੋਂ ਅਠਾਈ ਫਰਵਰੀ ਨੂੰ ਵ੍ਹਾਈਟ ਹਾਊਸ ਵਿੱਚ ਸੱਦ ਕੇ ਯੂਕਰੇਨੀ ਰਾਸ਼ਟਰਪਤੀ ਦੀ ਲਾਹ ਪਾਹ ਕੀਤੀ ਜਾ ਰਹੀ ਸੀ ਉਦੋਂ ਮੈਂ ਇੱਕ ਸਾਹਿਤਕ ਰਸਾਲੇ ਗ੍ਰਾਂਟਾ ਦਾ ਇੱਕ ਪੁਰਾਣਾ ਅੰਕ ਪੜ੍ਹ ਰਿਹਾ ਸੀ ਜੋ ਮੈਂ ਬੰਗਲੁਰੂ ਦੀ ਪੁਰਾਣੀਆਂ ਕਿਤਾਬਾਂ ਦੀ ਇੱਕ ਦੁਕਾਨ 'ਚੋਂ ਲਿਆਇਆ ਸੀ। ਇਸ ਦੇ 1990 ਦੀ ਬਹਾਰ ਰੁੱਤ ਦੇ ਅੰਕ ਦਾ ਸਿਰਲੇਖ ਸੀ 'ਨਿਊ ਯੂਰੋਪ!'। ਸਿਰਲੇਖ ਦੇ ਵਿਸ਼ੇਸ਼ਣ ਅਤੇ ਵਿਸਮਿਕ ਚਿੰਨ੍ਹ ਦੇ ਜ਼ਰੀਏ ਇੱਕ ਸਾਲ ਪਹਿਲਾਂ ਬਰਲਿਨ ਦੀ ਕੰਧ ਡੇਗੇ ਜਾਣ, ਪੋਲੈਂਡ ਵਿੱਚ ਦਹਾਕਿਆਂ ਮਗਰੋਂ ਪਹਿਲੀ ਵਾਰ ਸੁਤੰਤਰ ਢੰਗ ਨਾਲ ਚੋਣਾਂ ਕਰਾਉਣ ਅਤੇ ਪੂਰਬੀ ਯੂਰਪ ਵਿੱਚ ਸਰਬਸੱਤਾਵਾਦ ਦੇ ਪਤਨ ਜਿਹੀਆਂ ਯੁੱਗ-ਪਲਟਾਊ ਘਟਨਾਵਾਂ ਵੱਲ ਇਸ਼ਾਰਾ ਕੀਤਾ ਗਿਆ ਸੀ।

1989 ਵਿੱਚ ਵਾਪਰੀਆਂ ਇਨ੍ਹਾਂ ਘਟਨਾਵਾਂ ਦੇ ਯੂਰੋਪੀ ਮਹਾਂਦੀਪ ਅਤੇ ਦੁਨੀਆ ਦੇ ਭਵਿੱਖ ਉੱਪਰ ਕਿਹੋ ਜਿਹੇ ਪ੍ਰਭਾਵ ਪੈਣਗੇ, ਇਸ ਦਾ ਅਨੁਮਾਨ ਲਾਉਣ ਲਈ ਗ੍ਰਾਂਟਾ ਦੇ ਸੰਪਾਦਕ ਨੇ ਯੂਰੋਪੀ ਮੂਲ ਦੇ ਪੰਦਰਾਂ ਲੇਖਕਾਂ ਤੋਂ ਲੇਖ ਲਿਖਵਾਏ ਸਨ ਜਿਨ੍ਹਾਂ 'ਚੋਂ ਕੁਝ ਲੇਖਕ ਤਾਂ ਆਪਣੇ ਮੂਲ ਦੇਸ਼ ਵਿੱਚ ਹੀ ਰਹਿ ਰਹੇ ਸਨ ਜਦੋਂਕਿ ਕੁਝ ਜਲਾਵਤਨੀ ਹੰਢਾ ਰਹੇ ਸਨ। ਜਿਵੇਂ ਕਿ ਹੋਣਾ ਹੀ ਸੀ, ਬਹੁਤੇ ਲੇਖਕ ਪਿਛਲੇ ਕੁਝ ਮਹੀਨਿਆਂ ਵਿੱਚ ਵਾਪਰੀਆਂ ਇਨ੍ਹਾਂ ਘਟਨਾਵਾਂ ਤੋਂ ਖ਼ੁਸ਼ ਸਨ ਤੇ ਕੁਝ ਤਾਂ ਬਾਗ਼ੋਬਾਗ਼ ਵੀ ਸਨ। ਇਨ੍ਹਾਂ ਵਿੱਚ ਪੂਰਬੀ ਜਰਮਨੀ ਦਾ ਪਾਦਰੀ ਵਰਨਰ ਕ੍ਰਾਤਸ਼ੈਲ ਵੀ ਸ਼ਾਮਲ ਸੀ ਜਿਨ੍ਹਾਂ ਨੇ ਬਰਲਿਨ ਦੀ ਕੰਧ ਨੂੰ ਤੋੜਨ ਦੇ ਅੰਦੋਲਨ ਨੂੰ ਆਜ਼ਾਦੀ ਅਤੇ ਗ਼ੈਰਤ ਦੀ ਜੱਦੋਜਹਿਦ ਕਰਾਰ ਦਿੰਦਿਆਂ ਇਸ ਨੂੰ ਸਲਾਮ ਕੀਤਾ ਸੀ। ਉਨ੍ਹਾਂ ਤੋਂ ਇਲਾਵਾ ਮਾਣਮੱਤੇ ਚੈੱਕ ਨਾਵਲਕਾਰ ਇਵਾਨ ਕਲੀਮਾ ਦਾ ਖ਼ਿਆਲ ਸੀ ਕਿ 'ਸੱਤਾਵਾਦ ਦਾ ਅੰਤ ਕਰਨ ਵਿੱਚ ਮਦਦ ਦੇਣ ਵਾਲੇ ਨਾਬਰਾਂ ਨੇ ਇੱਕ ਲੋਕਰਾਜੀ ਯੂਰੋਪ ਦਾ ਤਸੱਵਰ ਸਾਕਾਰ ਕਰਨ ਦੀ ਤਾਕਤ ਸੰਜੋਈ ਹੈ ਜੋ ਕਿ ਅਗਲੀ ਦਹਿਸਦੀ ਦਾ ਯੂਰੋਪ ਹੋਵੇਗਾ ਅਤੇ ਆਪਸ ਵਿੱਚ ਮਿਲ ਜੁਲ ਕੇ ਰਹਿਣ ਵਾਲੇ ਦੇਸ਼ਾਂ ਦਾ ਯੂਰੋਪ ਹੋਵੇਗਾ।'

ਯੂਰੋਪ ਵਿੱਚ ਨਮੂਦਾਰ ਹੋਣ ਵਾਲੀਆਂ ਤਬਦੀਲੀਆਂ ਨੂੰ ਹਾਂਦਰੂ ਢੰਗ ਨਾਲ ਵੇਖਣ ਵਾਲਿਆਂ ਵਿੱਚ ਸਿਆਸੀ ਸਿਧਾਂਤਕਾਰ ਆਇਯਾਹ ਬਰਲਿਨ ਵੀ ਸਨ ਜੋ ਕਿ ਇਸ ਸੰਵਾਦ ਵਿੱਚ ਲੰਮੇ ਸਮੇਂ ਤੋਂ ਹਿੱਸਾ ਪਾਉਂਦੇ ਰਹੇ ਸਨ ਅਤੇ ਅੰਗਰੇਜ਼ੀ ਬੋਲਣ ਵਾਲੀ ਦੁਨੀਆ ਵਿੱਚ ਕਾਫ਼ੀ ਜਾਣੇ ਜਾਂਦੇ ਸਨ। ਜ਼ਾਰਸ਼ਾਹੀ ਰੂਸ ਵਿੱਚ ਜਨਮਿਆ ਬਰਲਿਨ ਆਪਣੀ ਚੜ੍ਹਦੀ ਉਮਰੇ ਹੀ ਆਪਣੇ ਪਰਿਵਾਰ ਨਾਲ ਨੱਸ ਕੇ ਇੰਗਲੈਂਡ ਆ ਗਿਆ ਸੀ। ਹਾਲਾਂਕਿ ਤੌਰ ਤਰੀਕੇ ਤੋਂ ਉਹ ਅੰਗਰੇਜ਼ ਬਣ ਚੁੱਕਿਆ ਸੀ ਅਤੇ ਆਕਸਫੋਰਡ ਵਿੱਚ ਇੱਕ ਵਿਭਾਗ ਦੀ ਚੇਅਰ 'ਤੇ ਬਿਰਾਜਮਾਨ ਸੀ ਅਤੇ ਆਕਸਫੋਰਡ ਕਾਲਜ ਦੀ ਨੀਂਹ ਰੱਖ ਚੁੱਕਿਆ ਸੀ, ਅਕਸਰ ਬੀਬੀਸੀ 'ਤੇ ਬੋਲਦਾ ਦਿਖਾਈ ਦਿੰਦਾ ਸੀ ਅਤੇ ਬ੍ਰਿਟਿਸ਼ ਅਕੈਡਮੀ ਦੇ ਮੁਖੀ ਵਜੋਂ ਸੇਵਾਵਾਂ ਨਿਭਾ ਰਿਹਾ ਸੀ ਪਰ ਫਿਰ ਵੀ ਉਸ ਦੀ ਰੂਸ ਵਿੱਚ ਗਹਿਰੀ ਦਿਲਚਸਪੀ ਸੀ ਅਤੇ ਖ਼ਾਸਕਰ ਰੂਸੀ ਲੇਖਕਾਂ ਅਤੇ ਅਤੀਤ ਦੇ ਚਿੰਤਕਾਂ ਦਾ ਸ਼ੈਦਾਈ ਸੀ।

ਆਇਯਾਹ ਬਰਲਿਨ ਹੁਣ 1989 ਦੀਆਂ ਘਟਨਾਵਾਂ ਨੂੰ ਕਮਿਊਨਿਜ਼ਮ ਵੱਲੋਂ ਦਰੜੀਆਂ ਪੁਰਾਤਨ ਬੌਧਿਕਤਾ ਦੀਆਂ ਉਦਾਰਵਾਦੀ ਰਵਾਇਤਾਂ ਦੀ ਸੁਰਜੀਤੀ ਵਜੋਂ ਦੇਖਦਾ ਸੀ। ਉਨ੍ਹਾਂ ਗ੍ਰਾਂਟਾ ਵਿੱਚ ਲਿਖਿਆ ਕਿ 'ਰੂਸੀ ਕਮਾਲ ਦੇ ਲੋਕ ਹਨ, ਉਨ੍ਹਾਂ ਕੋਲ ਬੇਪਨਾਹ ਰਚਨਾਤਮਕ ਸ਼ਕਤੀਆਂ ਹਨ ਅਤੇ ਇਕੇਰਾਂ ਉਹ ਸੁਤੰਤਰ ਹੋ ਗਏ ਤਾਂ ਇਹ ਕਹਿਣ ਦੀ ਲੋੜ ਨਹੀਂ ਕਿ ਉਹ ਦੁਨੀਆ ਨੂੰ ਕਿੰਨਾ ਕੁਝ ਦੇ ਸਕਦੇ ਹਨ। ਨਵ-ਬਰਬਰਤਾ ਹਮੇਸ਼ਾ ਸੰਭਵ ਹੁੰਦੀ ਹੈ ਪਰ ਵਰਤਮਾਨ ਸਮੇਂ ਮੈਨੂੰ ਇਸ ਦੀ ਬਹੁਤੀ ਸੰਭਾਵਨਾ ਨਹੀਂ ਦਿਸਦੀ। ਇਹ ਕਿ ਬੁਰਾਈ 'ਤੇ ਆਖ਼ਰਕਾਰ ਫ਼ਤਹਿ ਹਾਸਲ ਕੀਤੀ ਜਾ ਸਕਦੀ ਹੈ, ਇਹ ਕਿ ਗ਼ੁਲਾਮੀ ਦਾ ਖ਼ਾਤਮਾ ਕੀਤਾ ਜਾ ਰਿਹਾ ਹੈ, ਇਹ ਉਹ ਚੀਜ਼ਾਂ ਹਨ ਜਿਨ੍ਹਾਂ 'ਤੇ ਇਨਸਾਨ ਵਾਕਈ ਮਾਣ ਮਹਿਸੂਸ ਕਰ ਸਕਦੇ ਹਨ।

ਸੰਵਾਦ ਵਿੱਚ ਹਿੱਸਾ ਲੈਣ ਵਾਲੇ ਹੋਰਨਾਂ ਲੇਖਕਾਂ ਨੇ ਪੂਰਬੀ ਯੂਰੋਪ ਵਿੱਚ ਸੋਵੀਅਤ ਸੰਘ ਦੀਆਂ ਕਠਪੁਤਲੀ ਸਰਕਾਰਾਂ ਦੇ ਪਤਨ ਦਾ ਸਵਾਗਤ ਤਾਂ ਕੀਤਾ ਪਰ ਭਵਿੱਖ ਨੂੰ ਲੈ ਕੇ ਉਹ ਬਹੁਤੇ ਆਸ਼ਾਵਾਦੀ ਨਹੀਂ ਸਨ। ਚੈੱਕ ਮੂਲ ਦੇ ਲੇਖਕ ਜੋਜ਼ੇਫ ਸਕੋਅਰਕੀ ਜੋ ਕਈ ਸਾਲ ਕੈਨੇਡਾ ਵਿੱਚ ਰਹਿ ਚੁੱਕੇ ਸਨ, ਨੇ ਲਿਖਿਆ ਸੀ: 'ਯੂਰੋਪ ਦੇ ਬਹੁਤੇ ਹਿੱਸਿਆਂ ਵਿਚ ਸਰਬਸੱਤਾਵਾਦ ਦੇ ਦਿਨ ਸ਼ਾਇਦ ਲੱਦ ਗਏ ਹਨ। ਕਈ ਹੋਰਨੀਂ ਥਾਈਂ ਜ਼ਾਹਰਾ ਤੌਰ 'ਤੇ ਇਉਂ ਨਹੀਂ; ਕੁਝ ਥਾਵਾਂ 'ਤੇ ਅਜੇ ਇਸ ਦੀ ਸ਼ੁਰੂਆਤ ਹੋਈ ਹੈ।' ਬਹੁ-ਵਿਸ਼ਾਈ ਆਲੋਚਕ ਜੌਰਜ ਸਟੀਨਰ ਦੀ ਟਿੱਪਣੀ ਸੀ ਕਿ 'ਹਰ ਥਾਈਂ ਅਸੀਂ ਉਗਰ ਰਾਸ਼ਟਰਵਾਦ, ਨਸਲੀ ਨਫ਼ਰਤਾਂ ਅਤੇ ਸੰਭਾਵੀ ਖ਼ੁਸ਼ਹਾਲੀ ਦੀ ਉਲਟ ਸ਼ਕਤੀ ਤੇ ਮੁਕਤ ਵਟਾਂਦਰੇ ਵਿਚਕਾਰ ਇੱਕ ਕਿਸਮ ਦੀ ਸਨਕੀ ਦੌੜ ਵੇਖ ਰਹੇ ਹਾਂ।' ਚਲਦੇ ਚਲਦੇ ਸਟੀਨਰ ਨੇ ਇਹ ਰਾਏ ਵੀ ਦਿੱਤੀ ਕਿ 'ਅਮਰੀਕਾ ਇੱਕ ਪ੍ਰਾਂਤਕ/ਖੇਤਰੀ ਦਿਓ ਬਣਦਾ ਜਾਪ ਰਿਹਾ ਹੈ ਜੋ ਯੂਰੋਪ ਤੋਂ ਅਣਜਾਣ ਅਤੇ ਬੇਲਾਗ ਹੈ... ਯੂਰੋਪ ਇੱਕ ਵਾਰ ਫਿਰ ਆਪਣੇ ਪੈਰਾਂ 'ਤੇ ਖੜ੍ਹਾ ਹੋ ਰਿਹਾ ਹੈ।'

ਪੂਰਬੀ ਯੂਰੋਪ ਵਿੱਚ ਜੋ ਵਾਪਰਿਆ ਹੈ ਉਸ ਵਿੱਚ ਅੰਸ਼ਕ ਤੌਰ 'ਤੇ ਸਰਬਸੱਤਾਵਾਦੀ ਸੋਵੀਅਤ ਜੂਲੇ ਖ਼ਿਲਾਫ਼ ਵਿਦਰੋਹ ਕਰਨ ਵਾਲੇ ਪੋਲਿਸ਼, ਚੈੱਕ, ਮੈਗਿਆਰ ਅਤੇ ਜਰਮਨਾਂ ਦੀਆਂ ਦਰੜੀਆਂ ਰਾਸ਼ਟਰਵਾਦੀ ਭਾਵਨਾਵਾਂ ਦੀ ਗੂੰਜ ਸੁਣਾਈ ਦਿੰਦੀ ਹੈ। ਹਾਲਾਂਕਿ ਕੁਝ ਲੇਖਕਾਂ ਨੇ ਇਨ੍ਹਾਂ ਛੋਟੇ ਯੂਰੋਪੀ ਰਾਸ਼ਟਰਾਂ ਦੀ ਸੁਰਜੀਤੀ ਦਾ ਜਸ਼ਨ ਮਨਾਇਆ ਸੀ ਪਰ ਆਂਦਰੇਈ ਸਿਨਯਾਵਸਕੀ ਨੇ ਗ੍ਰਾਂਟਾ ਵਿੱਚ ਲਿਖੇ ਆਪਣੇ ਲੇਖ ਵਿੱਚ ਚਿਤਾਵਨੀ ਦਿੱਤੀ ਸੀ ਕਿ ਰਾਸ਼ਟਰਵਾਦ ਦੇ ਪ੍ਰਤੀਕਿਰਿਆਵਾਦੀ ਅਤੇ ਮੁਕਤੀਕਾਰੀ ਦੋਵੇਂ ਤਰ੍ਹਾਂ ਦੇ ਸਿੱਟੇ ਸਾਹਮਣੇ ਆ ਸਕਦੇ ਹਨ। ਰੂਸ ਵਿੱਚ ਮੁਕਤੀਕਾਰੀ ਸਿੱਟਿਆਂ ਦੀ ਸੰਭਾਵਨਾ ਜ਼ਿਆਦਾ ਦਿਖਾਈ ਦਿੰਦੀ ਹੈ ਜਿਸ ਦਾ ਯੂਰੋਪੀ ਸਾਮਰਾਜ ਖ਼ਤਮ ਹੋ ਗਿਆ ਹੈ ਪਰ ਉਸ ਦੀ ਹੈਂਕੜ ਖ਼ਤਮ ਨਹੀਂ ਹੋਈ। ਸਿਨਯਾਵਸਕੀ ਨੇ ਲਿਖਿਆ, 'ਰਾਸ਼ਟਰਵਾਦ ਆਪਣੇ ਆਪ ਵਿੱਚ ਕੋਈ ਗੰਭੀਰ ਖ਼ਤਰਾ ਨਹੀਂ ਹੈ ਸਗੋਂ ਇਹ ਉਦੋਂ ਤੱਕ ਕਿਸੇ ਰਾਸ਼ਟਰ ਦਾ ਮੁੱਲ ਬਣ ਜਾਂਦਾ ਹੈ ਜਦੋਂ ਤੱਕ ਇਹ ਬਿਨਾਂ ਕਿਸੇ ਆਧਾਰ ਤੋਂ ਦੁਸ਼ਮਣ ਦੇ ਰੂਪ ਵਿੱਚ ਆਪਣੀ ਜ਼ਹਿਰੀਲੀ ਉਪਜ ਪੈਦਾ ਨਹੀਂ ਕਰਨ ਲੱਗਦਾ'। ਉਹ ਅੱਗੇ ਲਿਖਦੇ ਹਨ: 'ਬੀਤੇ ਸਮਿਆਂ ਵਿੱਚ ਸੋਵੀਅਤ ਸੰਘ ਕੋਲ ''ਜਮਾਤੀ ਦੁਸ਼ਮਣ'' ਹੁੰਦਾ ਸੀ... ਤੇ ਹੁਣ ਰੂਸੀ ਰਾਸ਼ਟਰਵਾਦੀਆਂ, ਜੋ ਆਪਣੇ ਆਪ ਨੂੰ ਦੇਸ਼ਭਗਤ ਕਹਿੰਦੇ ਹਨ, ਕੋਲ ''ਰੂਸੋਫੋਬੀਆ'' ਆ ਗਿਆ ਹੈ ਜੋ ਕਿ ''ਬੁਰਜੂਆ ਘੇਰਾਬੰਦੀ'' ਅਤੇ ''ਬੁਰਜੂਆ ਘੁਸਪੈਠ'' ਦੇ ਲੈਨਿਨਵਾਦੀ-ਸਟਾਲਿਨਵਾਦੀ ਵਿਚਾਰ ਦਾ ਹੀ ਸੁਧਰਿਆ ਰੂਪ ਹੈ।' ''ਰੂਸੋਫੋਬ'' ਲੋਕਾਂ ਦਾ ਦੁਸ਼ਮਣ ਅਤੇ ਵਿਚਾਰਧਾਰਕ ਭੰਨ-ਤੋੜ ਦੇ ਖ਼ੌਫ਼ਨਾਕ ਸਟਾਲਿਨਵਾਦੀ ਈਜਾਦਾਂ ਦਾ ਹੀ ਇੱਕ ਰੂਪ ਹੈ।

ਇਸ ਕਿਸਮ ਦੇ ਸੰਵਾਦ 'ਚ ਸੰਪਾਦਕ ਆਮ ਤੌਰ 'ਤੇ ਹਰੇਕ ਲੇਖਕ ਨੂੰ ਵੱਖਰੇ ਤੌਰ 'ਤੇ ਲਿਖਣ ਲਈ ਲਿਖਦਾ ਹੈ। ਬੇਸ਼ੱਕ, ਆਇਯਾਹ ਬਰਲਿਨ ਤੇ ਆਂਦਰੇਈ ਸਿਨਯਾਵਸਕੀ ਨੂੰ ਕੁਝ ਨਹੀਂ ਪਤਾ ਸੀ ਕਿ ਦੂਜੇ ਕੀ ਕਹਿਣਗੇ। ਫੇਰ ਵੀ, ਉਨ੍ਹਾਂ ਦੇ ਬਿਆਨਾਂ ਨੂੰ ਨਾਲੋ-ਨਾਲ ਪੜ੍ਹਨਾ, ਉਹ ਵੀ ਪ੍ਰਕਾਸ਼ਿਤ ਹੋਣ ਤੋਂ 35 ਸਾਲ ਬਾਅਦ, ਇੱਕ ਜਣੇ ਦਾ ਆਸ਼ਾਵਾਦ ਤੇ ਦੂਜੇ ਦਾ ਸੰਦੇਹਵਾਦ ਹੈਰਾਨ ਕਰਦਾ ਹੈ ਕਿਉਂਕਿ ਦੋਵਾਂ 'ਚ ਕਾਫ਼ੀ ਫ਼ਰਕ ਹੈ। ਇਸ ਦਾ ਕਾਰਨ ਸ਼ਾਇਦ ਉਨ੍ਹਾਂ ਦਾ ਜੀਵਨ ਪੰਧ ਵੱਖ-ਵੱਖ ਹੋਣਾ ਹੋ ਸਕਦਾ ਹੈ। ਬਰਲਿਨ ਦਾ ਰੂਸੀ ਜੀਵਨ ਤੇ ਲੋਕਾਂ ਨਾਲ ਕੋਈ ਸਿੱਧਾ ਲੈਣ-ਦੇਣ ਅਤੇ ਤਜਰਬਾ ਨਹੀਂ ਸੀ ਪਰ ਸਿਨਯਾਵਸਕੀ ਦਾ ਯਕੀਨਨ ਸੀ। ਮਾਸਕੋ 'ਚ 1925 'ਚ ਜਨਮ ਲੈਣ ਤੋਂ ਬਾਅਦ ਉਸ ਨੇ 1973 'ਚ ਸੋਵੀਅਤ ਸੰਘ ਛੱਡ ਦਿੱਤਾ। ਇਸ ਲਈ ਉਸ ਨੂੰ ਪਹਿਲਾਂ ਵਿਕਸਿਤ ਹੋ ਚੁੱਕੀ ਸਮਝ, ਜੋ ਕਿ ਕਈ ਦਹਾਕਿਆਂ 'ਚ ਬਣੀ ਸੀ, 'ਚੋਂ ਪਤਾ ਸੀ ਕਿ ਕਿਵੇਂ ਰੂਸੀ ਰਾਸ਼ਟਰਵਾਦ ਫੈਸਲਾਕੁਨ ਰੂਪ 'ਚ ਬਾਹਰਲਿਆਂ ਨੂੰ ਨਫ਼ਰਤ ਕਰਨ ਤੇ ਕੌਮਪ੍ਰਸਤੀ ਦੀ ਬਿਰਤੀ ਰੱਖਣ ਵਾਲਾ ਹੈ।

ਘੱਟੋ-ਘੱਟ ਆਪਣੀ ਮਾਤਭੂਮੀ ਰੂਸ ਦੇ ਸਬੰਧ 'ਚ ਸਿਨਯਾਵਸਕੀ ਬਰਲਿਨ ਨਾਲੋਂ ਵਧੇਰੇ ਠੀਕ ਨਿਕਲਿਆ। ਵਲਾਦੀਮੀਰ ਪੂਤਿਨ ਨੇ ਆਪਣੇ ਦਹਾਕਿਆਂ ਦੇ ਸ਼ਾਸਨ ਦੌਰਾਨ ਸੋਵੀਅਤ ਸੰਘ ਟੁੱਟਣ ਤੋਂ ਬਾਅਦ ਆਜ਼ਾਦ ਹੋਏ ਮੁਲਕਾਂ ਦੇ ਲੋਕਾਂ ਨੂੰ ਗ਼ੁਲਾਮ ਬਣਾਉਣ ਦੀ ਖ਼ਾਹਿਸ਼ ਪਾਲਣ ਤੋਂ ਪਹਿਲਾਂ ਆਪਣੇ ਮੁਲਕ ਦੇ ਲੋਕਾਂ ਦੀ ਗ਼ੁਲਾਮੀ ਨੂੰ ਯਕੀਨੀ ਬਣਾਇਆ। ਇਹ ਵਿਆਪਕ ਸਾਮਰਾਜੀ ਖ਼ਾਹਿਸ਼ ਯੂਕਰੇਨ ਦੀ ਘੁਸਪੈਠ 'ਚ ਉੱਭਰਵੇਂ ਢੰਗ ਨਾਲ ਪ੍ਰਤੱਖ ਹੋਈ ਹੈ। ਹਾਲਾਂਕਿ, ਪੂਤਿਨ ਦੀ ਅੱਖ ਕੁਝ ਛੋਟੇ ਯੂਰੋਪੀ ਮੁਲਕਾਂ 'ਤੇ ਵੀ ਟਿਕੀ ਹੋਈ ਹੈ। ਰੂਸੀ ਰਾਸ਼ਟਰਵਾਦ ਦੇ ਵਿਸਤਾਰਵਾਦੀ ਰੂਪ ਤੇ ਤਾਨਾਸ਼ਾਹੀ ਦੇ ਆਲੋਚਕਾਂ ਨੂੰ ਚਾਹੇ ਘਰ ਜਾਂ ਬਾਹਰ, ਪੂਤਿਨਵਾਦੀਆਂ ਨੇ 'ਰੂਸ ਨੂੰ ਨਫ਼ਰਤ ਕਰਨ ਵਾਲੇ' ਦੱਸ ਕੇ ਖਾਰਜ ਕੀਤਾ ਹੈ।

ਪਿਛਲੇ ਕੁਝ ਹਫ਼ਤਿਆਂ ਦੀਆਂ ਘਟਨਾਵਾਂ ਦੱਸਦੀਆਂ ਹਨ ਕਿ ਗ੍ਰਾਂਟਾ ਸੰਵਾਦ 'ਚ ਸ਼ਾਮਲ ਲੇਖਕਾਂ 'ਚੋਂ ਇੱਕ ਜੌਰਜ ਸਟੀਨਰ ਨੂੰ ਪਹਿਲਾਂ ਹੀ ਦਿਸਦਾ ਸੀ ਕਿ ਅਮਰੀਕਾ ਸਮੇਂ ਦੇ ਨਾਲ ਯੂਰੋਪ ਪ੍ਰਤੀ ਅਵੇਸਲਾ ਹੋ ਜਾਵੇਗਾ। ਭਾਵੇਂ ਵਲਾਦੀਮੀਰ ਪੂਤਿਨ ਪ੍ਰਤੀ ਡੋਨਲਡ ਟਰੰਪ ਦੇ ਸਨੇਹ ਤੋਂ ਸਾਰੇ ਪਹਿਲਾਂ ਹੀ ਜਾਣੂ ਹਨ, ਪਰ ਬਹੁਤਿਆਂ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਰਾਸ਼ਟਰਪਤੀ ਵਜੋਂ ਦੂਜਾ ਕਾਰਜਕਾਲ ਸ਼ੁਰੂ ਕਰਨ ਤੋਂ ਬਾਅਦ ਏਨੀ ਛੇਤੀ ਉਹ ਯੂਕਰੇਨ ਦੁਆਲੇ ਹੋ ਜਾਵੇਗਾ। ਟਰੰਪ ਤੇ ਉਪ ਰਾਸ਼ਟਰਪਤੀ ਜੇਡੀ ਵਾਂਸ ਹੱਥੋਂ ਵੋਲੋਦੀਮੀਰ ਜ਼ੇਲੈਂਸਕੀ ਦੇ ਜਨਤਕ ਤੌਰ 'ਤੇ ਹੋਏ ਤ੍ਰਿਸਕਾਰ ਦਾ ਰੂਸੀ ਸਿਆਸਤਦਾਨਾਂ ਤੇ ਪ੍ਰਾਪੇਗੰਡਾ ਕਰਨ ਵਾਲਿਆਂ ਨੇ ਵੱਡੇ ਪੱਧਰ 'ਤੇ ਸੁਆਗਤ ਕੀਤਾ ਹੈ ਜਿਨ੍ਹਾਂ ਨੂੰ ਇਸ 'ਚੋਂ ਯੂਕਰੇਨ 'ਤੇ ਹਾਵੀ ਹੋਣ ਦੀ ਆਪਣੀ ਇੱਛਾ ਦੀ ਪੂਰਤੀ ਹੁੰਦਿਆਂ ਦਿਸ ਰਹੀ ਹੈ।

ਹਾਲਾਂਕਿ ਟਰੰਪ ਇਸ ਗੱਲ ਦਾ ਅਨੁਮਾਨ ਸ਼ਾਇਦ ਨਹੀਂ ਲਾ ਸਕਿਆ ਕਿ ਯੂਕਰੇਨ ਦੇ ਯੂਰੋਪੀ ਸਾਥੀ ਸੰਕਟਗ੍ਰਸਤ ਮੁਲਕ ਦੀ ਮਦਦ ਲਈ ਏਨੀ ਤੇਜ਼ੀ ਨਾਲ ਲਾਮਬੰਦ ਹੋ ਜਾਣਗੇ। ਵ੍ਹਾਈਟ ਹਾਊਸ ਦੀ ਅਤਿ ਸੰਵੇਦਨਸ਼ੀਲ ਤਕਰਾਰ ਟੀਵੀ 'ਤੇ ਲਾਈਵ ਹੋਣ ਦੇ ਕੁਝ ਘੰਟਿਆਂ ਦੇ ਅੰਦਰ ਹੀ, ਵਿਦੇਸ਼ੀ ਮਾਮਲਿਆਂ ਤੇ ਸੁਰੱਖਿਆ ਨੀਤੀ ਲਈ ਯੂਰੋਪੀਅਨ ਯੂਨੀਅਨ ਦੀ ਉੱਚ ਪ੍ਰਤੀਨਿਧ ਕਾਯਾ ਕੈਲਸ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ: 'ਯੂਕਰੇਨ ਯੂਰੋਪ ਹੈ! ਅਸੀਂ ਯੂਕਰੇਨ ਦੇ ਨਾਲ ਹਾਂ। ਅਸੀਂ ਯੂਕਰੇਨ ਲਈ ਆਪਣੀ ਮਦਦ ਵਿੱਚ ਵਾਧਾ ਕਰ ਰਹੇ ਹਾਂ ਤਾਂ ਕਿ ਉਹ ਹਮਲਾਵਰ ਦਾ ਮੁਕਾਬਲਾ ਕਰਨਾ ਜਾਰੀ ਰੱਖ ਸਕਣ।' ਉਸ ਦੀ ਅਗਲੀ ਟਿੱਪਣੀ ਸੀ: 'ਅੱਜ, ਇਹ ਸਾਫ਼ ਹੋ ਗਿਆ ਹੈ ਕਿ ਸੁਤੰਤਰ ਸੰਸਾਰ ਨੂੰ ਨਵੇਂ ਆਗੂ ਦੀ ਲੋੜ ਹੈ। ਇਹ ਹੁਣ ਸਾਡੇ ਉੱਤੇ ਹੈ, ਯੂਰੋਪੀਅਨਾਂ 'ਤੇ ਕਿ ਇਸ ਚੁਣੌਤੀ ਨੂੰ ਸਵੀਕਾਰੀਏ।'

ਵਰਤਮਾਨ ਅਹੁਦਾ ਸੰਭਾਲਣ ਤੋਂ ਪਹਿਲਾਂ, ਕੈਲਸ ਅਸਤੋਨੀਆ ਦੀ ਪ੍ਰਧਾਨ ਮੰਤਰੀ ਰਹਿ ਚੁੱਕੀ ਹੈ ਜੋ ਕਿ ਬਾਲਟਿਕ ਗਣਰਾਜਾਂ 'ਚੋਂ ਇੱਕ ਨਿੱਕਾ ਜਿਹਾ, ਪਰ ਖ਼ੁਦਮੁਖਤਾਰ ਦੇਸ਼ ਹੈ, ਉਹੀ ਬਾਲਟਿਕ ਦੇਸ਼ ਜੋ ਕਿਸੇ ਸਮੇਂ ਸੋਵੀਅਤ ਸ਼ਾਸਨ ਹੇਠ ਰਹਿ ਚੁੱਕੇ ਹਨ ਤੇ ਜਿਨ੍ਹਾਂ 'ਤੇ ਪੂਤਿਨ ਅਤੇ ਉਸ ਦੇ ਪਿੱਠੂ ਹਾਲੇ ਵੀ ਲਲਚਾਈ ਨਿਗ੍ਹਾ ਰੱਖਦੇ ਹਨ। ਹਾਲਾਂਕਿ, ਉਸ ਦੀ ਦਲੇਰ ਪੋਸਟ ਤੋਂ ਵੀ ਵੱਧ ਮਹੱਤਵ ਰੱਖਦੀ ਹੈ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਯੂਕਰੇਨ ਨਾਲ ਜਨਤਕ ਤੌਰ 'ਤੇ ਜ਼ਾਹਿਰ ਕੀਤੀ ਇਕਜੁੱਟਤਾ, ਜਿਨ੍ਹਾਂ ਜ਼ੇਲੈਂਸਕੀ ਨੂੰ ਆਪਣੀ ਸਰਕਾਰੀ ਰਿਹਾਇਸ਼ 'ਤੇ ਸੱਦਿਆ ਅਤੇ ਉਹ ਸਤਿਕਾਰ ਦਿੱਤਾ ਜੋ ਵ੍ਹਾਈਟ ਹਾਊਸ 'ਚ ਨਹੀਂ ਦਿੱਤਾ ਗਿਆ ਤੇ ਨਾਲ ਹੀ ਕੁਝ ਠੋਸ ਸਾਜ਼ੋ-ਸਾਮਾਨ ਦੀ ਮਦਦ ਵੀ ਦਿੱਤੀ। ਇਸ ਤੋਂ ਬਾਅਦ ਯੂਰੋਪੀ ਆਗੂਆਂ ਦੀ ਇੱਕ ਵੱਡੀ ਬੈਠਕ ਹੋਈ, ਜਿਨ੍ਹਾਂ ਯੂਕਰੇਨ ਦੀ ਖ਼ੁਦਮੁਖਤਾਰੀ ਲਈ ਆਪਣੇ ਸਮਰਥਨ ਦੀ ਤਸਦੀਕ ਕੀਤੀ।

ਬਹਾਦਰੀ ਵਾਲਾ ਪੈਂਤੜਾ ਅਖ਼ਤਿਆਰ ਕਰਨ ਦੇ ਬਾਵਜੂਦ ਯੂਰੋਪੀ ਸਿਆਸਤਦਾਨ ਜਾਣਦੇ ਹਨ ਕਿ ਉਨ੍ਹਾਂ ਕੋਲ ਯੂਕਰੇਨ ਨੂੰ ਰੂਸੀ ਹੱਲੇ ਤੋਂ ਬਚਾਉਣ ਦੀ ਫ਼ੌਜੀ ਸਮਰੱਥਾ ਨਹੀਂ ਹੈ। ਫਿਰ ਵੀ ਉਨ੍ਹਾਂ ਨੂੰ ਆਸ ਹੈ ਕਿ ਯੂਕਰੇਨ ਨੂੰ ਫ਼ੌਜੀ ਮਦਦ ਅਚਾਨਕ ਬੰਦ ਕਰਨ ਦੇ ਇਰਾਦੇ 'ਤੇ ਟਰੰਪ ਵਿਚਾਰ ਕਰੇਗਾ, ਸ਼ਾਇਦ ਅਮਰੀਕੀ ਕੰਪਨੀਆਂ ਨੂੰ ਉਸ ਮੁਲਕ ਦੇ ਅਨਮੁੱਲੇ ਖਣਿਜ ਸਰੋਤਾਂ ਦੀ ਲੁੱਟ ਤੋਂ ਮੁਨਾਫ਼ਾ ਕਮਾਉਣ ਦਾ ਲਾਲਚ ਮਿਲਣ ਤੋਂ ਬਾਅਦ। ਵਰਤਮਾਨ ਘਟਨਾਕ੍ਰਮ ਦੀ ਰੋਸ਼ਨੀ 'ਚ ਗਰਾਂਟਾ ਰਸਾਲੇ ਨੂੰ ਪੜ੍ਹਨਾ ਇੱਕ ਦਿਲਚਸਪ ਤੇ ਲੁਭਾਉਣਾ ਕਾਰਜ ਸੀ। ਇਸ ਕਾਲਮ ਨੂੰ ਮੈਂ ਸੰਵਾਦ ਵਿੱਚੋਂ ਇੱਕ ਟਿੱਪਣੀ ਨਾਲ ਖ਼ਤਮ ਕਰਾਂਗਾ ਜੋ ਕਿ ਸਟੀਨਰ ਤੇ ਸਿਨਯਾਵਸਕੀ ਵੱਲੋਂ ਕੀਤੇ ਬਿਆਨਾਂ ਨਾਲੋਂ ਵੀ ਵੱਧ ਭਵਿੱਖਦਰਸ਼ੀ ਹੈ। ਇਹ ਪੂਰਬੀ ਜਰਮਨੀ ਦੇ ਵਿਦਰੋਹੀ ਲੇਖਕ ਜੁਰੇਕ ਬੈੱਕਰ ਦੀ ਹੈ, ਜੋ ਕੁਝ ਇਉਂ ਹੈ: 'ਪੱਛਮ ਵਿੱਚ, ਅਸੀਂ ਅਜਿਹੇ ਸਮਾਜਾਂ 'ਚ ਰਹਿੰਦੇ ਹਾਂ ਜਿਨ੍ਹਾਂ ਦਾ ਕੋਈ ਖ਼ਾਸ ਟੀਚਾ ਜਾਂ ਉਦੇਸ਼ ਨਹੀਂ ਹੈ। ਜੇਕਰ ਕੋਈ ਮਾਰਗਦਰਸ਼ਕ ਸਿਧਾਂਤ ਹੈ ਤਾਂ ਇਹ ਉਪਭੋਗਤਾਵਾਦ ਹੈ। ਸਿਧਾਂਤਕ ਰੂਪ 'ਚ, ਜਦ ਤੱਕ ਧਰਤੀ ਪੂਰੀ ਤਰ੍ਹਾਂ ਬਰਬਾਦ ਨਹੀਂ ਹੋ ਜਾਂਦੀ, ਅਸੀਂ ਆਪਣੀ ਖ਼ਪਤ ਵਧਾ ਸਕਦੇ ਹਾਂ, ਤੇ ਮੌਜੂਦਾ ਰੁਝਾਨਾਂ ਨੂੰ ਦੇਖਦਿਆਂ ਲੱਗਦਾ ਹੈ ਕਿ ਇਹੀ ਹੋਵੇਗਾ।'

ਲਿਖਤ : ਸਵਰਨਦੀਪ ਸਿੰਘ ਨੂਰ

## ਸਿੱਖ ਇਤਿਹਾਸ ਨੂੰ ਵਿਗਿਆਨਕ ਢੰਗ ਨਾਲ ਲਿਖਣ ਵਾਲੇ

# ਸ. ਕਰਮ ਸਿੰਘ ਹਿਸਟੋਰੀਅਨ



ਸ: ਕਰਮ ਸਿੰਘ ਹਿਸਟੋਰੀਅਨ ਦਾ ਜਨਮ 18 ਮਾਰਚ, 1884 ਈ. ਨੂੰ ਜ਼ਿਲਾ ਤਰਨ ਤਾਰਨ ਤੋਂ 15 ਕਿਲੋਮੀਟਰ ਦੂਰ ਸਥਿਤ ਪਿੰਡ ਝਬਾਲ ਵਿੱਚ ਪਿਤਾ ਸ: ਝੰਡਾ ਸਿੰਘ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਹੋਇਆ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਗੁਰੂ ਅਰਜਨ ਸਾਹਿਬ ਦੇ ਸਮੇਂ ਦੇ ਪ੍ਰਸਿੱਧ ਸਿੱਖਾਂ ਬਾਰੇ ਗੱਲ ਕਰਦਿਆਂ ਜਿਸ ਭਾਈ ਲੰਗਾਹ ਦਾ ਜ਼ਿਕਰ ਕੀਤਾ ਹੈ 'ਪਟੀ ਅੰਦਰ ਚੌਧਰੀ ਢਿਲੋਂ ਲਾਲ ਲੰਗਾਹ ਸੁਹੰਦਾ' ਇਸ ਪਰਿਵਾਰ ਦਾ ਪਿਛੋਕੜ ਉਸੇ ਭਾਈ ਲੰਗਾਹ ਜੀ ਨਾਲ ਜੁੜਦਾ ਹੈ।

ਕਰਮ ਸਿੰਘ ਨੇ ਝਬਾਲ ਤੋਂ ਪ੍ਰਾਇਮਰੀ ਪਾਸ ਕਰਨ ਤੋਂ ਬਾਅਦ ਖ਼ਾਲਸਾ ਸਕੂਲ ਤਰਨ ਤਾਰਨ ਤੋਂ ਦਸਵੀਂ ਪਾਸ ਕੀਤੀ। ਇਸ ਤੋਂ ਬਾਅਦ 1902 ਵਿੱਚ ਐਫ. ਐਸ. ਸੀ. ਦੀ ਪੜਾਈ ਲਈ 'ਖ਼ਾਲਸਾ ਕਾਲਜ ਅੰਮ੍ਰਿਤਸਰ' ਵਿੱਚ ਦਾਖ਼ਲ ਹੋਏ। ਇਸ ਸਮੇਂ 'ਸਿੰਘ ਸਭਾ ਲਹਿਰ' ਆਪਣੇ ਪੂਰੇ ਜੋਬਨ ਤੇ ਸੀ। ਕਰਮ ਸਿੰਘ ਨੇ ਆਪਣੀ ਉਚੇਰੀ ਪੜਾਈ ਲਈ 'ਸਾਇੰਸ' ਵਿਸ਼ਾ ਚੁਣਿਆਂ ਹੋਇਆ ਸੀ ਪਰ 'ਸਿੰਘ ਸਭਾ ਲਹਿਰ' ਦੇ ਪ੍ਰਭਾਵ ਅਧੀਨ ਇਤਿਹਾਸਕ ਪੁਸਤਕਾਂ ਪੜ੍ਹਨ ਦਾ ਸ਼ੌਂਕ ਪੈ ਗਿਆ। ਇਸੇ ਸ਼ੌਂਕ ਨੇ ਅੱਗੇ ਚੱਲ ਕੇ ਕਰਮ ਸਿੰਘ ਨੂੰ ਇਤਿਹਾਸਕ ਖੋਜ ਵੱਲ ਪ੍ਰੇਰਿਤ ਕੀਤਾ। ਇਨ੍ਹਾਂ ਨੇ ਨਿੱਠ ਕੇ ਇਤਿਹਾਸਕ ਪੁਸਤਕਾਂ ਦਾ ਅਧਿਐਨ ਕੀਤਾ। ਵਿਹਲੇ ਸਮੇਂ ਵਿੱਚ ਉਹ ਆਪਣੇ ਸਾਥੀਆਂ ਨਾਲ ਪੰਥਕ ਉੱਨਤੀ ਬਾਰੇ ਵਿਚਾਰਾਂ ਕਰਦੇ ਜਾਂ ਪੁਸਤਕਾਂ ਦੇ ਅਧਿਐਨ ਵਿੱਚ ਜੁਟੇ ਰਹਿੰਦੇ।

ਖ਼ਾਲਸਾ ਕਾਲਜ ਵਿੱਚ ਪੜਦੇ ਹੋਏ 1905 ਵਿੱਚ ਕਰਮ ਸਿੰਘ ਦੇ ਮਨ ਵਿਚ ਇਤਿਹਾਸਕ ਮਸਾਲਾ ਇਕੱਠੀ ਕਰਨ ਦੀ ਇੱਛਾ ਏਨੀ ਪ੍ਰਬਲ ਹੋ ਉਠੀ ਕਿ ਕਾਲਜ ਦੀ ਪੜਾਈ ਵਿੱਚੇ ਛੱਡ ਕੇ ਆਪਣੇ ਗ.ਲ ਇੱਕ ਬਸਤੇ ਵਿੱਚ ਕਾਗਜ਼, ਕਲਮ, ਦਵਾਤ ਪਾਈ ਤੇ ਉਸ ਨੂੰ ਆਪਣੇ ਗ.ਲ ਵਿੱਚ ਲਟਕਾ ਕੇ ਸਿੱਖ ਰਾਜ ਵੇਲੇ ਦੇ ਬਿਰਧ ਬਾਬਿਆਂ ਨੂੰ ਲੱਭਣ ਦੂਰ-ਦੁਰੇਡੇ ਦੇ ਪਿੰਡਾਂ ਵੱਲ ਨੂੰ ਹੋ ਤੁਰੇ। ਰੇਲਾਂ, ਲਾਰੀਆਂ, ਟਾਂਗਿਆਂ ਦੇ ਸਫ਼ਰ ਲਈ ਆਪ ਕੋਲ ਪੈਸੇ ਨਹੀਂ ਸਨ ਸੋ ਆਪ ਪੈਦਲ ਹੀ ਰੋਜ਼ਾਨਾ ਤੀਹ, ਚਾਲੀ ਮੀਲ ਦਾ ਸਫ਼ਰ ਕਰਦੇ। ਜਿੱਥੇ ਕਿਤੇ ਵੀ ਕਿਸੇ ਬਜ਼ੁਰਗ ਬਾਬੇ ਦਾ ਪਤਾ ਲੱਗਦਾ, ਸਭ ਔਕੜਾਂ ਕਠਨਾਈਆਂ ਪਾਰ ਕਰਕੇ ਉੱਥੇ ਪਹੁੰਚ ਜਾਂਦੇ ਤੇ ਉਸ ਬਾਬੇ ਦੇ ਬਿਆਨ ਆਪਣੇ ਕੋਲ ਲਿਖ ਲੈਂਦੇ।

ਕਰਮ ਸਿੰਘ ਜੀ ਨੇ ਬਿਰਧਾਂ ਦੇ ਬਿਆਨ ਇਕੱਠੇ ਕਰਨ ਤੋ ਬਾਅਦ ਮੱਕੇ, ਮਦੀਨੇ 'ਤੇ ਬਗਦਾਦ ਦੀ ਯਾਤਰਾ ਕਰਨ ਦਾ ਮਨ ਬਣਾਇਆ ਤਾਂ ਕਿ ਉੱਧਰ ਦੇ ਮੁਸਲਮਾਨਾਂ ਵਿੱਚ ਗੁਰੂ ਨਾਨਕ ਸਾਹਿਬ ਪ੍ਰਤੀ ਪ੍ਰਚਲਿਤ ਮਾਨਤਾਵਾਂ ਦਾ ਪਤਾ ਲਾਇਆ ਜਾ ਸਕੇ। ਪਰ ਸਮੱਸਿਆ ਇਹ ਸੀ ਕਿ ਇਸਲਾਮ ਧਰਮ ਦੀਆਂ ਰਵਾਇਤਾਂ ਮੁਤਾਬਕ ਸਿਰਫ਼ ਮੁਸਲਮਾਨ ਹੀ ਮੱਕੇ ਦੀ ਯਾਤਰਾ ਕਰ ਸਕਦਾ ਹੈ। ਗੈਰ-ਮੁਸਲਮਾਨਾਂ ਨੂੰ ਮੱਕੇ ਅੰਦਰ ਵੜਨ ਦੀ ਮਨਾਹੀ ਹੈ। ਕਰਮ ਸਿੰਘ ਮੁਸਲਮਾਨੀ ਭੇਸ ਧਾਰ ਕੇ ਕਰਾਚੀ ਜਾ ਪਹੁੰਚੇ। ਉੱਥੇ ਪੁੱਜ ਕੇ ਆਪ ਨੇ ਹਾਜੀਆਂ ਦੇ ਇੱਕ ਜੱਥੇਦਾਰ ਨਾਲ ਮਿੱਤਰਤਾ ਕਰ ਲਈ। ਇੱਥੇ ਕੁਦਰਤ ਨੇ ਇਨ੍ਹਾਂ ਦੀ ਬਹੁਤ ਵੱਡੀ ਸਹਾਇਤਾ ਕੀਤੀ। ਹੋਇਆ ਇਹ ਕਿ ਹਾਜੀਆਂ ਦਾ ਜੱਥੇਦਾਰ ਬਿਮਾਰ ਪੈ ਗਿਆ। ਕਰਮ ਸਿੰਘ ਇਤਿਹਾਸਕ ਪੁਸਤਕਾਂ ਪੜਨ ਦੇ ਨਾਲ ਨਾਲ ਅਰੋਗਤਾ ਸਬੰਧੀ ਕਈ ਸਾਰੇ ਨੁਸਖ਼ਿਆਂ ਤੋਂ ਵੀ ਜਾਣੂੰ ਸਨ। ਇਨ੍ਹਾਂ ਵਲੋਂ ਬਣਾ ਕੇ ਦਿੱਤੀ ਦਵਾਈ ਨਾਲ ਜੱਥੇਦਾਰ ਨੂੰ ਛੇਤੀ ਹੀ ਅਰਾਮ ਆ ਗਿਆ। ਉਹ ਇਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਭਰਾਵਾਂ ਵਾਂਗ ਪਿਆਰ ਕਰਨ ਲੱਗਾ। ਕਰਮ ਸਿੰਘ ਦੁਆਰਾ ਮੱਕੇ ਦੀ ਯਾਤਰਾ ਸਬੰਧੀ ਦੱਸੀ ਸਚਾਈ ਨੂੰ ਸੁਣ ਕੇ ਉਸ ਸੱਯਦ ਨੇ ਪੂਰੀ ਸਹਾਇਤਾ ਕਰਨ ਦਾ ਭਰੋਸਾ ਦਿੱਤਾ। ਉਸ ਨੇ ਇਨ੍ਹਾਂ ਨੂੰ ਹਾਜੀਆਂ ਦਾ ਮੀਤ ਜੱਥੇਦਾਰ ਬਣਾ ਦਿੱਤਾ। ਕੇਸ ਪਿੱਛੇ ਵੱਲ ਸੁੱਟ ਕੇ ਸਿਰ 'ਤੇ ਸੁਰਮਈ ਦਸਤਾਰਾ ਸਜਾਇਆ ਅਤੇ ਮੁਸਲਮਾਨੀ ਨਾਂ ਰੱਖ ਕੇ ਯਾਤਰਾ ਲਈ ਚੱਲ ਪਏ।

ਬਗਦਾਦ ਪਹੁੰਚ ਕੇ ਇੱਕ ਵੱਡੀ ਮਸਜਿਦ ਵਿੱਚ ਜੱਥੇ ਨੇ ਪੜਾਅ ਕੀਤਾ ਤਾਂ ਉੱਥੇ ਕੁਝ ਮੁਸਲਮਾਨਾਂ ਨੂੰ ਆਪ 'ਤੇ ਸ਼ੱਕ ਪੈ ਗਿਆ। ਇੱਕ ਹਾਜੀ ਨੇ ਅੰਮ੍ਰਿਤ ਵੇਲੇ ਆਪ ਨੂੰ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਸੁਣ ਲਿਆ ਸੀ। ਆਪ ਮੱਕੇ ਤਾਂ ਨਾ ਜਾ ਸਕੇ ਪਰ ਬਗਦਾਦ ਵਿੱਚ ਹੀ ਕੁਝ ਸਮਾਂ ਰੁਕ ਕੇ ਗੁਰੂ ਨਾਨਕ ਸਾਹਿਬ ਨਾਲ ਸਬੰਧਿਤ ਥਾਂਵਾਂ ਬਾਰੇ ਖੋਜ ਪੜਤਾਲ ਕਰਕੇ ਵਾਪਸ ਆ ਗਏ।

ਬਗਦਾਦ ਤੋਂ ਵਾਪਸ ਆ ਕੇ ਇਨ੍ਹਾਂ ਨੇ ਸਭ ਤੋਂ ਪਹਿਲਾਂ 'ਬੰਦਾ ਬਹਾਦਰ' ਕਿਤਾਬ ਲਿਖੀ ਅਤੇ ਫਿਰ 'ਕੱਤਕ ਕਿ ਵਸਾਖ'। ਇਹ ਦੋਵੇਂ ਪੁਸਤਕਾਂ ਨਵੀਨ ਢੰਗਾਂ ਨਾਲ ਹਵਾਲਿਆਂ ਦੇ ਅਧਾਰ 'ਤੇ ਲਿਖੀਆਂ ਗਈਆਂ। 'ਕੱਤਕ ਕਿ ਵਸਾਖ' ਪੁਸਤਕ ਵਿਚ ਇਨ੍ਹਾਂ ਨੇ ਪ੍ਰਮਾਣਾਂ ਦੇ ਅਧਾਰ 'ਤੇ ਸਿੱਧ ਕੀਤਾ ਸੀ ਕਿ ਗੁਰੂ ਨਾਨਕ ਸਾਹਿਬ ਦਾ ਜਨਮ ਵਸਾਖ ਵਿੱਚ ਹੋਇਆ ਹੈ, ਕੱਤਕ ਵਿੱਚ ਨਹੀਂ।

ਕਰਮ ਸਿੰਘ ਦੀਆਂ ਇਤਿਹਾਸਕ ਖੋਜਾਂ ਨੂੰ ਉਸ ਵੇਲੇ ਦੇ ਸਿੱਖ ਆਗੂਆਂ ਵੱਲੋਂ ਕੋਈ ਸਰਪ੍ਰਸਤੀ ਜਾਂ ਸਹਿਮਤੀ ਨਹੀਂ ਮਿਲ ਰਹੀ ਸੀ। ਪੈਸੇ ਦੀ ਅਣਹੋਂਦ ਵਿੱਚ ਇਹ ਕਾਰਜ ਜਾਰੀ ਰੱਖਣਾ ਸੰਭਵ ਨਹੀਂ ਸੀ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਪਰਿਵਾਰ ਦੇ ਗੁਜ਼ਾਰੇ ਲਈ ਇਨ੍ਹਾਂ ਨੇ ਸਰਗੋਧੇ ਵਿੱਚ 'ਸਨਿਆਸੀ ਆਸ਼ਰਮ' ਨਾਂ ਦਾ ਇੱਕ ਦਵਾਖ਼ਾਨਾ ਸ਼ੁਰੂ ਕਰ ਲਿਆ। ਆਪ ਦੇ ਲੇਖ 'ਖ਼ਾਲਸਾ ਯੰਗਮੈਨ' ਅਤੇ ਹੋਰ ਸਾਰੇ ਪ੍ਰਮੁੱਖ ਅਖ਼ਬਾਰਾਂ ਰਸਾਲਿਆਂ ਵਿੱਚ ਛਪਦੇ ਰਹਿੰਦੇ ਸਨ। ਇਨ੍ਹਾਂ ਦੀਆਂ ਇਤਿਹਾਸਕ ਲਿਖਤਾਂ ਪੜ੍ਹਨ ਕਰਕੇ ਸੰਤ ਜਵਾਲਾ ਸਿੰਘ ਜੀ ਨੇ ਆਪਣੇ ਕੋਲ ਪਟਿਆਲੇ ਬੁਲਾਇਆ ਅਤੇ ਪਟਿਆਲਾ ਰਿਆਸਤ ਵਿੱਚ 'ਸਟੇਟ ਹਿਸਟੋਰੀਅਨ' ਨਿਯੁਕਤ ਕਰਵਾ ਦਿੱਤਾ। ਇੱਥੇ ਰਹਿੰਦਿਆਂ ਇਨ੍ਹਾਂ ਨੇ 'ਮਾਹਾਰਾਜਾ ਆਲਾ ਸਿੰਘ' ਪੁਸਤਕ ਲਿਖੀ। ਪਰ ਛੇਤੀ ਹੀ ਰਾਜ ਦਰਬਾਰ ਦੇ ਮਾਹੌਲ ਤੋਂ ਉਪਰਾਮਤਾ ਮਹਿਸੂਸ ਹੋਣ ਲੱਗੀ ਤਾਂ ਨੌਕਰੀ ਨੂੰ ਛੱਡ ਕੇ ਆ ਗਏ।

ਪਟਿਆਲਾ ਰਿਆਸਤ ਦੀ ਨੌਕਰੀ ਛੱਡਣ ਤੋਂ ਬਾਅਦ ਆਪ ਨੇ ਆਪਣੇ ਗੁਜ਼ਾਰੇ ਲਈ ਇੱਕ 'ਚਿੱਤਰ ਕੰਪਨੀ' ਖੋਲ੍ਹਣ ਦਾ ਮਨ ਬਣਾਇਆ। ਇਸ ਕੰਮ ਲਈ ਕਲਕੱਤੇ ਜਾ ਕੇ ਪਹਿਲਾਂ ਡਿਜ਼ਾਇਨ ਅਤੇ ਬਲਾਕ ਆਦਿ ਬਣਾਉਣ ਦਾ ਪੂਰਾ ਕੰਮ ਸਿੱਖਿਆ ਅਤੇ ਫਿਰ ਸਿੱਖ ਸ਼ਹੀਦਾਂ ਦੀਆਂ ਤਸਵੀਰਾਂ ਬਣਾਉਣੀਆਂ ਸ਼ੁਰੂ ਕੀਤੀਆਂ। ਪਰ ਇਸ ਕੰਮ ਵਿੱਚ ਵੀ ਆਪ ਦੀ ਰੁਚੀ ਨਾ ਬਣ ਸਕੀ।

ਫਿਰ ਆਪ ਨੇ ਨਵੀਨ ਢੰਗਾਂ ਨਾਲ ਖੇਤੀਬਾੜੀ ਕਰਨ ਦਾ ਵਿਚਾਰ ਬਣਾਇਆ। ਪਿੰਡ ਪਤਾਰਸੀ (ਪਟਿਆਲਾ) ਵਿੱਚ ਜ਼ਮੀਨ ਖਰੀਦ ਕੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਇੱਥੇ ਖੱਬੀ ਅੱਖ ਵਿੱਚ ਕਿੱਕਰ ਦਾ ਕੰਡਾ ਚੁਭਣ ਕਾਰਨ ਇਨ੍ਹਾਂ ਦੀ ਇੱਕ ਅੱਖ ਦੀ ਨਿਗਾਹ ਚਲੀ ਗਈ। ਡਾਕਟਰਾਂ ਨੇ ਅੱਖ ਤੇ ਪੱਟੀ ਬੰਨ੍ਹ ਕੇ ਕੁਝ ਦਿਨ ਪੜ੍ਹਨ ਲਿਖਣ ਦਾ ਕੰਮ ਬਿਲਕੁਲ ਬੰਦ ਕਰਨ ਲਈ ਕਿਹਾ ਪਰ ਉਹਨਾਂ ਦਿਨਾਂ ਵਿੱਚ ਆਪ ਨੂੰ ਕੋਈ ਦੁਰਲੱਭ ਪੁਸਤਕ ਪ੍ਰਾਪਤ ਹੋਈ ਤਾਂ ਪੜ੍ਹਨ ਦਾ ਲੋਭ ਤਿਆਗ ਨਾ ਸਕੇ। ਨਤੀਜਨ ਆਪ ਦੀ ਇੱਕ ਅੱਖ ਸਦਾ ਲਈ ਚਲੀ ਗਈ।

ਸ. ਕਰਮ ਸਿੰਘ ਨੇ ਖੇਤੀ ਦੇ ਕੰਮ ਵਿੱਚ ਭਰਪੂਰ ਮਿਹਨਤ ਕੀਤੀ। ਇਸ ਕੰਮ ਵਿੱਚੋਂ ਆਪ ਨੂੰ ਜਿੰਨਾ ਵੀ ਵਿਹਲਾ ਸਮਾਂ ਮਿਲਦਾ, ਉਹ ਆਪ ਸਾਰਾ ਪੜ੍ਹਨ ਲਿਖਣ ਵਿੱਚ ਹੀ ਲਾਉਂਦੇ। ਆਪਣੇ ਖੋਜ ਦੌਰਿਆਂ, ਦੁਰਲੱਭ ਪੁਸਤਕਾਂ ਦੇ ਅਧਿਐਨ, ਹੱਥ ਲਿਖਤਾਂ ਅਤੇ ਪੁੱਛ ਪੜਤਾਲ ਰਾਹੀਂ ਆਪ ਨੇ ਬਹੁਤ ਸਾਰਾ ਇਤਿਹਾਸਕ ਮਸਾਲਾ ਇਕੱਠਾ ਕਰ ਲਿਆ ਸੀ। ਸ਼ਾਇਦ ਹੀ ਕੋਈ ਲਾਇਬਰੇਰੀ ਅਜਿਹੀ ਹੋਵੇ ਜਿੱਥੇ ਆਪ ਨਾ ਗਏ ਹੋਣ। ਪੰਜਾਬ ਪਬਲਿਕ ਲਾਇਬਰੇਰੀ, ਪਟਿਆਲਾ, ਬਦਾਯੂੰ, ਦਰਭੰਗਾ, ਅਲੀਗੜ੍ਹ, ਕਲਕੱਤਾ, ਤੋਂ ਇਲਾਵਾ 'ਏਸ਼ੀਆਟਿਕ ਲਾਇਬਰੇਰੀ ਵਿੱਚ ਜਾ ਕੇ ਵੀ ਆਪ ਨੇ ਸਿੱਖ ਰਾਜ ਨਾਲ ਸਬੰਧਿਤ ਪੁਸਤਕਾਂ ਨੂੰ ਵਾਚ ਕੇ ਨੋਟ ਤਿਆਰ ਕੀਤੇ। ਇਨ੍ਹਾਂ ਦੀ ਯਾਦ ਸ਼ਕਤੀ ਵੀ ਬੜੀ ਕਮਾਲ ਦੀ ਸੀ। ਕਿਸੇ ਵੀ ਕਿਤਾਬ ਨੂੰ ਇੱਕੋ ਵਾਰ ਪੜ੍ਹਨ ਤੇ ਆਪ ਨੂੰ ਯਾਦ ਹੋ ਜਾਂਦੀ ਸੀ। ਹੋਰ ਬਹੁਤ ਸਾਰੀਆਂ ਦੁਰਲੱਭ ਪੁਸਤਕਾਂ ਹਜ਼ਾਰਾਂ ਰੁਪਏ ਖਰਚ ਕੇ ਇਕੱਠੀਆਂ ਕੀਤੀਆਂ। ਸੈਂਕੜੇ ਕਿਤਾਬਾਂ ਦੀਆਂ ਨਕਲਾਂ ਲੈ ਕੇ ਆਏ। ਇਨ੍ਹਾਂ ਦਾ ਇਰਾਦਾ ਸੀ ਕਿ ਦੋ ਤਿੰਨ ਸਾਲ ਖੇਤੀ ਦੇ ਕੰਮ ਵਿੱਚ ਚੋਖੀ ਮਿਹਨਤ ਕਰਕੇ ਉਸ ਨੂੰ ਪੱਕੇ ਪੈਰੀਂ ਕਰ ਦਿਆਂ, ਫਿਰ ਜਦੋਂ ਨੈਨੀਤਾਲ ਜਾਂ ਕਿਤੇ ਹੋਰ ਡੇਰਾ ਲਾ ਕੇ ਬੈਠਾਂਗਾ ਤਾਂ ਸਾਲ ਛੇ ਮਹੀਨੇ ਵਿੱਚ ਹੀ ਸਾਰਾ ਇਤਿਹਾਸ ਲੜੀਵਾਰ ਲਿਖ ਲਵਾਂਗਾ।


ਸ. ਕਰਮ ਸਿੰਘ ਖੋਜ ਅਤੇ ਅਧਿਐਨ ਦਾ ਕਾਰਜ ਵਿੱਚ ਏਨਾ ਡੁੱਬ ਜਾਂਦੇ ਸਨ ਕਿ ਇਨ੍ਹਾਂ ਨੂੰ ਆਪਣੀ ਸਿਹਤ ਦੀ ਰਤਾ ਵੀ ਪ੍ਰਵਾਹ ਨਹੀਂ ਰਹਿੰਦੀ ਸੀ। ਲਗਾਤਾਰ ਦਿਮਾਗੀ ਘਾਲਣਾ ਤੇ ਉੱਤੋਂ ਤਪਦਿਕ ਦੀ ਬਿਮਾਰੀ ਆ ਢੁੱਕੀ। ਆਪ ਖ਼ੁਦ ਦਵਾਈਆਂ ਦੇ ਜਾਣੂੰ ਸਨ, ਇਸ ਲਈ ਕੁਝ ਸਮੇਂ ਵਿੱਚ ਬਿਮਾਰੀ ਨੂੰ ਕੰਟਰੋਲ ਵਿੱਚ ਕਰ ਲਿਆ।

ਨੈਨੀਤਲ ਵਿੱਚ ਜਿੱਥੇ ਆਪ ਦੀ ਰਿਹਾਇਸ਼ ਸੀ, ਉੱਥੇ ਮੱਛਰਾਂ ਦੀ ਬਹੁਤ ਭਰਮਾਰ ਸੀ। ਅਗਸਤ 1930 ਵਿੱਚ ਆਪ ਨੂੰ ਮਲੇਰੀਆ ਹੋ ਗਿਆ। ਕੁਝ ਦਿਨਾਂ ਬਾਅਦ ਨਾਲ ਹੀ ਨਮੂਨੀਆਂ ਦਾਹਮਲਾ ਵੀ ਹੋ ਗਿਆ। ਬਿਮਾਰੀ ਲਗਾਤਾਰ ਵਧਦੀ ਹੀ ਗਈ ਤਾਂ ਇਨ੍ਹਾਂ ਨੂੰ ਤਰਨ ਤਾਰਨ ਲਿਆਂਦਾ ਗਿਆ। ਆਪ ਦੇ ਇਲਾਜ ਲਈ ਪੂਰੀ ਵਾਹ ਲਾਈ ਗਈ ਪਰ ਆਪ ਦੀ ਸਿਹਤ ਨਿਰੰਤਰ ਡਿਗਦੀ ਗਈ। ਅਖੀਰ 10 ਸਤੰਬਰ 1930 ਨੂੰ ਸ਼ਾਮ ਦੇ ਸਾਢੇ ਪੰਜ ਵਜੇ ਆਪ ਸਦਾ ਲਈ ਅੱਖਾਂ ਮੀਟ ਗਏ। ਤਰਨਤਾਰਨ ਵਿੱਚ ਹੀ ਆਪ ਦਾ ਅੰਤਿਮ ਸੰਸਕਾਰ ਕੀਤਾ ਗਿਆ।

ਆਪ ਦੇ ਅਚਨਚੇਤ ਵਿਛੜ ਜਾਣ ਨਾਲ ਪੰਥਕ ਆਗੂਆਂ, ਸਿੱਖੀ ਹਿਤੈਸ਼ੀਆਂ ਤੇ ਵਿਦਵਾਨਾਂ ਨੂੰ ਗਹਿਰਾ ਧੱਕਾ ਲੱਗਿਆ। ਆਪ ਦੇ ਜਾਣ ਨਾਲ ਹੀ ਬਹੁਮੁੱਲਾ ਇਤਿਹਾਸਕ ਖਜ਼ਾਨਾ ਵੀ ਲੁੱਟਿਆ ਗਿਆ। ਇਨ੍ਹਾਂ ਦੁਆਰਾ ਲਿਖੇ ਬਹੁਤ ਸਾਰੇ ਖਰੜਿਆਂ, ਇਤਿਹਾਸਕ ਲੇਖਾਂ ਤੋਂ ਇਲਾਵਾ ਜੋ ਪੁਸਤਕਾਂ ਪ੍ਰਕਾਸ਼ਿਤ ਹੋਈਆਂ, ਉਹ ਹਨ: 'ਬੰਦਾ ਬਹਾਦਰ', 'ਕਤਕ ਕਿ ਵਸਾਖ', 'ਜੀਵਨ ਹਰਨਾਮ ਕੌਰ', 'ਜੀਵਨ ਸਦਾ ਕੌਰ', 'ਬੰਦਾ ਕੌਣ ਥਾ'(ਉਰਦੂ), 'ਮਾਹਾਰਾਜਾ ਆਲਾ ਸਿੰਘ', 'ਗੁਰਪੁਰਬ ਨਿਰਣੈ', 'ਅਮਰ ਖ਼ਾਲਸਾ', 'ਗੁਰ ਗਾਥਾ'।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ


REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.


ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4

Gurnek Bangar
(Pasla)

# ਜ਼ਿੰਦਗੀ ਇਕ ਖ਼ੂਬਸੂਰਤ ਮੌਕਾ



ਲਿਖਤ : ਬਲਵਿੰਦਰ ਬਾਲਮ ਗੁਰਦਾਸਪੁਰ
ਸੰਪਰਕ : 98156-25409

ਜ਼ਿੰਦਗੀ ਇਕ ਖ਼ੂਬਸੂਰਤ ਮੌਕਾ ਹੈ। ਕੁਦਰਤ ਨੇ ਚੌਰਾਸੀ ਲੱਖ ਜੂਨ ਦੀ ਜ਼ਿੰਦਗੀ ਨੂੰ ਇਹ ਖ਼ੂਬਸੂਰਤ ਮੌਕਾ ਸਿਰਫ਼ ਤੇ ਸਿਰਫ਼ ਇਕ ਵਾਰੀ ਹੀ ਦੇਣਾ ਹੈ। ਦੁਬਾਰਾ ਨਹੀਂ, ਬਿਲਕੁਲ ਦੁਬਾਰਾ ਨਹੀਂ। ਇਸ ਨੂੰ ਹਰ ਸਾਲ ਅਜਾਈ ਨਹੀਂ ਗਵਾਉਣਾ ਚਾਹੀਦਾ। ਇਸ ਖ਼ੂਬਸੂਰਤ ਮੌਕੇ ਦੇ ਬਿਹਤਰੀਨ ਕੀਮਤੀ ਤੋਹਫ਼ੇ ਦੀਆਂ ਅਨੇਕਾਂ ਦੀ ਦੁਖ-ਸੁੱਖ ਦੀਆਂ ਸ਼ਾਖਾਵਾਂ ਪੁੰਗਰਦੀਆਂ ਰਹਿੰਦੀਆਂ ਹਨ ਅਤੇ ਸਮੇਂ ਨਾਲ ਮਿਟਦੀਆਂ ਵੀ ਰਹਿੰਦੀਆਂ ਹਨ। ਦੁੱਖਾਂ-ਸੁੱਖਾਂ ਦਾ ਸੁਮੇਲ ਦੀ ਇਸ ਨੂੰ ਚਲਾਉਣ ਲਈ ਨਿਸ਼ਚਿਤ ਹੈ। ਕਿਉਂਕਿ ਇਸ ਸ਼ਰੀਰ ਉਪਰ ਕਵੀ ਅਵਸਥਾਵਾਂ ਆਉਂਦੀਆਂ ਹਨ। ਇਸ ਤਰ੍ਹਾਂ ਬਚਪਨ, ਜਵਾਨੀ, ਪੌੜ੍ਹਤਾ, ਬੁਢਾਪਾ, ਇਹ ਸ਼ਰੀਰਕ ਕਿਰਿਆਵਾਂ ਨਿਸ਼ਚਿਤ ਹਨ।

ਅਗਰ ਜੋ ਮੌਕੇ ਤੁਹਾਨੂੰ ਮਿਲਦੇ ਹਨ ਜਿਨ੍ਹਾਂ ਵਿਚ ਖ਼ੂਬਸੂਰਤੀ ਦੇ ਅਰਥ ਹੁੰਦੇ ਹਨ, ਉਨ੍ਹਾਂ ਨੂੰ ਅਪਣਾਉਣ ਲਈ ਜ਼ੁਰਰਤ, ਮਿਹਨਤ, ਲਗਨ, ਸੰਘਰਸ਼, ਸਮਤਲ ਸੋਚ ਅਤੇ ਉਸ ਪਰਵਰਦਿਗਾਰ ਦਾ ਆਸ਼ੀਰਵਾਦ ਹੋਣਾ ਜ਼ਰੂਰੀ ਹੈ। ਕੁਝ ਲੋਕ ਇਨ੍ਹਾਂ ਮੌਕਿਆਂ ਨੂੰ ਪਾਉਣ ਲਈ ਨਿਝਕ, ਡਰ ਰਹਿਤ ਹੋ ਕੇ ਪਹਿਲ ਕਰ ਲੈਂਦੇ ਹਨ ਅਤੇ ਕੁਝ ਲੋਕ ਸ਼ਰਮਿੰਦਗੀ ਜਾਂ ਝਾਕੇ ਜਾਂ ਡਰ ਜਾਂ ਵਿਪਰੀਤ ਸਥਿਤੀਆਂ ਦੀ ਵਜ੍ਹਾ ਕਰਕੇ ਮੌਕਾਂ ਗਵਾ ਲੈਂਦੇ ਹਨ ਇਸ ਕਰਕੇ ਉਨ੍ਹਾਂ ਨੂੰ ਸਾਰੀ ਉਮਰ ਪਛਤਾਵਾ ਰਹਿੰਦਾ ਹੈ ਕਿਉਂਕਿ ਪ੍ਰਾਪਤੀਆਂ ਪਾਉਣਾ ਉਮਰ ਦੇ ਤਕਾਜ਼ੇ ਉਪਰ ਨਿਰਭਰ ਕਰਦਾ ਹੈ। ਢਲਦੀ ਉਮਰ ਤੁਹਾਡਾ ਸਾਥ ਨਹੀਂ ਦੇ ਸਕਦੀ ਇਹ ਕੁਦਰਤ ਦਾ ਨਿਯਮ ਹੈ। ਕਿਉਂਕਿ ਸਮਾਂ ਬੜਾ ਬਲਵਾਨ ਹੈ ਇਹ ਕਿਸੇ ਦੇ ਹੱਥ ਨਹੀਂ ਆਉਂਦਾ, ਜੋ ਬੀਤ ਗਿਆ ਉਹ ਵਾਪਸ ਨਹੀਂ ਆ ਸਕਦਾ। ਇਹ ਕੁਦਰਤੀ ਦੀ ਅਟੱਲ ਸੱਚਾਈ ਹੈ। ਇਸ ਉਪਰ ਕੋਈ ਵਿਗਿਆਨ ਵੀ ਰੋਕ ਨਹੀਂ ਲਗਾ ਸਕਦਾ। ਕੁਦਰਤ ਕੋਲ ਜੋ ਕੁਝ ਹੈ ਮਨੁੱਖ ਇਸ ਨੂੰ ਬਦਲ ਨਹੀਂ ਸਕਦਾ। ਉਸ ਨੂੰ ਖ਼ੂਬਸੂਰਤ ਬਣਾਉਣ ਲਈ ਵਾਧਾ ਜ਼ਰੂਰ ਕਰ ਸਕਦਾ ਹੈ।

ਇਸ ਮੌਕੇ ਵਿਚ ਸਵਰਗ ਵੀ ਹੈ ਅਤੇ ਨਰਕ ਵੀ ਹੈ। ਪਤਝੜ ਦੀ ਅਤੇ ਬਹਾਰ ਵੀ ਹੈ। ਉਨਤੀ ਵੀ ਗਿਰਾਵਟ ਵੀ। ਸ਼ਕਤੀ ਭਗਤੀ ਅਤੇ ਦੁਰਬਲਤਾ ਵੀ। ਉਦਾਸੀਨਤਾ ਅਤੇ ਦੀਨਤਾ ਵੀ।

ਸੂਰਜ ਚੰਦ ਸਿਤਾਰੇ, ਧਰਤੀ ਇਸ ਮੌਕੇ 'ਤੇ ਪੂਰਨ ਗਵਾਹ ਹਨ। ਸੂਰਜ ਚੰਨ ਸਿਤਾਰੇ ਅਤੇ ਧਰਤੀ ਮੌਕਾ ਨਹੀਂ, ਦ੍ਰਿਸ਼ ਰੂਪ ਵਿਚ ਚਿਰੰਜੀਵ ਹਨ ਜੋ ਕਦੀ ਮਰਦੇ ਨਹੀਂ, ਪਰ ਜ਼ਿੰਦਗੀ ਇਕ ਮੌਕਾ ਪਾ ਕੇ ਅਦ੍ਰਿਸ਼ ਹੋ ਜਾਂਦੀ ਹੈ।

ਹਰ ਤਰ੍ਹਾਂ ਦਾ ਸਾਹਿਤ ਅਤੇ ਹਰ ਤਰ੍ਹਾਂ ਦਾ ਵਿਗਿਆਨ (ਪ੍ਰਾਪਤੀਆਂ) ਇਕ ਮੌਕੇ ਦੇ ਸਮੇਂ ਨੂੰ ਕੈਦ ਕਰ ਲੈਂਦਾ ਹੈ। ਸਾਹਿਤ ਹੀ ਮੌਕੇ ਦੇ ਸਮੇਂ ਨੂੰ ਕੈਦ ਕਰ ਸਕਦਾ ਹੈ। ਸ਼ਬਦਾਂ ਦੀ ਮੁਠੀ ਵਿਚ ਬੰਦ ਕਰ ਸਕਦਾ ਹੈ। ਅਤੇ ਕਰ ਲੈਂਦਾ ਹੈ। ਵਿਗਿਆਨਕ ਖੋਜਾਂ ਅਤੇ ਕਾਢਾਂ ਸਮੇਂ ਨੂੰ ਮੁੱਠੀ ਵਿਚ ਬੰਦ ਕਰ ਲੈਂਦੀਆਂ ਹਨ ਪਰ ਮਨੁੱਖ ਨੂੰ ਜ਼ਿੰਦਗੀ ਦਾ ਮੌਕਾ ਇਕ ਵਾਰ ਹੀ ਮਿਲਦਾ ਹੈ। ਇਸ ਪਿੱਛੇ ਲਗਨ, ਸ਼ਕਤੀ, ਭਗਤੀ, ਸੰਘਰਸ਼, ਉਦਮ, ਕਰਮਠਤਾ, ਧੀਰਜ, ਨਿਸ਼ਚਾ, ਇਮਾਨਦਾਰੀ, ਮਿਹਨਤ, ਸਾਕਾਰਤਮਿਕ ਸੋਚ ਅਤੇ ਵਿਵੇਕ ਸ਼ੀਲਤਾ ਦੀ ਜ਼ਰੂਰਤ ਹੁੰਦੀ ਹੈ।

ਕਈ ਲੋਕ ਮੌਕੇ ਲਭ ਲੈਂਦੇ ਹਨ ਅਤੇ ਕਈਆਂ ਨੂੰ ਮੌਕੇ ਲੱਭਣੇ ਨਹੀਂ ਆਉਂਦੇ। ਮੌਕੇ ਦੀ ਇਬਾਰਤ, ਇਬਾਦਤ ਮਿਲਣਾ ਕੁਦਰਤ ਉਪਰ ਵੀ ਨਿਰਭਰ ਕਰਦਾ ਹੈ।

ਖ਼ੂਬਸੂਰਤ ਮੰਜ਼ਿਲ ਪਾਉਣੀ ਹੋਵੇ ਤਾਂ ਨੀਂਦ ਨਹੀਂ ਆਉਂਦੀ। ਮਿਹਨਤ, ਮਜ਼ਬੂਰ ਕਰਦੀ ਹੈ। ਮੌਕੇ ਵਲਵਲੇ ਲੈਂਦੇ ਹਨ। ਮੰਜ਼ਿਲ ਪਾਉਦੀ ਹੋਵੇ ਤਾਂ ਹਿਰਦੇ ਵਿਚ ਇਕ ਰੋੜਾ ਪਾਰੇ ਵਾਂਗ ਰੜਕਦਾ ਰਹਿੰਦਾ ਹੈ।

ਇਸ ਖ਼ੂਬਸੂਰਤ ਮੌਕੇ ਵਿਚ ਬਹੁਤ ਕੁਝ ਤੁਹਾਡੇ ਉਪਰ ਨਿਰਭਰ ਕਰਦਾ ਹੈ ਅਤੇ ਬਹੁਤ ਕੁਝ ਕੁਦਰਤ ਉਪਰ ਹੀ ਨਿਰਭਰ ਕਰਦਾ ਹੈ। ਹਾਲਾਤਾਂ ਅਤੇ ਘਟਨਾਵਾਂ ਦੀਆਂ ਪਰਸਥਿਤੀਆਂ ਵੀ ਮੌਕੇ ਨੂੰ ਨਿਰਭਰ ਕਰਦੀਆਂ ਹਨ। ਸੰਭਲ ਕੇ ਉਠਣਾ ਅਤੇ ਫਿਰ ਉਸੇ ਹੀ ਰਫ਼ਤਾਰ ਦੇ ਕਦਮਾਂ ਵਿਚ ਚਲਣਾ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਦੇ ਅਰਥ ਮਿਲਦੇ ਹਨ।

ਕਈ ਵਾਰ ਮੌਕਾ ਤੁਹਾਡੀ ਦਹਿਲੀਜ਼ ਉਪਰ ਖ਼ੁਦ ਬ-ਖ਼ੁਦ ਹੀ ਆ ਜਾਂਦਾ ਹੈ ਪਰ ਤੁਸੀਂ ਆਪਣੀ ਨਾਲਾਇਕੀ ,ਆਲਸ ਜਾਂ ਭੈਅ ਜਾਂ ਨਾਸਮਝੀ ਜਾਂ ਜ਼ੁਰਰਤ ਨਾ ਹੋਣ ਕਰਕੇ ਛੱਡ ਦਿੰਦੇ ਹੋ। ਅਲਬੱਤਾ ਇਸ ਦੀ ਅਪ੍ਰਾਪਤੀ ਸਾਰੀ ਉਮਰ ਪੈਰ੍ਹ ਇਹ ਫਸੇ ਤਿੱਖੇ ਨੋਕਦਾਰ ਕੰਡੇ ਦੀ ਚੀਸ ਵਾਂਗ ਚੁਭਦੀ ਰਹਿੰਦੀ ਹੈ। ਇਸ ਵਿਚ ਲਹੂ ਤਾਂ ਨਹੀਂ ਸਿਮਦਾ ਪਰ ਦਰਦ ਭਰੀ ਟੀਸ ਛਲਦੀ ਰਹਿੰਦੀ ਹੈ।

ਦੁਨੀਆਂ ਵਿਚ ਜਿੰਨੇ ਵੀ ਮਹਾਨ ਪ੍ਰਾਪਤੀਆਂ ਯੁਕਤ ਵਿਅਕਤੀ ਹੋਏ ਹਨ, ਉਨ੍ਹਾਂ ਨੇ ਮੌਕੇ ਦਾ ,ਸਮੇਂ ਦਾ ਪੂਰਾ ਪੂਰਾ ਫਾਇਦਾ ਲੈ ਕੇ ਉਚ ਦਰਜੇ ਦੇ ਕੀਰਤੀਮਾਨ ਸਥਾਪਿਤ ਕੀਤੇ ਅਤੇ ਬਹੁਤ ਸਾਰੇ ਲੋਕ ਏਦਾਂ ਦੇ ਵੀ ਹਨ ਜਿਨ੍ਹਾਂ ਨੇ ਕੁਝ ਮਜਬੂਰੀਆਂ, ਲਾਚਾਰੀਆ ਕਰਕੇ ਖ਼ੂਬਸੂਰਤ ਮੌਕੇ ਛੱਡ ਦਿੱਤੇ ਜਾਂ ਛੱਡਦੇ ਪਏ। ਉਨ੍ਹਾਂ ਮੌਕੇ ਦੇ ਰਸਤਿਆਂ ਨੂੰ ਅਪਨਾਇਆ ਹੀ ਨਹੀਂ ਬਲਕਿ ਉਹ ਮੰਜ਼ਿਲ ਤੋਂ ਵੀ ਵਾਂਝੇ ਰਹਿ ਗਏ, ਇਹ ਨਹੀਂ ਕਿ ਉਨ੍ਹਾਂ ਲੋਕਾਂ ਕੋਲ ਉਚ ਕੋਟੀ ਦਾ ਦਿਮਾਗ ਜਾਂ ਵਿਵੇਕਸ਼ੀਲਤਾ ਨਹੀਂ ਸੀ ਜਾਂ ਵਿਦਿਆ ਨਹੀਂ ਸੀ। ਅਲਬੱਤਾ ਉਨ੍ਹਾਂ ਨੇ ਸਿਰਫ਼ ਤੇ ਸਿਰਫ਼ ਜ਼ੁਰਰਤ ਅਤੇ ਦਲੇਰੀ ਨੂੰ ਨਹੀਂ ਵਰਤਿਆ।

ਝਾਕਾ ਅਤੇ ਡਰ ਮਨੁੱਖ ਨੂੰ ਕਮਜ਼ੋਰ ਕਰ ਦਿੰਦਾ ਹੈ। ਜਿਸ ਵਿਅਕਤੀ ਵਿਚ ਸਾਕਾਰਤਮਿਕ ਡਰ ਹੈ, ਉਹ ਅੱਗੇ ਵਧਦਾ ਹੈ ਜਿਸ ਵਿਚ ਨਾਕਾਰਤਮਿਕ ਡਰ ਹੈ, ਉਹ ਬੰਦਾ ਕਦੀ ਵੀ ਆਪਣੀ ਮੰਜ਼ਿਲ ਤਕ ਨਹੀਂ ਪਹੁੰਚ ਸਕਦਾ, ਕਿਉਂ ਕਿਉਂ ਕਿ ਨਾਕਾਰਤਮਿਕ ਡਰ ਵਿਚ ਸਾਹਮਣਾ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਮੰਜ਼ਿਲ ਦਿਸਦੀ ਹੈ ਪਰ ਉਨ੍ਹਾਂ ਦੇ ਕੰਡਿਆਲੇ ਰਾਹਾਂ ਤੋਂ ਘਬਰਾ ਕੇ ਅੱਗੇ ਨਹੀਂ ਜਾਂਦਾ ਪਰ ਜੋ ਵਿਅਕਤੀ ਇਸ ਨਾਕਰਾਤਮਿਕ ਡਰ ਤੋਂ ਸੁਚੇਤ ਹੋ ਕੇ ਸਾਕਰਾਤਮਿਕ ਡਰ ਅਪਨਾ ਲੈਂਦੇ ਹਨ। ਭੈਅ ਦਾ ਸਦਉਪਯੋਗ ਕਰਦੇ ਹਨ, ਉਹ ਕੰਡਿਆਲੇ ਰਾਵਾਂ ਦੇ ਕੰਡੇ ਇਕ ਪਾਸੇ ਕਰਕੇ ਅਪਨਾ ਰਸਤਾ ਬਣਾ ਲੈਂਦੇ ਹਨ। ਕਿਉਂਕਿ ਇਹ ਕੰਡੇ ਇਕ ਪਾਸੇ ਕਰਨ ਲਈ ਬੁੱਧੀ, ਦਿਮਾਗ, ਸਮਾਂ, ਦਲੇਰੀ ਚਾਹੀਦੀਹੈ। ਹੱਥ ਲਹੂ ਲੁਹਾਣ ਵੀ ਹੋ ਸਕਦੇ ਹਨ ਪਰ ਉਹ ਲੋਕ ਮੰਜ਼ਿਲ ਪਾ ਲੈਂਦੇ ਹਨ। ਇਸ ਵਿਚ ਸਮਾਂ ਜ਼ਰੂਰੀ ਬੰਨਣਾ ਪੈਂਦਾ ਹੈ। ਇਸ ਵਿਚੋਂ ਸੁਖੱ ਦੀਆਂ ਪ੍ਰਾਪਤੀਆਂ ਦੀਆਂ ਕਰੂਬਲਾਂ ਫੁੱਟਦੀਆਂ ਹਨ, ਇੰਨਾਂ ਦੇ ਅਕੁੰਰ 'ਚੋਂ ਅਨੇਕਾਂ ਹੀ ਬੀਜ ਪੈਦਾ ਹੁੰਦੇ ਹਨ।

ਜ਼ਿੰਦਗੀ ਦਾ ਮੌਕਾ ਇਕ ਵਾਰੀ ਹੀ ਮਿਲਦਾ ਹੈ, ਤੁਸੀਂ ਉਮਰ ਦੇ ਤਕਾਜ਼ੇ ਵਿਚ ਜੋ ਬਣ ਗਏ ਸੋ ਬਣ ਗਏ। ਕਈ ਮਨੁੱਖ ਮੌਕਿਆਂ ਦੀ ਤਲਾਸ਼ ਵਿਚ ਰਹਿੰਦੇ ਹਨ ਅਤੇ ਪ੍ਰੋੜ ਉਮਰ ਵਿਚ ਜਾ ਕੇ ਸਮੇਂ ਨੂੰ ਬੰਨ ਲੈਂਦੇਹਨ। ਆਪਣੀ ਸਮਤਲ ਸੋਚ ਨਾਲ ਸਿੱਖਣ ਅਤੇ ਮੰਨਣ ਦੀ ਭਾਵਨਾ ਨਾਲ। ਅੱਗੇ ਵਧਣਾ ਸ਼ੁਰੂ ਕਰਦੇ ਹਨ ਸਿੱਖ ਸਿੱਖ ਕੇ ਪੜ੍ਹ ਪੜ੍ਹ ਕੇ, ਉਸਤਾਦਾਂ ਦੀ ਮਦਦ ਨਾਲ ਮੰਜ਼ਿਲ ਤਕ ਜਾ ਪਹੁੰਚਦੇ ਹਨ।

ਪਰ ਵਡੇਰੀ ਉਮਰ ਵਿਚ ਜਾ ਕੇ ਮੰਜ਼ਿਲ ਨੂੰ ਪਾਉਣਾ ਆਸਾਨ ਨਹੀਂ ਹੁੰਦਾ। ਕੋਈ ਵਿਰਲਾ ਟਾਂਵਾ ਮਨੱਖ ਹੀ ਤਰੱਕੀ ਦੀਆਂ ਮੰਜ਼ਿਲਾਂ ਛੂਹ ਸਕਦੇ ਹਨ ਜਾਂ ਕਹਿ ਲਿਆ ਜਾਵੇ ਕਿ ਸਮਾਂ ਉਨ੍ਹਾਂ ਦੇ ਹੱਕ ਵਿਚ ਅਤੇ ਉਹ ਸਮੇਂ ਦੇ ਹੱਕ ਵਿਚ ਕਿਸਮਤ ਦਾ ਸਹਾਰਾ ਲੈ ਲੈਂਦੇ ਹਨ।

ਇਸ ਮੌਕੇ ਦੇ ਅਮੀਰੀ ਅਤੇ ਗ਼ਰੀਬੀ ਦੇ ਦੋ ਪਹਿਲੂ ਹਨ। ਇਨ੍ਹਾਂ ਵਿਚ ਦੁੱਖ-ਸੁੱਖ ਸਾਂਝਾ ਹੁੰਦਾ ਹੈ, ਉਮਰ ਦੇ ਤਕਾਜ਼ੇ ਸਾਂਝੇ ਹੁੰਦੇ ਹਨ। ਕਈ ਵਿਅਕਤੀ ਗ਼ਰੀਬੀ 'ਚੋਂ ਉਠ ਕੇ ਬੁਲੰਦੀਆਂ ਸ਼ੁਹਰਤ ਅਤੇ ਉਚੇ ਪਦ ਨੂੰ ਹਾਸਿਲ ਕਰ ਗਏ ਪਰ ਕਈ ਅਮੀਰ ਵਿਅਕਤੀ ਹਾਲਾਤਾਂ ਦੀ, ਘਟਨਾਵਾਂ ਦੀ ਹਨੇਰੀ ਵਿੱਚ ਬਰਾਬਰ ਹੋ ਕੇ ਗ਼ਰੀਬੀ ਦੀ ਦਲਦਲ ਵਿੱਚ ਧੱਸ ਗਏ। ਇਹ ਸਾਰਾ ਸਮੇਂ ਸਮੇਂ ਮੌਕੇ ਦਾ ਖੇਲ ਹੈ।

ਜ਼ਿੰਦਗੀ ਬਹੁਤ ਛੋਟੀ ਹੈ ਜਿਵੇਂ ਖ਼ੂਬਸੂਰਤ ਫੁੱਲ ਦੀ ਪੱਤੀ ਦੀ ਨੋਕ 'ਤੇ ਖੜੀ ਸ਼ਬਨਮ।

ਤੁਸੀਂ ਕੀ ਬਣਨਾ ਚਾਹੁੰਦੇ ਹੋ? ਬਣ ਸਕਦੇ ਹੋ, ਪਰ ਤੁਹਾਨੂੰ ਚੰਗੀ ਸੱਚੀ ਸੁੱਚੀ ਈਮਾਨਦਾਰੀ ਵਾਲੀ ਰਹਿਬਰੀ ਵਿਵੇਕ ਸ਼ੀਲਤਾ ਅਤੇ ਉਦਮ ਦੀ ਜ਼ਰੂਰਤ ਹੈ, ਇਸ ਤਰ੍ਹਾਂ ਇਕ ਬੀਜ਼ ਤੋਂ ਬਾਅਦ ਪੁੰਗਰਦੇ ਪੌਦੇ ਨੂੰ ਮਾਲੀ ਦੀ, ਸੂਰਜ ਦੀ, ਪਾਣੀ ਦੀ, ਖਾਦ ਆਦਿ ਦੀ ਜ਼ਰੂਰਤ ਹੁੰਦੀ ਹੈ।

ਪ੍ਰੇਰਣਾ ਅਤੇ ਉਤਸ਼ਾਹ ਤਰੱਕੀ ਦਾ ਮੂਲ ਮੰਤਰ ਹੈ। ਅਗਰ ਇਹ ਦੋਵੇਂ ਈਮਾਨਦਾਰੀ ਵਾਲੇ ਮਿਲ ਜਾਣ ਤਾਂ ਸਰਵੋਤਮ ਕੀਰਤੀਮਾਨ ਪੈਦਾ ਕੀਤੇ ਜਾਂਦੇ ਹਨ। ਮਾਂ ਤੋਂ ਲੈ ਕੇ ਭਗਵਾਨ ਤਕ ਪ੍ਰੇਰਣਾ ਅਤੇ ਉਤਸ਼ਾਹ ਬਲ ਪੂਰਵਕ ਮਿਲੇ ਤਾਂ ਮੌਕਿਆਂ ਵਿਚ ਬੁਲੰਦੀ ਆ ਜਾਂਦੀ ਹੈ।

ਦੋਸਤੋ, ਖ਼ੁਸ਼ੀ ਪਰਮਾਤਮਾ ਨਹੀਂ ਦਿੰਦਾ ,ਖ਼ੁਸ਼ੀ ਤੁਹਾਨੂੰ ਲਭਣੀ ਪੈਂਣੀ ਹੈ, ਘਰ 'ਚੋਂ ਬਾਹਰ 'ਚੋਂ, ਸਬਰ, ਅੰਬਰ, ਧਰਤੀ, ਦਰਿਆ, ਮਨੁੱਖ, ਆਲੇ ਦੁਆਲੇ ਵਿਚੋਂ ਪਰਮਾਤਮਾ ਦਾ ਤਾਂ ਸਿਰਫ਼ ਆਸ਼ੀਰਵਾਦ ਸਭ ਲਈ ਹੁੰਦਾ ਹੈ।

ਇਹ ਖ਼ੂਬਸੂਰਤ ਤਨ ਹੀ ਤੁਹਾਡਾ ਪਰਮਾਤਮਾ ਹੈ, ਤੁਹਾਡਾ ਪੁੱਤਰ ਹੈ, ਤੁਹਾਡਾ ਦੋਸਤ ਹੈ ਹੋਰ ਕੋਈ ਨਹੀਂ। ਤੜਕ ਸਵੇਰੇ ਉਠੋ, ਸ਼ੀਸ਼ੇ ਮੂਹਰੇ ਖੜ੍ਹ ਕੇ ਇਸ ਸ਼ਰੀਰ ਨੂੰ ਗਹੁ ਨਾਲ ਵੇਖੋ ਤੇ ਸੋਚੋ ਇਹ ਮੌਕਾ ਇਕ ਵਾਰੀ ਹੀ ਮਿਲਿਆ ਹੈ। ਫਿਰ ਇਸ ਨੂੰ ਪੁੱਤਰਾਂ ਵਾਂਗ ਪਿਆਰ ਕਰੋ, ਲਾਡੀਆਂ ਕਰੋ, ਇਸ ਨਾਲ ਗੱਲਾਂ ਕਰੋ, ਦੈਨਿਕ ਕਾਰਜ ਦੀ ਸ਼ੁਰੂਆਤ ਇਸ ਤੋਂ ਸ਼ੁਰੂ ਕਰੋ, ਇਸ ਤੋਂ ਪੁੱਛੋ ਕਿ ਤੂੰ ਕੀ ਕਰਨਾ,? ਕੀ ਖਾਣਾ ਹੈ?, ਕੀ ਪਹਿਨਣਾ ਹੈ,? ਆਦਿ ਇਹ ਹੀ ਤੁਹਾਡਾ ਅਸਲੀ ਰੱਬ ਹੈ। ਇਸ 'ਚੋਂ ਹੀ ਸਾਰੇ ਮੌਕੇ ਮਿਲਦੇ ਹਨ। ਇਹ ਹੀ ਤਰੱਕੀ ਦਾ ਸੂਤਰਧਾਰ ਹੈ, ਇਸ ਨੂੰ ਵੱਸ ਕਰ ਲਿਆ ਜਾਵੇ ਤਾਂ ਉਚੱ ਦਰਜ਼ੇਦੀ ਸਫ਼ਲਤਾ ਤੁਹਾਡੇ ਪੈਰ੍ਹ ਚੁੰਮੇਗੀ।

ਕਦਰਾਂ ਕੀਮਤਾਂ ਦਾ ਵਿਕਾਸ ਪਰਿਵਾਰ ਹੀ ਹੁੰਦਾ ਹੈ,ਇਸ ਤੋਂ ਸਪਸ਼ਟ ਹੈ ਕਿ ਕਦਰਾਂ ਕੀਮਤਾਂ ਦੁਆਰਾ ਸਭ ਪ੍ਰਕਾਰ ਚੀਜ਼ਾਂ, ਭਾਵਨਾਵਾਂ, ਵਿਚਾਰ,ਗੁਣ, ਕਿਰਿਆ, ਪਦਾਰਥ, ਵਿਅਕਤੀ ਸਮੂਹ ਅਤੇ ਤੱਥਾਂ ਆਦਿ ਦਾ ਮੁਲਾਂਕਣ ਕੀਤਾ ਜਾਂਦਾ ਹੈ।

ਜੀਵਨ, ਜੀਣ ਦਾ ਪਰਾਏਵਾਚੀ ਨਾਮ ਹੈ। ਜੀਵਨ ਸੰਜੋਗਾਂ ਦਾ ਦੂਸਰਾ ਨਾਮ ਹੈ। ਸਾਡੇ ਜਨਮ ਤੋਂ ਮੌਤ ਦੇ ਵਿਚਕਾਰ ਦਾ ਕਾਲ ਸਮਾਂ ਹੀ ਜੀਵਨ ਦਾ ਮੌਕਾ ਕਹਿਲਾਉਂਦਾ ਹੈ,ਜੋ ਕਿ ਪਰਮਾਤਮਾ ਦੁਆਰਾ ਦਿੱਤਾ ਗਿਆ ਵਰਦਾਨ ਹੈ।ਉਮਰ ਨੂੰ ਪਾਉਣਾ ਇਕ ਪਹਿਲੂ ਹੈ ਅਤੇ ਉਸ ਨੂੰ ਜੀਣਾ ਵਖਰਾ ਪਹਿਲੂ ਹੈ। ਉਮਰ ਵਧ ਰਹੀ ਹੁੰਦੀ ਹੈ ਪਰ ਜ਼ਿੰਦਗੀ ਘਟ ਰਹੀ ਹੁੰਦੀ ਹੈ। ਉਮਰ ਤਦ ਤਕ ਵਧਦੀ ਰਹਿੰਦੀ ਹੈ ਜਦ ਤਕ ਜੀਵਨ ਦੀ ਡੋਰ ਖ਼ਤਮ ਨਹੀਂ ਹੁੰਦੀ। ਜੀਵਨ ਇਕ ਪ੍ਰਕਿਰਿਆ ਹੈ, ਮੌਕਾ ਹੈ, ਪਦਾਰਥ ਨਹੀਂ

ਜ਼ਿੰਦਗੀ ਏਨੀ ਲੰਬੀ ਨਹੀਂ ਕਿ ਹਜ਼ਾਰ ਸਾਲ ਜੀਣਾ ਹੈ।। ਜ਼ਿੰਦਗੀ ਬਹੁਤ ਛੋਟੀ ਹੈ। ਕੰਮ ਕਰਨ ਦੀ ਉਮਰ ਤੰਦਰੁਸਤੀ ਦੇ ਨਾਲ ਬਿਮਾਰੀ ਰਹਿਤ ਰਹਿ ਕੇ ਬੰਦਾ 80-85 ਸਾਲ ਤਕ ਕੰਮ ਕਰ ਸਕਦਾ ਹੈ। ਭਾਰੀ ਅਤੇ ਖੇਚਲ ਰਹਿਤ ਕਾਰਜ ਹੋਵਣ ਤਾਂ ਜਾਂ ਕੇ ਉਹ ਸਹੀ ਅਗਵਾਈ ਕਰ ਸਕਦਾ ਹੈ ਕਿ 80 ਸਾਲਾਂ ਤੋਂ ਬਾਅਦ ਬਹੁਤ ਘੱਟ ਲੋਕਾਂ ਕੋਲ ਉਰਜਾ, ਸੋਚ ਬਚਦੀ ਹੈ।

ਦੋਸਤੋਂ ਜ਼ਿੰਦਗੀ ਬਹੁਤ ਛੋਟੀ ਹੈ, ਇਕ ਖ਼ੂਬਸੂਰਤ ਸੌਕਾ ਹੈ। ਇਸ ਨੂੰ ਅਜਾਈ ਦਾ ਗਵਾਉਣਾ।

# ਮਾਹੌਲ

ਲਿਖਤ : ਹਰਕੀਰਤ ਕੌਰ, ਸੰਪਰਕ : 9779118066

ਇਹ ਸਿਰਫ਼ ਘਰ ਹੀ ਹੈ ਜੋ ਹਰੇਕ ਮਨੁੱਖ ਦੀ ਸਕੂਨ ਦੀ ਜਗ੍ਹਾ ਹੈ, ਜਿੱਥੇ ਆਕੇ ਮਨੁੱਖ ਸੁਰੱਖਿਅਤ ਮਹਿਸੂਸ ਕਰਦਾ ਹੈ, ਅਤੇ ਮਨੁੱਖ ਨੂੰ ਆਪਣੇਪਣ ਦਾ ਅਹਿਸਾਸ ਹੁੰਦਾ ਹੈ। ਇੱਕ ਸਕੂਨਮਈ ਜ਼ਿੰਦਗੀ ਨੂੰ ਜਿਉਣ ਲਈ ਤੁਹਾਡੇ ਘਰ ਦੇ ਮਾਹੌਲ ਦਾ ਸਕਾਰਾਤਮਕ ਅਤੇ ਖੁਸ਼ਨੁਮਾ ਹੋਣਾ ਬਹੁਤ ਜਰੂਰੀ ਹੈ। ਜਿੰਨਾਂ ਘਰ ਦਾ ਮਾਹੌਲ ਚੜਦੀਕਲਾ ਅਤੇ ਖੁਸ਼ਨੁਮਾ ਹੁੰਦਾ ਹੈ ,ਉੱਥੇ ਰਹਿਣ ਵਾਲੇ ਪਰਿਵਾਰਿਕ ਮੈਂਬਰ ਵੀ ਖੁਸ਼, ਤੰਦਰੁਸਤ ਅਤੇ ਚੜਦੀਕਲਾ ਵਾਲੇ ਹੁੰਦੇ ਹਨ।

ਸਮਾਂ ਨਿਰੰਤਰ ਚੱਲ ਰਿਹਾ ਹੈ, ਸਮੇਂ ਨਾਲ ਤਬਦੀਲੀਆਂ ਆਈਆਂ ਹਨ ਅਤੇ ਆ ਰਹੀਆਂ ਹਨ , ਇਹ ਤਬਦੀਲੀਆਂ ਦਾ ਸਿਲਸਿਲਾ ਇਸ ਤਰ੍ਹਾਂ ਹੀ ਚੱਲਦਾ ਰਹੇਗਾ। ਭਾਵੇਂ ਅੱਜ ਵੀ ਮਨੁੱਖ ਲਈ ਸਭ ਤੋਂ ਪਿਆਰੀ ਜਗ੍ਹਾ ਉਸਦਾ ਘਰ ਹੀ ਹੈ, ਪਰ ਅੱਜ ਘਰਾਂ ਦੇ ਮਾਹੌਲ ਵਿੱਚ ਬਹੁਤ ਪਰਿਵਰਤਨ ਆ ਗਿਆ ਹੈ। ਬਹੁਤਾਤ ਲੋਕਾਂ ਦੀ ਸਥਿਤੀ ਅਜਿਹੀ ਬਣੀ ਹੈ ਕਿ ਉਹ ਆਪਣੇ ਘਰਾਂ ਨੂੰ ਜੇਲ੍ਹਾਂ ਸਮਝੀ ਬੈਠੇ ਹਨ। ਘਰ ਆਉਂਦਿਆਂ ਹੀ ਪਰਿਵਾਰਿਕ ਝਗੜੇ, ਅਣਸੁਖਾਵੇਂ ਮਾਹੌਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਧੁਨਿਕਵਾਦ ਨੇ ਮਨੁੱਖੀ ਜੀਵਨ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਮਨੁੱਖ ਦੀਆਂ ਖਵਾਹਿਸ਼ਾਂ ਬਹੁਤ ਵੱਧ ਗਈਆਂ ਹਨ, ਅਤੇ ਉਹਨਾਂ ਇਛਾਵਾਂ ਨੂੰ ਪੂਰਿਆਂ ਕਰਨ ਲਈ ਸਾਧਨ ਅੱਜ ਵੀ ਸੀਮਤ ਹੀ ਹਨ। ਘਰ ਵਿੱਚ ਕਮਾਉਣ ਵਾਲਾ ਇੱਕ ਵਿਅਕਤੀ ਹੈ, ਜਿਸ ਦੇ ਸਿਰ ਉੱਪਰ ਸਾਰੇ ਪਰਿਵਾਰ ਦੀਆਂ ਖਵਾਹਿਸ਼ਾਂ ਪੂਰੀਆਂ ਕਰਨ ਦੀ ਜਿੰਮੇਵਾਰੀ ਹੈ। ਵੱਧ ਰਹੀਆਂ ਖਵਾਹਿਸ਼ਾਂ ਦੀ ਪੂਰਤੀ ਨਾ ਹੋਣ ਤੇ ਬਹੁਤਾਤ ਘਰਾਂ ਵਿੱਚ ਲੜਾਈਆਂ ਝਗੜੇ ਹੁੰਦੇ ਹਨ, ਜੋ ਘਰ ਦੇ ਮਾਹੌਲ ਨੂੰ ਖਰਾਬ ਕਰਦੀਆਂ ਹਨ।

ਇੱਕ ਵਧੀਆ ਪਰਿਵਾਰਿਕ ਖੁਸ਼ਨੁਮਾ ਮਾਹੌਲ ਨਾ ਸਿਰਫ਼ ਸਰੀਰਕ ਬਲਕਿ ਮਨੁੱਖ ਦੀ ਮਾਨਸਿਕ ਸਿਹਤ ਨੂੰ ਤਰੋਤਾਜ਼ਾ ਅਤੇ ਤੰਦਰੁਸਤ ਰੱਖਣ ਵਿੱਚ ਬਹੁਤ ਮਦਦਗਾਰ ਸਿੱਧ ਹੁੰਦਾ ਹੈ। ਜਿਹੜਾ ਪਰਿਵਾਰ ਇੱਕ ਦੂਜੇ ਨਾਲ ਖੁਸ਼ੀ ਖੁਸ਼ੀ ਵਿਚਰਦੇ ਹਨ, ਸਮਾਂ ਬਿਤਾਉਂਦੇ ਹਨ ਉਹ ਪਰਿਵਾਰ ਦੂਸਰੇ ਪਰਿਵਾਰਾਂ ਨਾਲੋ ਵੱਧ ਸਕੂਨ ਮਈ ਜਿੰਦਗੀ ਜਿਉਂਦੇ ਹਨ।

ਯਤਨ ਕਰੋ ਕਿ ਤੁਹਾਡੇ ਘਰ ਦਾ ਵਾਤਾਵਰਣ ਅਜਿਹਾ ਹੋਵੇ ਕਿ ਤੁਹਾਡੇ ਪਰਿਵਾਰ ਤੋਂ ਇਲਾਵਾ ਕੋਈ ਰਿਸ਼ਤੇਦਾਰ ਸਾਕ ਸੰਬੰਧੀ ਵੀ ਤੁਹਾਡੇ ਘਰ ਆਵੇ ਤਾਂ ਉਸ ਨੂੰ ਸਕਾਰਾਤਮਕ ਤਰੰਗਾਂ ਆਉਣ, ਉਸਨੂੰ ਤੁਹਾਡੇ ਘਰ ਵਿੱਚ ਘੁਟਣ ਨਹੀਂ ਬਲਕਿ ਸਕੂਨ ਮਿਲੇ।

ਹੁਣ ਸਵਾਲ ਇਹ ਹੈ ਕਿ ਘਰ ਦਾ ਵਾਤਾਵਰਣ ਖੁਸ਼ਨੁਮਾ ਕਿਵੇਂ ਬਣਾਇਆ ਜਾ ਸਕਦਾ ਹੈ ਤਾਂ ਇਸਦਾ ਬਹੁਤ ਹੀ ਸਰਲ ਉੱਤਰ ਹੈ ਕਿ ਘਰ ਨੂੰ ਅਸਲ ਅਰਥਾਂ ਵਿੱਚ ਘਰ ਬਣਾਉਣ ਲਈ ਪਰਿਵਾਰ ਦੇ ਹਰ ਮੈਬਰ ਦੀ ਜਿੰਮੇਵਾਰੀ ਹੈ।

ਜੇਕਰ ਅਸੀਂ ਕਹੀਏ ਕਿ ਘਰ ਪਰਿਵਾਰ ਨੂੰ ਖੁਸ਼ ਰੱਖਣ ਦੀ ਜਿੰਮੇਵਾਰੀ ਕੇਵਲ ਔਰਤ ਦੀ ਹੈ ਤਾਂ ਅਸੀਂ ਗਲਤ ਹਾਂ, ਜੇਕਰ ਅਸੀਂ ਸੋਚੀਏ ਕਿ ਘਰ ਦੇ ਮਾਹੌਲ ਨੂੰ ਸੁਹਾਵਨਾ ਬਣਾਈ ਰੱਖਣ ਲਈ ਮਰਦ ਹੀ ਹਰ ਕੋਸ਼ਿਸ਼ ਕਰੇ ਤਾਂ ਇਹ ਵੀ ਉਚਿਤ ਨਹੀਂ। ਅਸਲ ਵਿੱਚ ਘਰ ਵਿੱਚ ਰਹਿੰਦੇ ਹਰ ਮੈਂਬਰ, ਪਤੀ, ਪਤਨੀ, ਬੱਚੇ, ਬਜ਼ੁਰਗ ਦਾ ਫਰਜ਼ ਹੈ ਕਿ ਘਰ ਦਾ ਮਾਹੌਲ ਸੋਹਣਾ ਬਣਾ ਕੇ ਰੱਖਣ ਵਿੱਚ ਆਪਣਾ ਬਣਦਾ ਯੋਗਦਾਨ ਅਤੇ ਜਿੰਮੇਵਾਰੀ ਨਿਭਾਏ।

ਪਰਿਵਾਰ ਦੇ ਕਿਸੇ ਇੱਕ ਮੈਂਬਰ ਦੀ ਬੇਰੁਖੀ, ਉਦਾਸੀ ਸਾਰੇ ਪਰਿਵਾਰ ਨੂੰ ਨਿਰਾਸ਼ ਕਰਦੀ ਹੈ ਅਤੇ ਘਰ ਦੀ ਸਥਿਤੀ ਚਿੰਤਾਜਨਕ ਬਣਾ ਦਿੰਦੀ ਹੈ। ਇਸ ਲਈ ਹਰ ਮੈਂਬਰ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਘਰ ਦੀਆਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲੇ। ਜੇਕਰ ਕੋਈ ਖਵਾਹਿਸ਼ ਜਾਂ ਮੰਗ ਪੂਰੀ ਨਹੀਂ ਹੁੰਦੀ ਜਾਂ ਫਿਰ ਵੱਡੇ ਛੋਟੇ ਕਿਸੇ ਦੀ ਵੀ ਕੋਈ ਗੱਲ ਚੰਗੀ ਨਹੀਂ ਲੱਗ ਰਹੀ ਤਾਂ ਉਸਨੂੰ ਬੈਠ ਕੇ ਵਿਚਾਰਿਆ ਜਾਵੇ, ਇੱਕ ਦੂਸਰੇ ਨਾਲ ਗੱਲਬਾਤ ਕੀਤੀ ਜਾਵੇ ਅਤੇ ਉਸਦਾ ਵਾਜਿਬ ਹੱਲ ਕੱਢਿਆ ਜਾਵੇ।

ਘਰ ਪਰਿਵਾਰ ਦਾ ਮਾਹੌਲ ਅਜਿਹਾ ਹੋਣਾ ਚਾਹੀਦਾ ਹੈ ਕਿ ਕੰਮਾਂ ਕਾਜਾਂ ਵਿੱਚ ਰੁਝਿਆ, ਜਾਂ ਹੋਰ ਸਥਿਤੀਆਂ ਵਿੱਚ ਵਿਚਰਦੇ ਇਨਸਾਨ ਨੂੰ ਆ ਕੇ ਸਕੂਨ ਮਿਲੇ, ਪਰਿਵਾਰ ਦੇ ਹਸੋਂ ਹਸੋਂ ਕਰਦੇ ਚਿਹਰੇ ਉਸਦੀ ਸਾਰੇ ਦਿਨ ਦੀ ਥਕਾਵਟ ਉਤਾਰ ਦੇਣ। ਜੇਕਰ ਕਿਸੇ ਕਾਰਣ ਕਰਕੇ ਦਿਨ ਠੀਕ ਨਹੀਂ ਗਿਆ ਹੋਵੇ ਤਾਂ ਪਰਿਵਾਰ ਨੂੰ ਮਿਲਦੇ ਸਾਰ ਹੀ ਉਸ ਨੂੰ ਸਭ ਭੁੱਲ ਜਾਵੇ।

ਇੱਕ ਸਕੂਨਮਈ ਜ਼ਿੰਦਗੀ ਜਿਉਣ ਲਈ ਘਰਾਂ ਦੇ ਮਾਹੌਲ ਸਿਰਜੀਏ, ਜਿੱਥੇ ਰਹਿੰਦੇ ਹਰ ਮੈਂਬਰ ਦੀ ਸਖਸ਼ੀਅਤ ਵੀ ਸਕਾਰਾਤਮਕ ਅਤੇ ਚੜਦੀਕਲਾ ਵਾਲੀ ਸਿਰਜੀ ਜਾਵੇ। ਚੰਗਾ ਘਰ ਚੰਗੀ ਮਾਨਸਿਕ ਸਿਹਤ ਦਾ ਵੀ ਰਾਜ ਹੈ, ਇਸ ਲਈ ਆਪਣੀ ਅਤੇ ਆਪਣਿਆਂ ਦੀ ਖੁਸ਼ੀ, ਚੜਦੀਕਲਾ ਅਤੇ ਚੰਗੀ ਸਿਹਤ ਲਈ ਘਰ ਦੇ ਮਾਹੌਲ ਨੂੰ ਖੁਸ਼ਨੁਮਾ ਬਣਾਈਏ।

# ਗੁੰਮ ਹੋਈਆਂ ਧੀਆਂ

ਲਿਖਤ : ਅਮਨਦੀਪ ਕੌਰ ਦਿਓਲ
ਸੰਪਰਕ: 62838-90980

ਅਸੀਂ ਅਕਸਰ ਹੀ ਛੋਟੇ ਹੁੰਦੇ ਸੁਣਦੇ ਸੀ ਕਿ ਹੱਲਿਆਂ ਵੇਲੇ ਬਹੁਤਿਆਂ ਲੋਕਾਂ ਦੀਆਂ ਧੀਆਂ-ਭੈਣਾਂ ਗਾਇਬ ਹੋ ਗਈਆਂ ਸਨ। ਉਹ ਅਜਿਹਾ ਦੌਰ ਸੀ, ਜਿਸ ਨੂੰ ਕੋਈ ਵੀ ਯਾਦ ਨਹੀਂ ਕਰਨਾ ਚਾਹੁੰਦਾ। ਅੱਜ ਵੀ ਜੇਕਰ ਦੇਖੀਏ ਤਾਂ ਇਹ ਦੌਰ ਕੀ ਉਨ੍ਹਾਂ ਹੱਲਿਆਂ ਤੋਂ ਘੱਟ ਹੈ ਜਦੋਂ ਸਾਡੀਆਂ ਧੀਆਂ-ਭੈਣਾਂ ਗੁੰਮ ਹੋ ਰਹੀਆਂ ਹਨ। ਇਹ ਮੈਂ ਨਹੀਂ ਕਹਿ ਰਹੀ ਸਗੋਂ ਅੰਕੜੇ ਚੀਕ-ਚੀਕ ਕੇ ਇਹ ਹਾਲਾਤ ਬਿਆਨ ਕਰ ਰਹੇ ਹਨ। ਜੁਲਾਈ 2024 ਵਿੱਚ ਮੱਧ ਪ੍ਰਦੇਸ਼ ਸਰਕਾਰ ਨੇ ਉੱਥੋਂ ਦੀ ਵਿਧਾਨ ਸਭਾ ਵਿੱਚ 21 ਜੁਲਾਈ 2021 ਤੋਂ 31 ਮਈ 2024 ਤੱਕ ਸੂਬੇ ਵਿੱਚੋਂ ਗਾਇਬ ਹੋਈਆਂ ਔਰਤਾਂ ਅਤੇ ਲੜਕੀਆਂ ਸਬੰਧੀ ਲੂੰ-ਕੰਡੇ ਖੜ੍ਹੇ ਕਰਨ ਵਾਲਾ ਅੰਕੜਾ ਪੇਸ਼ ਕੀਤਾ। ਤਿੰਨ ਸਾਲਾਂ ਵਿੱਚ 31,000 ਔਰਤਾਂ ਅਤੇ ਲੜਕੀਆਂ ਦਾ ਗਾਇਬ ਜਾਂ ਲਾਪਤਾ ਹੋ ਜਾਣਾ ਕੋਈ ਛੋਟਾ ਅੰਕੜਾ ਨਹੀਂ ਹੈ। ਇਸ ਵਿੱਚੋਂ ਸਿਰਫ਼ 724 ਕੇਸ ਹੀ ਅਧਿਕਾਰਤ ਤੌਰ ’ਤੇ ਦਰਜ ਹੋਏ। ਰਿਪੋਰਟ ਮੁਤਾਬਿਕ ਉਦੋਂ ਲੰਘੇ 34 ਮਹੀਨਿਆਂ ਵਿੱਚ 676 ਲੜਕੀਆਂ ਇਕੱਲੇ ਉਜੈਨ ਜ਼ਿਲ੍ਹੇ ਵਿੱਚੋਂ ਹੀ ਗਾਇਬ ਹੋਈਆਂ, ਪਰ ਇੱਕ ਵੀ ਕੇਸ ਦਰਜ ਨਹੀਂ ਹੋਇਆ। ਇੰਦੌਰ ਜ਼ਿਲ੍ਹੇ ਵਿੱਚੋਂ ਸਭ ਤੋਂ ਵੱਧ 2384 ਕੇਸ ਸਾਹਮਣੇ ਆਏ, ਪਰ 15 ਕੇਸ ਹੀ ਅਧਿਕਾਰਤ ਤੌਰ ’ਤੇ ਦਰਜ ਹੋਏ। ਜੂਨ 2023 ਵਿੱਚ ਕੇਂਦਰ ਸਰਕਾਰ ਦੁਆਰਾ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੁਆਰਾ ਜਾਰੀ ਕੀਤੇ ਅੰਕੜਿਆਂ ਨੂੰ ਪੇਸ਼ ਕੀਤਾ ਗਿਆ। ਇਨ੍ਹਾਂ ਅੰਕੜਿਆਂ ਮੁਤਾਬਿਕ 2019-2021 ਤੱਕ ਦੇਸ਼ ਵਿੱਚ 13.13 ਲੱਖ ਔਰਤਾਂ ਲਾਪਤਾ ਹੋਈਆਂ ਹਨ। ਇਕੱਲੇ ਮੱਧ ਪ੍ਰਦੇਸ਼ ਵਿੱਚੋਂ ਹੀ 2 ਲੱਖ ਦੇ ਕਰੀਬ ਔਰਤਾਂ ਅਤੇ ਲੜਕੀਆਂ ਲਾਪਤਾ ਹੋਈਆਂ ਹਨ। ਹਰ ਰੋਜ਼ ਔਸਤ 1200 ਲੜਕੀਆਂ ਅਤੇ ਇੱਕ ਘੰਟੇ ਵਿੱਚ 50 ਦੇ

ਕਰੀਬ ਲੜਕੀਆਂ ਅਤੇ ਔਰਤਾਂ ਗਾਇਬ ਹੋ ਰਹੀਆਂ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਸਾਲ 2022 ਦੇ ਅੰਕੜਿਆਂ ਮੁਤਾਬਿਕ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ 65,743 ਕੇਸ ਸਾਹਮਣੇ ਆਏ। ਦੇਸ਼ ਵਿੱਚ 50.2 ਫ਼ੀਸਦੀ ਔਰਤਾਂ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚੋਂ ਹੀ ਲਾਪਤਾ ਹੋਈਆਂ ਹਨ।

1981 ਦੀ ਜਨਗਣਨਾ ਵਿੱਚ ਔਰਤਾਂ ਦੇ ਗਾਇਬ ਹੋਣ ਦਾ ਰੁਝਾਨ ਸਾਹਮਣੇ ਆਉਣ ਲੱਗਿਆ। 1992 ਵਿੱਚ ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਇਸ ਵਰਤਾਰੇ ’ਤੇ ਉਂਗਲ ਧਰੀ। ਅਮਰਤਿਆ ਸੇਨ ਮੁਤਾਬਿਕ ਪੂਰੀ ਦੁਨੀਆ ਵਿੱਚੋਂ 10 ਕਰੋੜ ਤੋਂ ਵੱਧ ਔਰਤਾਂ ਲਾਪਤਾ ਹੋਈਆਂ ਹਨ, ਜਿਨ੍ਹਾਂ ਵਿੱਚੋਂ 80 ਫ਼ੀਸਦੀ ਭਾਰਤ ਅਤੇ ਚੀਨ ਦੀਆਂ ਹਨ। ਵਰਲਡ ਇਕਨੌਮਿਕ ਫੋਰਮ ਦੇ 2021 ਦੇ ਅੰਕੜਿਆਂ ਅਨੁਸਾਰ ਜੈਂਡਰ ਗੈਪ ਇੰਡੈਕਸ ਵਿੱਚ ਭਾਰਤ 156 ਦੇਸ਼ਾਂ ਵਿੱਚੋਂ 140ਵੇਂ ਸਥਾਨ ’ਤੇ ਹੈ। ਸੰਯੁਕਤ ਰਾਸ਼ਟਰ ਦੀ 2014 ਦੀ ਰਿਪੋਰਟ ਮੁਤਾਬਿਕ ਪੂਰੀ ਦੁਨੀਆ ਵਿੱਚੋਂ ਗਾਇਬ ਹੋਣ ਵਾਲੀਆਂ 14.26 ਕਰੋੜ ਔਰਤਾਂ ਵਿੱਚੋਂ 4.58 ਕਰੋੜ ਔਰਤਾਂ ਭਾਰਤ ਵਿੱਚੋਂ ਗੁੰਮ ਹੋਈਆਂ ਹਨ।

ਸਾਡਾ ਦੇਸ਼ ਇੱਕ ਅਰਧ-ਜਾਗੀਰੂ ਅਤੇ ਅਰਧ-ਬਸਤੀ ਮੁਲਕ ਹੈ। ਭਾਰਤ ਵਿੱਚ ਜਗੀਰੂ ਨਜ਼ਰੀਏ ਅਤੇ ਸਾਮਰਾਜੀ ਸੱਭਿਆਚਾਰ ਨੇ ਔਰਤ ਨੂੰ ਇੱਕ ਖਰੀਦੋ-ਫਰੋਖ਼ਤ ਵਾਲੀ ਸ਼ੈਅ ਵਿੱਚ ਬਦਲ ਦਿੱਤਾ ਹੈ। ਇਸ ਦਾ ਆਧਾਰ ਸਮਾਜ ਵਿੱਚ ਕਾਇਮ ਹੋਣ ਕਰਕੇ ਔਰਤ ਵਿਰੋਧੀ ਪਿੱਤਰੀ ਸੋਚ ਨੂੰ ਲਗਾਤਾਰ ਪਾਲਿਆ ਪੋਸਿਆ ਜਾ ਰਿਹਾ ਹੈ। ਔਰਤ ਅੱਜ ਵੀ ਸਮਾਜ ਵਿੱਚ ਦੂਜੇ ਦਰਜੇ ਦੀ ਸ਼ਹਿਰੀ ਹੈ। ਇੱਥੇ ਦਲਿਤ ਔਰਤ ਦਾ ਸਥਾਨ ਸਮਾਜ ਵਿੱਚ ਸਭ ਤੋਂ ਹੇਠਾਂ ਹੈ।

ਦੇਖਣ ਨੂੰ ਆਧੁਨਿਕ ਜਾਪਣ ਵਾਲੇ ਸਮਾਜ ਵਿੱਚ ਪਿੱਤਰਸੱਤਾ ਰੂਪ ਬਦਲ ਕੇ ਹੋਰ ਮਜ਼ਬੂਤ ਅਤੇ ਸੰਸਥਾਗਤ ਹੋ ਗਈ ਹੈ। ਪਰਿਵਾਰ ਤੋਂ ਲੈ ਕੇ ਸਮਾਜ ਦੀ ਹਰੇਕ ਸੰਸਥਾ ਵਿੱਚ ਔਰਤ-ਵਿਰੋਧੀ ਮਾਨਸਿਕਤਾ ਦਾ ਬੋਲਬਾਲਾ ਹੈ। ਪੂਰੀ ਦੁਨੀਆ ਵਿੱਚ 101 ਮਰਦਾਂ ਪਿੱਛੇ 100 ਔਰਤਾਂ ਹਨ। ਭਾਰਤ ਵਿੱਚ 1000 : 943 ਲਿੰਗ ਅਨੁਪਾਤ ਅਤੇ 2011 ਦੀ ਮਰਦਮਸ਼ੁਮਾਰੀ ਮੁਤਾਬਿਕ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਚੰਡੀਗੜ੍ਹ ਦਾ ਲਿੰਗ ਅਨੁਪਾਤ 1000 : 818 ਹੈ। ਚੰਡੀਗੜ੍ਹ ਨੂੰ ਪੰਜਾਬ ਦਾ ਸਭ ਤੋਂ ਵਿਕਸਤ ਅਤੇ ਆਧੁਨਿਕ ਸ਼ਹਿਰ ਮੰਨਿਆ ਜਾਂਦਾ ਹੈ। ਇਹ ਅੰਕੜੇ ਸਾਡੇ ਦੇਸ਼ ਦੀ ਖੋਖਲੀ ਆਧੁਨਿਕਤਾ ਦੀ ਪੋਲ ਖੋਲ੍ਹਣ ਲਈ ਕਾਫ਼ੀ ਹਨ।

ਔਰਤਾਂ ਅਤੇ ਮਰਦਾਂ ਵਿੱਚ ਸਰੋਤਾਂ ਅਤੇ ਪੈਦਾਵਾਰ ਦੇ ਸਾਧਨਾਂ ਦੀ ਵੰਡ ਅਤੇ ਮਾਲਕੀ ਹੀ ਤਾਕਤ ਦੇ ਰਿਸ਼ਤੇ ਨੂੰ ਤੈਅ ਕਰਦੀ ਹੈ। ਦੁਨੀਆ ਦੇ ਤਮਾਮ ਪੈਦਾਵਾਰ ਦੇ ਸਰੋਤਾਂ ਉੱਪਰ ਮਰਦਾਵੀਂ ਸੱਤਾ ਹੈ, ਇਹੀ ਸੱਤਾ ਸਮਾਜ ਵਿੱਚ ਤਾਕਤਵਰ ਅਤੇ ਕਮਜ਼ੋਰ ਦਾ ਨਿਰਣਾ ਕਰਦੀ ਹੈ। ਵਿਸ਼ਵ ਪੱਧਰ ’ਤੇ ਔਰਤਾਂ 1 ਫ਼ੀਸਦੀ ਜਾਇਦਾਦ ਦੀਆਂ ਮਾਲਕ ਹਨ। ਆਰਥਿਕ ਤੌਰ ’ਤੇ ਇਹ ਸਥਿਤੀ ਔਰਤ ਦੇ ਰਾਜਨੀਤਕ ਅਤੇ ਸਮਾਜਿਕ ਸਥਾਨ ਨੂੰ ਤੈਅ ਕਰਦੀ ਹੈ। ਔਰਤਾਂ ਦਾ ਇਹ ਸਥਾਨ ਇੱਥੋਂ ਦੇ ਸੱਭਿਆਚਾਰ ਅਤੇ ਜੀਵਨ ਜਾਚ ਵਿੱਚੋਂ ਸਾਫ਼-ਸਾਫ਼ ਝਲਕਦਾ ਹੈ। ਇਸੇ ਕਰਕੇ ਸਾਡੇ ਸਮਾਜ ਵਿੱਚ ਧੀਆਂ ਦੀ ਬਜਾਇ ਪੁੱਤਰਾਂ ਦੀ ਚਾਹਤ ਹੁੰਦੀ ਹੈ। ਨਿੱਜੀ ਜਾਇਦਾਦ ਉੱਪਰ ਟਿਕੇ ਇਸ ਪ੍ਰਬੰਧ ਵਿੱਚ 2018 ਮੁਤਾਬਿਕ ਇਹ ਤੱਥ ਸਾਹਮਣੇ ਆਏ ਹਨ ਕਿ ਭਾਰਤ ਵਿੱਚ 2.1 ਕਰੋੜ



‘ਅਣਚਾਹੀਆਂ ਧੀਆਂ’ ਹਨ। ਅਣਚਾਹੀਆਂ ਧੀਆਂ ਦੀ ਜ਼ਿੰਦਗੀ ਦੀ ਕਲਪਨਾ ਕਰਨੀ ਸਾਡੇ ਵਾਸਤੇ ਕਾਫ਼ੀ ਮੁਸ਼ਕਿਲ ਹੈ।

ਮੱਧ ਪ੍ਰਦੇਸ਼ ਵਰਗੇ ਸੂਬੇ ਬੁਰੀ ਤਰ੍ਹਾਂ ਪਛੜੇ ਹੋਏ ਹਨ। ਆਦਿਵਾਸੀਆਂ ਦੀ 21 ਫ਼ੀਸਦੀ ਆਬਾਦੀ ਮੱਧ ਪ੍ਰਦੇਸ਼ ਵਿੱਚ ਹੈ। ਮੱਧ ਪ੍ਰਦੇਸ਼ ਸਰਕਾਰ ਨੇ ਸਾਲ 2023 ’ਚ ਆਈ ਫਿਲਮ ‘ਦਿ ਕੇਰਲਾ ਸਟੋਰੀ’ ਨੂੰ ਸੂਬੇ ਵਿੱਚ ਟੈਕਸ ਫਰੀ ਕੀਤਾ। ਇਸ ਫਿਲਮ ਵਿੱਚ ਤਕਰੀਬਨ 32,000 ਕੁੜੀਆਂ ਗਾਇਬ ਹੋਣ ਦੇ ਝੂਠੇ ਤੱਥ ਪੇਸ਼ ਕੀਤੇ ਗਏ ਅਤੇ ਖ਼ਾਸਕਰ ਦੇਸ਼ ਦੀ ਵੱਡੀ ਬਹੁਗਿਣਤੀ ਨੂੰ ਨਿਸ਼ਾਨਾ ਬਣਾਇਆ ਗਿਆ।

ਉਸ ਸਮੇਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਕਿਹਾ ਸੀ ਕਿ ਅਸੀਂ ਮੱਧ ਪ੍ਰਦੇਸ਼ ਨੂੰ ਕੇਰਲਾ ਸਟੋਰੀ ਨਹੀਂ ਬਣਨ ਦਿਆਂਗੇ, ਜਦੋਂਕਿ ਉਹ ਆਪਣੇ ਸੂਬੇ ਦੀਆਂ ਔਰਤਾਂ ਦੀ ਸੁਰੱਖਿਆ ਕਰਨ ’ਚ ਨਾਕਾਮ ਹੈ। ‘ਲਵ ਜੇਹਾਦ’, ‘ਬਹੂ-ਬੇਟੀ ਬਚਾਓ’ ਸਿਰਫ਼ ਨਾਅਰੇ ਹੀ ਹਨ। ਅਸਲ ਵਿੱਚ ਔਰਤਾਂ ਦੇ ਮਾਮਲੇ ਵਿੱਚ ਸਭ ਤੋਂ ਵੱਧ ਪਿਛਾਖੜੀ ਸੋਚ ਵਾਲੀ ਪਾਰਟੀ ਇੱਥੇ ਰਾਜ ਕਰ ਰਹੀ ਹੈ। ਉੱਤਰ ਪ੍ਰਦੇਸ਼, ਰਾਜਸਥਾਨ ਵਿੱਚ ਵੀ ਇਸੇ ਪਾਰਟੀ ਦਾ ਰਾਜ ਹੈ। ਜਨਵਰੀ 2024 ਵਿੱਚ ਭੋਪਾਲ ਦੇ ਇੱਕ ਨਿੱਜੀ ਯਤੀਮਖਾਨੇ ਵਿੱਚੋਂ 26 ਲੜਕੀਆਂ ਗਾਇਬ ਮਿਲੀਆਂ। ਨਾਬਾਲਗ ਬੱਚੀਆਂ ਖ਼ਿਲਾਫ਼ ਜਿਣਸੀ ਹਿੰਸਾ ਵਿੱਚ ਮੱਧ ਪ੍ਰਦੇਸ਼ ਪਹਿਲੇ ਨੰਬਰ ’ਤੇ ਹੈ। ਲਾਪਤਾ ਹੋਈਆਂ ਜ਼ਿਆਦਾਤਰ ਬੱਚੀਆਂ ਗ਼ਰੀਬ, ਦਲਿਤ ਅਤੇ ਆਦਿਵਾਸੀ ਪਰਿਵਾਰਾਂ ਵਿੱਚੋਂ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਲਾਪਤਾ ਹੋਈਆਂ ਇਹ ਲੜਕੀਆਂ ਅਤੇ ਔਰਤਾਂ ਕਿੱਥੇ ਜਾਂਦੀਆਂ ਹਨ?

ਇਸ ਦੇਸ਼ ਵਿੱਚ ਘੱਟ ਲਿੰਗਕ ਅਨੁਪਾਤ ਕਾਰਨ ਔਰਤ ਖਰੀਦੋ-ਫਰੋਖਤ ਦੀ ਵਸਤੂ ਬਣ ਗਈ ਹੈ। ਦੇਸ਼ ਦੇ ਬਹੁਤ ਸਾਰੇ ਸੂਬੇ ਅਜਿਹੇ ਹਨ ਜਿੱਥੇ ‘ਦੁਲਹਨ ਬਾਜ਼ਾਰ’ ਲੱਗਦਾ ਹੈ, ਜਿਸ ਵਿੱਚ ਦੁਲਹਨਾਂ ਵੇਚੀਆਂ ਅਤੇ ਕਿਰਾਏ ’ਤੇ ਦਿੱਤੀਆਂ ਜਾਂਦੀਆਂ ਹਨ। ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਵਿੱਚ ਇਹ ਬਾਜ਼ਾਰ ਸਜਦਾ ਹੈ। ਇਸੇ ਤਰ੍ਹਾਂ ਬਿਹਾਰ ਦੇ ਸੌਰਥ ਸਭਾ ਵਿੱਚ ਬਾਕਾਇਦਾ ਅਸ਼ਟਾਮ ਪੇਪਰਾਂ ’ਤੇ ਇਹ ਖਰੀਦੋ-ਫਰੋਖ਼ਤ ਹੁੰਦੀ ਹੈ। ਅਜਿਹੀ ਖਰੀਦੋ-ਫਰੋਖ਼ਤ ਸਰਕਾਰ ਦੇ ਨੱਕ ਹੇਠਾਂ ਹੁੰਦੀ ਹੈ। ਬਹੁਤ ਸਾਰੀਆਂ ਕੁੜੀਆਂ ਨੂੰ ‘ਵਰਤੋ ਅਤੇ ਸੁੱਟੋ’ ਦੀ ਨੀਤੀ ਤਹਿਤ ਵਰਤ ਕੇ ਅਗਾਂਹ ਵੇਚਿਆ ਜਾਂਦਾ ਹੈ। ਕਈ ਮਾਮਲਿਆਂ ਵਿੱਚ ਦੇਸ਼ ਦੀਆਂ ਧੀਆਂ ਨਾਲ ਅਜਿਹਾ ਉਨ੍ਹਾਂ ਦੇ ਮਾਪਿਆਂ ਦੁਆਰਾ ਵੀ ਕੀਤਾ ਜਾਂਦਾ ਹੈ। ਔਰਤਾਂ ਨੂੰ ਬੰਧੂਆ ਮਜ਼ਦੂਰ ਦੇ ਰੂਪ ਵਿੱਚ ਵੀ ਰੱਖਿਆ ਜਾਂਦਾ ਹੈ ਅਤੇ 14-14 ਘੰਟੇ ਕੰਮ ਕਰਵਾਇਆ ਜਾਂਦਾ ਹੈ। ਇਸ ਦੇ ਨਾਲ ਜਿਣਸੀ ਸ਼ੋਸ਼ਣ ਆਮ ਜਿਹਾ ਵਰਤਾਰਾ ਹੈ। ਇਸ ਤੋਂ ਇਲਾਵਾ ਮਨੁੱਖੀ ਅੰਗਾਂ ਦੀ ਤਸਕਰੀ ਕਰਨ ਵਾਲੇ ਗਰੋਹ ਵੀ ਕੁੜੀਆਂ ਦੀ ਤਸਕਰੀ ਕਰਦੇ ਹਨ।

ਸਾਡੇ ਦੇਸ਼ ਵਿੱਚ ਸੋਨਾਗਾਚੀ (ਕੋਲਕਾਤਾ) ਅਤੇ ਕਮਾਠੀਪੁਰਾ (ਮੁੰਬਈ) ਵਰਗੇ ਵੇਸਵਾਗਮਨੀ ਦੇ ਵੱਡੇ ਅੱਡੇ ਹਨ, ਜਿੱਥੇ ਕ੍ਰਮਵਾਰ 11,000 ਅਤੇ 5,000 ਵੇਸਵਾਵਾਂ ਹਨ। ਵੇਸਵਾਗਮਨੀ ਦੇ ਅੱਡਿਆਂ ਨੂੰ ਬਰਤਾਨਵੀ ਹਕੂਮਤ ਨੇ ਆਪਣੇ ਅਫਸਰਾਂ ਖ਼ਾਤਰ ਪੱਕੇ ਪੈਰੀਂ ਕੀਤਾ। ਇਸ ਖੇਤਰ ਵਿੱਚ ਜ਼ਿਆਦਾਤਰ ਔਰਤਾਂ 18 ਸਾਲ ਤੋਂ ਪਹਿਲਾਂ ਦੀ ਉਮਰ ਵਿੱਚ ਆਈਆਂ ਹਨ। ਸਾਡੇ ਦੇਸ਼ ਵਿੱਚ 30 ਲੱਖ ਵੇਸਵਾਵਾਂ ਹਨ। ਇਹ ਵੇਸਵਾਵਾਂ ਸਾਡੇ ਦੇਸ਼ ਦੀਆਂ ਹੀ ਧੀਆਂ ਹਨ। ਇਸ ਪਾਸੇ ਉਹ ਆਪਣੀ ਮਰਜ਼ੀ ਨਾਲ ਨਹੀਂ, ਸਗੋਂ ਜਬਰੀ ਧੱਕੀਆਂ ਜਾਂਦੀਆਂ ਹਨ। ਸਮਾਜ ਵਿੱਚ ਮੁੰਡੇ ਦੀ ਚਾਹਤ ਕਾਰਨ ਦੁਰਕਾਰੀਆਂ ਜਾਂਦੀਆਂ ਔਰਤਾਂ, ਸੱਭਿਆਚਾਰਕ ਤੌਰ ’ਤੇ ਲਗਾਤਾਰ ਹਿੰਸਾ ਦੀਆਂ ਸ਼ਿਕਾਰ ਮਹਿਲਾਵਾਂ ਅਤੇ ਵਰਗਲਾਈਆਂ ਬੱਚੀਆਂ- ਸਭ ਲਈ ਜ਼ਿੰਦਗੀ ਨਰਕ ਵਰਗੀ ਹੈ। ਬਹੁਤ ਘੱਟ ਬੱਚੀਆਂ ਵਾਪਸ ਮਾਪਿਆਂ ਨੂੰ ਮਿਲਦੀਆਂ ਹਨ। ਜੋ ਮਿਲਦੀਆਂ ਵੀ ਹਨ, ਉਹ ਲੰਮੇ ਸਮੇਂ ਤੱਕ ਉਸ ਸਦਮੇ ਵਿੱਚੋਂ ਨਿਕਲ ਨਹੀਂ ਪਾਉਂਦੀਆਂ।

ਗੁਆਚੀਆਂ ਧੀਆਂ ਦੀ ਗੁੰਮਸ਼ੁਦਗੀ ਦੀ ਸ਼ਿਕਾਇਤ ਵੀ ਇੱਜ਼ਤ ਦੇ ਡਰੋਂ ਮਾਪੇ ਨਹੀਂ ਕਰਦੇ। ਜੇ ਮਾਪੇ/ਰਿਸ਼ਤੇਦਾਰ ਸ਼ਿਕਾਇਤ ਕਰਦੇ ਵੀ ਹਨ ਤਾਂ ਪੁਲੀਸ ਵੱਲੋਂ ਅਜਿਹੇ ਕੇਸਾਂ ਨੂੰ ਸੰਜੀਦਗੀ ਨਾਲ ਲੈਣ ਦੀ ਬਜਾਏ ਆਮ ਪਹੁੰਚ ਤਹਿਤ ਹੀ ਲਏ ਜਾਂਦੇ ਹਨ। ਪਿਛਲੇ ਸਾਲ ਵਾਪਰੇ ਸ਼ਰਧਾ ਦੇ ਬਹੁ-ਚਰਚਿਤ ਕੇਸ ਵਿੱਚ ਲੜਕੀ ਦੇ ਗਾਇਬ ਹੋਣ ਦੀ ਸ਼ਿਕਾਇਤ ਸਤੰਬਰ ਵਿੱਚ ਕੀਤੀ ਗਈ, ਪਰ ਨਵੰਬਰ ਵਿੱਚ ਉਸ ਦੀ ਲਾਸ਼ ਦੇ ਛੋਟੇ-ਛੋਟੇ ਟੁਕੜੇ ਮਿਲੇ। ਇਸੇ ਤਰ੍ਹਾਂ ਮਨੀਪੁਰ ਦੀ ਬਹੁ-ਚਰਚਿਤ ਅਸ਼ਲੀਲ ਵੀਡੀਓ ਦੇ ਕੇਸ ਵਿੱਚ 4 ਮਈ ਨੂੰ ਮਾਮਲਾ ਸਾਹਮਣਾ ਆਇਆ, ਪਰ ਦਰਜ 18 ਮਈ ਨੂੰ ਕਰਵਾਇਆ ਗਿਆ। ਜੂਨ ’ਚ ਵੀਡੀਓ ਸਾਹਮਣੇ ਆਉਣ ’ਤੇ ਹੀ ਕਾਰਵਾਈ ਕੀਤੀ ਗਈ। ਔਰਤਾਂ ਖ਼ਿਲਾਫ਼ ਇਸ ਮਾਨਸਿਕਤਾ ਤੋਂ ਪੁਲੀਸ ਪ੍ਰਬੰਧ ਅਛੂਤਾ ਨਹੀਂ ਹੈ। ਜੇਕਰ ਕੋਈ ਔਰਤ ਆਪਣੇ ਖ਼ਿਲਾਫ਼ ਹੋਈ ਹਿੰਸਾ ਦੀ ਸ਼ਿਕਾਇਤ ਦਰਜ ਕਰਵਾਉਂਦੀ ਹੈ ਤਾਂ ਇਸ ਨੂੰ ਘਰੇਲੂ ਮਾਮਲਾ ਕਹਿ ਕੇ ਰਫ਼ਾ-ਦਫ਼ਾ ਕਰ ਦਿੱਤਾ ਜਾਂਦਾ ਹੈ। ਔਰਤਾਂ ਖ਼ਿਲਾਫ਼ ਹਿੰਸਾ ਦੇ ਕੇਸਾਂ ਵਿੱਚ ਤਾਕਤਵਰ ਲੋਕ ਅਕਸਰ ਆਪਣੇ ਪ੍ਰਭਾਵ ਤਹਿਤ ਖੁੱਲ੍ਹੇ ਫਿਰਦੇ ਹਨ। ਗੁੰਮਸ਼ੁਦਗੀ ਕੇਸਾਂ ਸਬੰਧੀ ਸਪੈਸ਼ਲ ਸਾਈਬਰ ਸੈੱਲ ਬਣੇ ਹੋਏ ਹਨ। ਜੇਕਰ ਕਿਸੇ ਸੂਬੇ ਦੀ ਪੁਲੀਸ ਤੋਂ ਲਾਪਤਾ ਦੀ ਭਾਲ ਨਹੀਂ ਹੁੰਦੀ ਤਾਂ ਉਹ ਕੇਸ ਇਸ ਸੈੱਲ ਨੂੰ ਦਿੱਤਾ ਜਾਂਦਾ ਹੈ। ਪੁਲੀਸ ਕੇਸ ਨੂੰ ਹੱਲ ਨਾ ਕਰਨ ਨੂੰ ਨਮੋਸ਼ੀ ਵਜੋਂ ਲੈਂਦੀ ਹੈ ਅਤੇ ਅੱਗੇ ਨਹੀਂ ਤੋਰਦੀ, ਜਿਸ ਕਰਕੇ ਅਜਿਹੇ ਕੇਸਾਂ ਦੀਆਂ ਫਾਈਲਾਂ ਧੂੜ ਫੱਕਦੀਆਂ ਰਹਿੰਦੀਆਂ ਹਨ। ਸਾਡਾ ਸਮਾਜ ਅਤੇ ਸਮੁੱਚੀਆਂ ਸੰਸਥਾਵਾਂ ਵਿੱਚ ਔਰਤ-ਵਿਰੋਧੀ ਸੋਚ ਕਰਕੇ ਇਨ੍ਹਾਂ ਗੁੰਮਸ਼ੁਦਾ ਔਰਤਾਂ ਦੀ ਆਵਾਜ਼ ਗੁੰਮਨਾਮੀ ਦੇ ਹਨੇਰਿਆਂ ’ਚ ਗੁਆਚ ਜਾਂਦੀ ਹੈ।

ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਸਮੁੱਚਾ ਆਰਥਿਕ ਅਤੇ ਸੱਭਿਆਚਾਰਕ ਤਾਣਾ-ਬਾਣਾ ਬਦਲਣ ਦੀ ਲੋੜ ਹੈ। ਸਾਨੂੰ ਆਰਥਿਕ ਨਾ-ਬਰਾਬਰੀ ਖ਼ਿਲਾਫ਼ ਚੱਲਣ ਵਾਲੇ ਘੋਲਾਂ ਦੇ ਨਾਲ ਨਾਲ ਔਰਤ ਵਰਗ ਦੇ ਆਪਣੇ ਹਿੱਸੇ ਦੀਆਂ ਮੰਗਾਂ ਪ੍ਰਤੀ ਵੀ ਸੰਘਰਸ਼ ਲਾਮਬੰਦ ਕਰਨੇ ਚਾਹੀਦੇ ਹਨ।

“1981 ਦੀ ਜਨਗਣਨਾ ਵਿੱਚ ਔਰਤਾਂ ਦੇ ਗਾਇਬ ਹੋਣ ਦਾ ਰੁਝਾਨ ਸਾਹਮਣੇ ਆਉਣ ਲੱਗਿਆ। 1992 ਵਿੱਚ ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਇਸ ਵਰਤਾਰੇ ’ਤੇ ਉਂਗਲ ਧਰੀ। ਅਮਰਤਿਆ ਸੇਨ ਮੁਤਾਬਿਕ ਪੂਰੀ ਦੁਨੀਆ ਵਿੱਚੋਂ 10 ਕਰੋੜ ਤੋਂ ਵੱਧ ਔਰਤਾਂ ਲਾਪਤਾ ਹੋਈਆਂ ਹਨ, ਜਿਨ੍ਹਾਂ ਵਿੱਚੋਂ 80 ਫ਼ੀਸਦੀ ਭਾਰਤ ਅਤੇ ਚੀਨ ਦੀਆਂ ਹਨ। ਵਰਲਡ ਇਕਨੌਮਿਕ ਫੋਰਮ ਦੇ 2021 ਦੇ ਅੰਕੜਿਆਂ ਅਨੁਸਾਰ ਜੈਂਡਰ ਗੈਪ ਇੰਡੈਕਸ ਵਿੱਚ ਭਾਰਤ 156 ਦੇਸ਼ਾਂ ਵਿੱਚੋਂ 140ਵੇਂ ਸਥਾਨ ’ਤੇ ਹੈ। ਸੰਯੁਕਤ ਰਾਸ਼ਟਰ ਦੀ 2014 ਦੀ ਰਿਪੋਰਟ ਮੁਤਾਬਿਕ ਪੂਰੀ ਦੁਨੀਆ ਵਿੱਚੋਂ ਗਾਇਬ ਹੋਣ ਵਾਲੀਆਂ 14.26 ਕਰੋੜ ਔਰਤਾਂ ਵਿੱਚੋਂ 4.58 ਕਰੋੜ ਔਰਤਾਂ ਭਾਰਤ ਵਿੱਚੋਂ ਗੁੰਮ ਹੋਈਆਂ ਹਨ। ਦੇਖਣ ਨੂੰ ਆਧੁਨਿਕ ਜਾਪਣ ਵਾਲੇ ਸਮਾਜ ਵਿੱਚ ਪਿੱਤਰਸੱਤਾ ਰੂਪ ਬਦਲ ਕੇ ਹੋਰ ਮਜ਼ਬੂਤ ਅਤੇ ਸੰਸਥਾਗਤ ਹੋ ਗਈ ਹੈ। ਪਰਿਵਾਰ ਤੋਂ ਲੈ ਕੇ ਸਮਾਜ ਦੀ ਹਰੇਕ ਸੰਸਥਾ ਵਿੱਚ ਔਰਤ-ਵਿਰੋਧੀ ਮਾਨਸਿਕਤਾ ਦਾ ਬੋਲਬਾਲਾ ਹੈ। ਪੂਰੀ ਦੁਨੀਆ ਵਿੱਚ 101 ਮਰਦਾਂ ਪਿੱਛੇ 100 ਔਰਤਾਂ ਹਨ। ਭਾਰਤ ਵਿੱਚ 1000 : 943 ਲਿੰਗ ਅਨੁਪਾਤ ਅਤੇ 2011 ਦੀ ਮਰਦਮਸ਼ੁਮਾਰੀ ਮੁਤਾਬਿਕ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਚੰਡੀਗੜ੍ਹ ਦਾ ਲਿੰਗ ਅਨੁਪਾਤ 1000 : 818 ਹੈ। ਚੰਡੀਗੜ੍ਹ ਨੂੰ ਪੰਜਾਬ ਦਾ ਸਭ ਤੋਂ ਵਿਕਸਤ ਅਤੇ ਆਧੁਨਿਕ ਸ਼ਹਿਰ ਮੰਨਿਆ ਜਾਂਦਾ ਹੈ। ਇਹ ਅੰਕੜੇ ਸਾਡੇ ਦੇਸ਼ ਦੀ ਖੋਖਲੀ ਆਧੁਨਿਕਤਾ ਦੀ ਪੋਲ ਖੋਲ੍ਹਣ ਲਈ ਕਾਫ਼ੀ ਹਨ।”

# ਭਾਸ਼ਾ ਅਤੇ ਸ਼ਨਾਖਤ ਦੀ ਲੜਾਈ

ਲਿਖਤ : ਨਿਸ਼ਠਾ ਸੂਦ




''ਜੇ ਮੇਰੀ ਮਾਂ ਬੋਲੀ ਤੁਹਾਡੀ ਰਿਆਸਤ ਦੀਆਂ ਬੁਨਿਆਦਾਂ ਹਿਲਾ ਰਹੀ ਹੈ, ਤਾਂ ਸਾਫ਼ ਹੈ ਕਿ ਤੁਸੀਂ ਆਪਣੀ ਰਿਆਸਤ ਮੇਰੀ ਧਰਤੀ ਉੱਤੇ ਬਣਾਈ ਹੋਈ ਹੈ।'' - ਮੂਸਾ ਏਟਰ

ਭਾਸ਼ਾ ਸਿਰਫ਼ ਸੰਚਾਰ ਦਾ ਢੰਗ ਨਹੀਂ ਸਗੋਂ ਇਹ ਪਛਾਣ, ਇਤਿਹਾਸ ਅਤੇ ਹੱਕ ਦੀ ਲੜਾਈ ਵੀ ਹੈ। 21 ਫਰਵਰੀ 1952 ਨੂੰ ਢਾਕਾ (ਉਸ ਵੇਲੇ ਪੂਰਬੀ ਪਾਕਿਸਤਾਨ) ਵਿੱਚ ਵਿਦਿਆਰਥੀਆਂ ਨੇ ਇਕੱਲੀ ਉਰਦੂ ਨੂੰ ਰਾਸ਼ਟਰੀ ਭਾਸ਼ਾ ਬਣਾਉਣ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ। ਪੁਲੀਸ ਨੇ ਗੋਲੀਆਂ ਚਲਾਈਆਂ ਤਾਂ ਅਬਦੁਸ ਸਲਾਮ, ਰਫ਼ੀਕ-ਉਦ-ਦੀਨ ਅਹਿਮਦ, ਅਬੁਲ ਬਰਕਤ ਅਤੇ ਅਬਦੁਲ ਜੱਬਾਰ ਸ਼ਹੀਦ ਹੋ ਗਏ। ਇਹ ਉਹ ਘਟਨਾ ਸੀ ਜਿਸ ਨਾਲ 1971 ਵਿੱਚ ਬੰਗਲਾਦੇਸ਼ ਦੀ ਆਜ਼ਾਦੀ ਦੀ ਲੜਾਈ ਦਾ ਮੁੱਢ ਬੱਝਿਆ।

ਭਾਸ਼ਾ ਸਿਰਫ਼ ਸ਼ਬਦਾਂ ਦੀ ਵਰਤੋਂ ਨਹੀਂ ਸਗੋਂ ਸਾਡੀ ਪਛਾਣ ਨਾਲ ਜੁੜੀ ਸ਼ਕਤੀਸ਼ਾਲੀ ਜ਼ੁਬਾਨੀ ਵਿਧੀ ਵੀ ਹੈ। ਮੈਨੂੰ ਇਹ ਅਹਿਸਾਸ ਆਪਣੀ ਜ਼ਿੰਦਗੀ ਵਿੱਚ ਕਈ ਵਾਰ ਹੋਇਆ, ਖ਼ਾਸਕਰ ਕੇ ਉਸ ਵੇਲੇ ਜਦ ਮੈਂ ਬੰਗਾਲੀਆਂ ਨੂੰ ਬੰਗਾਲੀ, ਤਾਮਿਲ ਨਾਡੂ ਦੇ ਵਾਸੀਆਂ ਨੂੰ ਤਾਮਿਲ ਪਰ ਪੰਜਾਬੀਆਂ ਨੂੰ ਅਕਸਰ ਹਿੰਦੀ ਵਿੱਚ ਗੱਲਬਾਤ ਕਰਦੇ ਹੋਏ ਵੇਖਿਆ।

### ਪੰਜਾਬ ਅਤੇ ਭਾਸ਼ਾ ਦਾ ਹਸ਼ਰ

ਮੇਰਾ ਪਾਲਣ ਪੋਸ਼ਣ ਝਾਰਖੰਡ ਵਿੱਚ ਹੋਇਆ, ਪਰ ਅਜੀਬ ਗੱਲ ਇਹ ਹੈ ਕਿ ਮੈਂ ਉੱਥੋਂ ਦੀ ਕੋਈ ਵੀ ਮੂਲ ਭਾਸ਼ਾ ਨਹੀਂ ਜਾਣਦੀ। ਨਾ ਸੰਥਾਲੀ, ਨਾ ਮੁੰਡਾਰੀ, ਨਾ ਹੋ, ਨਾ ਖੜੀਆ। ਸਾਡੀ ਸਿੱਖਿਆ ਪ੍ਰਣਾਲੀ ਅਤੇ ਆਰਥਿਕ ਸੰਰਚਨਾ ਨੇ ਮੂਲ ਭਾਸ਼ਾਵਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ, ਜੋ ਉਨ੍ਹਾਂ ਭਾਸ਼ਾਵਾਂ ਨਾਲ ਜ਼ਿਆਦਤੀ ਹੈ।

ਮੈਂ ਇੱਕ ਲੇਖ ਪੜ੍ਹਿਆ ਸੀ ਜਿਸ ਵਿੱਚ ਦੱਸਿਆ ਗਿਆ ਸੀ ਕਿ 85 ਫ਼ੀਸਦੀ ਕ੍ਰੋ ਲੋਕ (ਇੱਕ ਅਮਰੀਕੀ ਮੂਲ ਵਾਸੀ ਕਬੀਲਾ) ਆਪਣੀ ਪਹਿਲੀ ਭਾਸ਼ਾ ਅਪਸਾਲੁਕੇ ਬੋਲਦੇ ਹਨ, ਪਰ ਕਈ ਲੋਕ ਇਸ ਭਾਸ਼ਾ ਨੂੰ ਭੁੱਲ ਚੁੱਕੇ ਹਨ। ਅਜਿਹਾ ਖ਼ਾਸਕਰ ਗੋਰੇ ਬਾਸ਼ਿੰਦਿਆਂ ਦੇ ਮੁੱਢਲੇ ਯਤਨਾਂ ਕਾਰਨ ਹੋਇਆ, ਜਿਨ੍ਹਾਂ ਨੇ ਇਸ ਭਾਸ਼ਾ ਦੀ ਵਰਤੋਂ 'ਤੇ ਰੋਕ ਲਗਾਈ ਸੀ। 19ਵੀਂ ਸਦੀ ਦੇ ਦੂਜੇ ਹਿੱਸੇ ਤੋਂ ਲੈ ਕੇ 1930ਵਿਆਂ ਦੇ ਦਹਾਕੇ ਤੱਕ ਹਜ਼ਾਰਾਂ ਮੂਲਵਾਸੀ ਬੱਚਿਆਂ ਨੂੰ ਬੋਰਡਿੰਗ ਸਕੂਲਾਂ ਵਿੱਚ ਭੇਜਿਆ ਗਿਆ। ਉੱਥੇ ਉਨ੍ਹਾਂ ਨੂੰ ਯੂਰਪੀ ਸੱਭਿਆਚਾਰ ਦੇ ਅਨੁਕੂਲ ਬਣਾਇਆ ਗਿਆ, ਉਨ੍ਹਾਂ ਦੇ ਅਸਲੀ ਕਬਾਇਲੀ ਨਾਮ ਬਦਲ ਕੇ ਅੰਗਰੇਜ਼ੀ ਨਾਮ ਦਿੱਤੇ ਗਏ ਅਤੇ ਆਪਣੀ ਮਾਤ ਭਾਸ਼ਾ ਬੋਲਣ 'ਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਂਦੀ ਸੀ। ਇੱਥੋਂ ਤੱਕ ਕਿ ਉਨ੍ਹਾਂ ਦੇ ਲੰਮੇ ਵਾਲ ਵੀ ਮੁੰਨ ਦਿੱਤੇ ਜਾਂਦੇ ਸਨ ਜੋ ਉਨ੍ਹਾਂ ਦੇ ਸੱਭਿਆਚਾਰ ਦਾ ਹਿੱਸਾ ਸਨ। ਉਸ ਲੇਖ ਵਿਚ ਇੱਕ ਕਿਰਦਾਰ ਲੂਸੀ ਰੀਅਲ ਬਰਡ ਨੇ ਇਸ ਬਾਰੇ ਕਿਹਾ, ''ਬਸਤੀਕਰਨ ਸਿਰਫ਼ ਜ਼ਮੀਨ 'ਤੇ ਨਹੀਂ ਹੋਇਆ ਸਗੋਂ ਸਾਡੀ ਸੋਚ ਦਾ ਵੀ ਬਸਤੀਕਰਨ ਹੋ ਗਿਆ।''

ਇੱਕ ਵਾਰ ਮੈਂ ਰੇਲ ਗੱਡੀ ਵਿੱਚ ਤਿੰਨ ਭੈਣ-ਭਰਾਵਾਂ ਨਾਲ ਇੱਕ ਹੀ ਡੱਬੇ ਵਿੱਚ ਸਫ਼ਰ ਕਰ ਰਹੀ ਸੀ। ਭਰਾ ਪੰਜਾਬੀ ਵਿੱਚ ਗੱਲ ਕਰ ਰਿਹਾ ਸੀ, ਪਰ ਭੈਣ ਹਿੰਦੀ ਵਿੱਚ। ਜਦੋਂ ਭੈਣ ਨੇ ਭਰਾ ਨੂੰ ਕਿਹਾ, ''ਪੰਜਾਬੀ ਸੀਖ ਕੇ ਕਯਾ ਕਰਨਾ, ਯੇ ਪੰਜਾਬ ਸੇ ਬਾਹਰ ਨਹੀਂ ਬੋਲੀ ਜਾਤੀ।'' ਤਾਂ ਇਹ ਗੱਲ ਮੇਰੇ ਮਨ ਵਿੱਚ ਘੁੰਮਦੀ ਰਹੀ। ਉਸ ਲਈ ਪੰਜਾਬੀ ਵਰਤਣ ਯੋਗ ਨਹੀਂ ਸੀ। ਇਸ ਨੂੰ ਹੀ ਅੰਗਰੇਜ਼ੀ ਵਿੱਚ ਕਲੋਨਾਈਜੇਸ਼ਨ ਭਾਵ ਬਸਤੀਕਰਨ ਕਹਿੰਦੇ ਹਨ। ਸਭ ਤੋਂ ਵੱਡੀ ਸਿਤਮਜ਼ਰੀਫ਼ੀ ਇਹ ਸੀ ਕਿ ਰੇਲਗੱਡੀ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਪਹੁੰਚੀ ਤਾਂ ਸਟੇਸ਼ਨ ਦਾ ਨਾਂ ਚਾਰ ਭਾਸ਼ਾਵਾਂ ਵਿੱਚ ਲਿਖਿਆ ਸੀ: ਅੰਗਰੇਜ਼ੀ, ਹਿੰਦੀ, ਉਰਦੂ, ਪੰਜਾਬੀ। ਇਹ ਦੱਸਦਾ ਹੈ ਕਿ ਪੰਜਾਬੀ ਸਰਕਾਰੀ ਤੌਰ 'ਤੇ ਮੌਜੂਦ ਤਾਂ ਹੈ, ਪਰ ਅਸਲ ਜ਼ਿੰਦਗੀ ਵਿੱਚ ਆਮ ਲੋਕਾਂ ਦੀ ਗੱਲਬਾਤ 'ਚ ਮੌਜੂਦ ਨਹੀਂ। ਇਹ ਭਾਸ਼ਾ ਤੇ ਪਛਾਣ ਦੀ ਹਾਰ ਨਹੀਂ ਤਾਂ ਹੋਰ ਕੀ ਹੈ? ਅੱਜ ਪਾਕਿਸਤਾਨ ਵਿੱਚ ਉਰਦੂ ਦੇ ਭਾਰ ਹੇਠ ਨੱਪੀ ਪੰਜਾਬੀ ਦਾ ਵਜੂਦ ਬਚਾਉਣ ਲਈ ਇਕੱਠ ਹੋ ਰਹੇ ਹਨ। ਭਾਰਤ ਵਿੱਚ ਕਰਨਾਟਕ 'ਚ ਹਿੰਦੀ ਖ਼ਿਲਾਫ਼ ਅੰਦੋਲਨ ਕੀਤੇ ਜਾ ਰਹੇ ਹਨ। ਮੈਨੂੰ 1972 ਦੀ ਇੱਕ ਦਾਸਤਾਨ ਚੇਤੇ ਆ ਰਹੀ ਹੈ ਜਦੋਂ ਪਾਕਿਸਤਾਨ ਵਿੱਚ ਸਿੰਧੀ ਜ਼ੁਬਾਨ ਦੇ ਮੁੱਦੇ 'ਤੇ ਹੋਏ ਦੰਗਿਆਂ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਦਰਅਸਲ, 7 ਜੁਲਾਈ 1972 ਨੂੰ ਸਿੰਧ ਦੀ ਸੂਬਾਈ ਅਸੈਂਬਲੀ ਨੇ ਸਿੰਧੀ ਸਿੱਖਿਆ, ਉੱਥਾਨ ਅਤੇ ਭਾਸ਼ਾ ਦੀ ਵਰਤੋਂ ਲਈ ਬਿੱਲ ਪਾਸ ਕੀਤਾ, ਜਿਸ ਨਾਲ ਸਿੰਧੀ ਭਾਸ਼ਾ ਨੂੰ ਸਿੰਧ ਦੀ ਇਕਮਾਤਰ ਅਧਿਕਾਰਕ ਭਾਸ਼ਾ ਵਜੋਂ ਕਾਇਮ ਕੀਤਾ ਗਿਆ। ਇਸ ਦਾ ਨਤੀਜਾ ਸਿੰਧ ਵਿੱਚ ਭਾਸ਼ਾ ਖ਼ਿਲਾਫ਼ ਹਿੰਸਕ ਪ੍ਰਦਰਸ਼ਨਾਂ ਦੇ ਰੂਪ ਵਿੱਚ ਨਿਕਲਿਆ।

ਸਿੰਧੀ ਨੂੰ ਸਿੰਧ ਦੀ ਅਧਿਕਾਰਕ ਭਾਸ਼ਾ ਐਲਾਨੇ ਜਾਣ 'ਤੇ ਉਰਦੂ ਅਖ਼ਬਾਰ 'ਡੇਅਲੀ ਜੰਗ' ਨੇ ਆਪਣੇ ਪੂਰੇ ਮੁੱਖ ਪੰਨੇ 'ਤੇ ਇੱਕ ਵੱਡੀ ਖ਼ਬਰ ਪ੍ਰਕਾਸ਼ਿਤ ਕੀਤੀ ਜਿਸ ਵਿੱਚ ''ਉਰਦੂ ਕਾ ਜਨਾਜ਼ਾ ਹੈ ਜ਼ਰਾ ਧੂਮ ਸੇ ਨਿਕਲੇ'' ਰੈਸ ਅਮਰੋਹਵੀ ਵੱਲੋਂ ਛਾਪਿਆ ਗਿਆ ਸੀ। ਇਹ ਘਟਨਾ ਸਾਬਤ ਕਰਦੀ ਹੈ ਕਿ ਭਾਸ਼ਾ ਸਿਰਫ਼ ਸੰਚਾਰ ਦਾ ਮਾਧਿਅਮ ਨਹੀਂ, ਸਗੋਂ ਲੋਕਾਂ ਦੀ ਪਛਾਣ ਅਤੇ ਸੱਭਿਆਚਾਰ ਦਾ ਹਿੱਸਾ ਵੀ ਹੈ। ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਭਾਸ਼ਾ ਕੀ ਹੈ? ਸਿਰਫ਼ ਗੱਲਬਾਤ ਦਾ ਇੱਕ ਸਾਧਨ? ਆਪਣੇ ਮਨ ਦੇ ਵਲਵਲਿਆਂ, ਵਿਚਾਰਾਂ ਨੂੰ ਪ੍ਰਗਟ ਕਰਨ ਦਾ ਜ਼ਰੀਆ ਜਾਂ ਕੁਝ ਹੋਰ?

### ਭਾਸ਼ਾ ਦਾ ਦਾਇਰਾ

ਆਪਣੇ ਜੀਵਨ ਦੇ ਹੁਣ ਤੱਕ ਦੇ ਤਜਰਬੇ ਤੋਂ ਇਕ ਗੱਲ ਜ਼ਰੂਰ ਪਤਾ ਲੱਗੀ ਹੈ ਕਿ ਭਾਸ਼ਾ ਦਾ ਦਾਇਰਾ ਏਨਾ ਛੋਟਾ ਨਹੀਂ ਕਿ ਇਹ ਵਿਅਕਤੀ ਦੇ ਜੀਵਨ ਦੇ ਸਿਰਫ਼ ਇੱਕ ਹਿੱਸੇ ਨੂੰ ਹੀ ਪ੍ਰਭਾਵਿਤ ਕਰ ਸਕਦੀ ਹੈ ਅਤੇ ਉਸ ਤੋਂ ਬਾਅਦ ਇਸ ਦਾ ਕੋਈ ਵਜੂਦ ਨਹੀਂ ਰਹਿ ਜਾਂਦਾ।

### ਫਿਰ ਭਾਸ਼ਾ ਦਾ ਦਾਇਰਾ ਹੈ ਕੀ?

ਭਾਸ਼ਾ ਇਨਸਾਨ ਦੀ ਪਛਾਣ ਹੈ। ਉਸ ਦੀ ਸ਼ਖ਼ਸੀਅਤ ਨੂੰ ਸਮਾਜ ਸਾਹਮਣੇ ਰੱਖਦੀ ਹੈ। ਜੇਕਰ ਭਾਸ਼ਾ ਨਾਲ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਪਤਾ ਲਗਾਈ ਜਾ ਸਕਦੀ ਹੈ ਤਾਂ ਤੁਸੀਂ ਖ਼ੁਦ ਹੀ ਅੰਦਾਜ਼ਾ ਲਾ ਲਓ ਕਿ ਭਾਸ਼ਾ ਦਾ ਦਾਇਰਾ ਕਿੰਨਾ ਵਿਸ਼ਾਲ ਹੈ। ਮੈਂ ਇੱਕ ਲੇਖ ਪੜ੍ਹਿਆ ਜਿਸ ਅਨੁਸਾਰ ਹਿੰਦੀ, ਸੰਸਕ੍ਰਿਤ ਤੇ ਦੇਵਨਾਗਰੀ ਲੌਬੀ ਦੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੰਸਕ੍ਰਿਤ, ਜੋ ਸਿਰਫ਼ ਕੁਝ ਸੈਂਕੜੇ ਲੋਕਾਂ ਦੀ ਮਾਂ ਬੋਲੀ ਮੰਨੀ ਜਾਂਦੀ ਹੈ, ਭਾਰਤ ਦੇ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿੱਚ ਸ਼ਾਮਲ ਹੈ, ਜਿੱਥੇ ਭਾਰਤ ਦੀਆਂ ਸਾਰੀਆਂ ਪਛਾਣੀਆਂ ਭਾਸ਼ਾਵਾਂ ਦੀ ਸੂਚੀ ਹੈ, ਜਦੋਂਕਿ ਕਈ ਆਦਿਵਾਸੀ ਮਾਂ ਬੋਲੀਆਂ ਜਿਵੇਂ ਭੀਲੀ (12.5 ਲੱਖ) ਅਤੇ ਲਾਮੀ (12 ਲੱਖ) ਆਦਿ ਨੂੰ ਸੰਵਿਧਾਨਕ ਤੌਰ 'ਤੇ ਮਾਨਤਾ ਨਹੀਂ ਦਿੱਤੀ ਗਈ। ਰਾਜਸਥਾਨੀ ਨੂੰ ਆਪਣੀ ਵੱਖਰੀ ਲਿਪੀ ਨਾ ਹੋਣ ਦਾ ਖਮਿਆਜ਼ਾ ਇਸ ਕਦਰ ਭੁਗਤਣਾ ਪਿਆ ਕਿ ਅੱਜ ਉਸ ਦੀ ਥਾਂ ਹਿੰਦੀ ਨੇ ਨੱਪ ਲਈ ਅਤੇ ਰਾਜਸਥਾਨੀ ਮਹਿਜ਼ ਇੱਕ ਅੰਕੜਾ ਬਣ ਕੇ ਰਹਿ ਗਈ। ਪਰ ਪੰਜਾਬੀ, ਬੰਗਾਲੀ, ਕਸ਼ਮੀਰੀ ਜ਼ਬਾਨਾਂ ਦੀ ਜੰਗ ਹਾਲੇ ਵੀ ਜਾਰੀ ਹੈ ਕਿਉਂਕਿ ਉਨ੍ਹਾਂ ਦੀਆਂ ਆਪਣੀਆਂ ਵੱਖਰੀਆਂ ਲਿਪੀਆਂ ਹਨ।

ਨਗੂਗੀ ਵਾ ਥਿਓਂਗੋ ਕੀਨੀਆ ਦੇ ਪ੍ਰਸਿੱਧ ਲੇਖਕ, ਨਾਟਕਕਾਰ ਅਤੇ ਵਿਦਵਾਨ ਹਨ। ਉਨ੍ਹਾਂ ਨੇ ਅਫ਼ਰੀਕੀ ਭਾਸ਼ਾਵਾਂ ਦੀ ਅਹਿਮੀਅਤ ਨੂੰ ਉਜਾਗਰ ਕਰਦਿਆਂ ਕਿਹਾ ਕਿ ਭਾਸ਼ਾ ਸਿਰਫ਼ ਸੰਚਾਰ ਦਾ ਤਰੀਕਾ ਨਹੀਂ, ਸਗੋਂ ਇੱਕ ਸਭਿਆਚਾਰ ਅਤੇ ਪਛਾਣ ਦਾ ਮੁੱਖ ਹਿੱਸਾ ਹੈ। ਉਨ੍ਹਾਂ ਨੇ ਆਪਣੇ ਲੇਖਾਂ ਅਤੇ ਕਾਵਿ ਵਿੱਚ ਬਸਤੀਵਾਦ ਅਤੇ ਨਵ-ਬਸਤੀਵਾਦੀ ਹਾਲਾਤ ਦਾ ਵਿਸ਼ਲੇਸ਼ਣ ਕੀਤਾ ਹੈ। 'ਡਿਕੋਲੋਨਾਈਜ਼ਿੰਗ ਦਿ ਮਾਈਂਡ' ਵਿੱਚ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਫ਼ਰੀਕੀ ਲੇਖਕਾਂ ਨੂੰ ਆਪੋ ਆਪਣੀਆਂ ਭਾਸ਼ਾਵਾਂ ਵਿੱਚ ਲਿਖਣਾ ਚਾਹੀਦਾ ਹੈ, ਜਿਸ ਨਾਲ ਉਹ ਆਪਣੀ ਪਛਾਣ ਅਤੇ ਸੱਭਿਆਚਾਰ ਨੂੰ ਮੁੜ ਸੁਰਜੀਤ ਕਰ ਸਕਦੇ ਹਨ। ਉਨ੍ਹਾਂ ਦਾ ਇਹ ਪ੍ਰਸਿੱਧ ਕਥਨ ਭਾਸ਼ਾ ਅਤੇ ਆਜ਼ਾਦੀ ਦੇ ਆਪਸੀ ਰਿਸ਼ਤੇ ਬਾਰੇ ਸਾਨੂੰ ਸਮਝਾਉਂਦਾ ਹੈ:

''ਜੇ ਤੁਹਾਨੂੰ ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਆਉਂਦੀਆਂ ਹਨ ਅਤੇ ਤੁਹਾਨੂੰ ਆਪਣੀ ਮਾਂ ਬੋਲੀ ਜਾਂ ਆਪਣੇ ਸੱਭਿਆਚਾਰ ਦੀ ਭਾਸ਼ਾ ਨਹੀਂ ਆਉਂਦੀ ਤਾਂ ਇਸ ਨੂੰ ਗੁਲਾਮੀ ਕਹਿੰਦੇ ਹਨ।''

---


# ਏਹੁ ਹਮਾਰਾ ਜੀਵਣਾ...

ਲੇਖਕ : ਅਮੋਲਕ ਸਿੰਘ, ਸੰਪਰਕ: 98778-68710

ਮਜ਼ਦੂਰ ਮਾਪਿਆਂ ਨੇ ਆਪਣੀ ਲਾਡਲੀ ਧੀ ਦਾ ਨਾਂ ਚਾਵਾਂ ਨਾਲ ਰਾਜ ਰੱਖਿਆ। ਸੁਫਨਾ ਅਤੇ ਕਾਮਨਾ ਸੀ ਕਿ ਸਾਡੀ ਰਾਜ ਜਿਹੜੇ ਘਰ ਜਾਵੇ, ਰਾਜ ਕਰੇ। ਰਾਜ ਵਿਆਹੀ ਸਾਡੇ ਪਿੰਡ ਆਈ। ਰਾਜ ਦੇ ਹੱਥਾਂ 'ਤੇ ਕਦੋਂ ਮਹਿੰਦੀ ਲੱਗੀ, ਕਦੋਂ ਲੱਥ ਵੀ ਗਈ, ਪੱਕ ਨਾਲ ਕਿਸੇ ਨੂੰ ਵੀ ਨਹੀਂ ਪਤਾ। ਪਿੰਡ ਵਾਲਿਆਂ ਨੇ ਤਾਂ ਗੋਹਾ-ਕੂੜਾ ਕਰਦੀ ਰਾਜ ਦੇ ਹੱਥਾਂ ਨੂੰ ਅਕਸਰ ਗੋਹਾ ਲੱਗਾ ਦੇਖਿਆ। ਉਹਦੇ ਘਰਵਾਲਾ ਇੰਨਾ ਨਸ਼ਾ ਪੀਂਦਾ ਸੀ ਕਿ ਇੱਕ ਦਿਨ ਉਹਨੂੰ ਨਸ਼ਿਆਂ ਨੇ ਪੀ ਲਿਆ। ਰਾਜ ਕੋਲ ਇੱਕ ਧੀ ਅਤੇ ਦੋ ਪੁੱਤ ਰਹਿ ਗਏ। ਇਨ੍ਹਾਂ ਬੱਚਿਆਂ ਦੇ ਭਾਰ ਤੋਂ ਵੀ ਵੱਧ ਪੱਲੇ ਪੈ ਗਿਆ ਮੁਸੀਬਤਾਂ ਦਾ ਭਾਰ।

ਉਹਦੀ ਜ਼ਿੰਦਗੀ ਗਿੱਲੀ ਲੱਕੜ ਵਾਂਗ ਧੁਖਦੀ ਰਹੀ। ਉਹ ਹੌਸਲੇ ਨਾਲ ਜੀਵਨ ਸਫ਼ਰ 'ਤੇ ਰਹੀ। ਆਖ਼ਿਰ ਇੱਕ ਦਿਨ ਉਹਦਾ ਸਿਦਕ ਡੋਲ ਗਿਆ, ਉਹਨੂੰ ਲੱਗਾ- ਇਹੋ ਜਿਹੇ ਜਿਉਣ ਨਾਲੋਂ ਤਾਂ ਮੌਤ ਚੰਗੀ। ਉਹਨੇ ਪਿੰਡ ਨਾਲ ਵਗਦੀ ਨਹਿਰ ਵਿਚ ਛਾਲ ਮਾਰ ਦਿੱਤੀ। ਕਿਸੇ ਅਜਨਬੀ ਨੇ ਨਹਿਰ ਵਿਚ ਛਾਲ ਮਾਰ ਕੇ ਡੁੱਬਦੀ ਰਾਜ ਨੂੰ ਬਚਾ ਲਿਆ। ਇਸ ਘਟਨਾ ਪਿੱਛੋਂ ਸੋਚਵਾਨ ਲੋਕਾਂ ਵਿਚ ਮੰਥਨ ਹੁੰਦਾ ਰਹਿੰਦਾ ਕਿ ਕਿਰਤੀਆਂ ਦੀ ਜ਼ਿੰਦਗੀ ਕਿਹੋ ਜਿਹੇ ਤਿੱਖੇ ਮੋੜ 'ਤੇ ਪੁੱਜ ਗਈ ਜਿੱਥੇ ਮੰਦਹਾਲੀ ਦੇ ਭੰਨਿਆਂ ਨੂੰ ਜਿਉਣ ਨਾਲੋਂ ਮੌਤ ਨੂੰ ਗਲੇ ਲਾਉਣ ਦੀ ਚੋਣ ਕਰਨ ਵਰਗੇ ਵਰਤਾਰੇ ਨੇ ਨਾਗਵਲ ਪਾ ਲਿਆ। ਇਸ ਹਾਦਸੇ ਮਗਰੋਂ ਕਾਫ਼ੀ ਚਿਰ ਤਾਂ ਰਾਜ ਨੂੰ ਇਹ ਪਛਤਾਵਾ ਹੀ ਵੱਢ-ਵੱਢ ਖਾਂਦਾ ਰਿਹਾ ਕਿ ਉਹਨੂੰ ਕਿਉਂ ਬਚਾ ਲਿਆ, ਅਜੇ ਮੇਰਾ ਹੋਰ ਲੇਖਾ ਲੈਣਾ ਸੀ? ਨਗਰ ਨਿਵਾਸੀ, ਪਰਿਵਾਰ ਖਾਸ ਕਰ ਕੇ ਉਸ ਦੇ ਨਜ਼ਦੀਕੀ ਪਰਿਵਾਰ ਉਸ ਦਾ ਧਿਆਨ ਰੱਖਣ ਲੱਗੇ। ਹਰ ਤਰ੍ਹਾਂ ਮਦਦ ਕਰਦੇ ਅਤੇ ਹੌਸਲਾ ਦਿੰਦੇ, ''ਤੇਰੇ ਪੁੱਤ ਜੁਆਨ ਹੋਏ ਕਿ ਹੋਏ। ਸਮਾਂ ਸਦਾ ਇੱਕੋ ਜਿਹਾ ਨਹੀਂ ਰਹਿੰਦਾ।''

ਪੁੱਤ ਜੁਆਨ ਹੋਏ ਤਾਂ ਇੱਕ ਨਸ਼ੇ ਦਾ ਆਦੀ ਹੋ ਗਿਆ। ਨਸ਼ੇ ਲਈ ਚੋਰੀਆਂ ਕਰਨ ਲੱਗਾ। ਦੂਜਾ ਸਾਰਾ ਦਿਨ ਕਬੂਤਰ ਉਡਾਉਂਦਾ, ਉਨ੍ਹਾਂ ਦਾ ਪਿੱਛਾ ਕਰਦਾ ਅਸਮਾਨ ਵੱਲ ਤੱਕਦਾ ਰਹਿੰਦਾ। ਰਾਜ ਆਪਣੇ ਪੁੱਤਾਂ ਦੇ ਮੂੰਹ ਵੱਲ ਤੱਕਦੀ ਰਹਿ ਗਈ। ਉਹ ਅੰਦਰੇ-ਅੰਦਰ ਕਲਪਦੀ। ਉਹਨੂੰ ਡਰ ਸਤਾਉਂਦਾ ਰਹਿੰਦਾ ਕਿ ਜੇ ਘੂਰਿਆ ਤਾਂ ਕਿਤੇ ਮੇਰਾ ਪੁੱਤ ਨਹਿਰ ਵਿਚ ਛਾਲ ਨਾ ਮਾਰ ਦੇਵੇ!



ਕਬੂਤਰਾਂ ਦੇ ਸ਼ੌਕੀਨ ਪੁੱਤ ਨੇ ਮੋੜਾ ਕੱਟਿਆ। ਕਬੂਤਰਾਂ ਦਾ ਪਿੱਛਾ ਛੱਡ ਕੰਮ ਕਰਨ ਲੱਗਾ। ਦੂਜੇ ਨੇ ਨਸ਼ੇ ਅਤੇ ਚੋਰੀ ਦੀ ਅੱਤ ਕਰ ਦਿੱਤੀ। ਮਾਂ ਦੀਆਂ ਹੱਡੀਆਂ ਭੰਨ ਦਿੰਦਾ। ਸਾਰਾ ਦਿਨ ਫੈਕਟਰੀ ਅਤੇ ਘਰਾਂ ਵਿੱਚ ਕੰਮ ਕਰ ਕੇ ਜਿਹੜੇ ਦੋ ਛਿੱਲੜ ਉਹ ਹੱਡ ਭੰਨ ਕੇ ਕਮਾ ਕੇ ਘਰ ਲਿਆਉਂਦੀ, ਨਸ਼ੇੜੀ ਪੁੱਤ ਕੁੱਟ-ਮਾਰ ਕਰ ਕੇ ਉਹ ਵੀ ਖੋਹ ਲੈਂਦਾ।

ਉਹ ਇਨ੍ਹਾਂ ਦਿਨਾਂ ਵਿੱਚ ਫੈਕਟਰੀ ਵਿਚ ਨਾ-ਮਾਤਰ ਤਨਖ਼ਾਹ 'ਤੇ ਹੀ ਕੰਮ ਕਰਨ ਜਾਂਦੀ ਸੀ ਜਦੋਂ ਉਹ ਪਲਾਂ ਛਿਣਾਂ ਵਿੱਚ ਅੱਖਾਂ ਮੀਟ ਗਈ। ਉਹਦੀ ਅੰਤਿਮ ਵਿਦਾਇਗੀ ਅਤੇ ਰਸਮਾਂ ਪਿੰਡ ਵਾਸੀਆਂ ਨੇ ਹੀ ਆਰਥਿਕ ਅਤੇ ਲੋੜੀਂਦੀ ਹੋਰ ਮਦਦ ਇਕੱਠੀ ਕਰ ਕੇ ਪੂਰੀਆਂ ਕੀਤੀਆਂ। ਦੁਨੀਆ ਦੇ ਸਰਵੋਤਮ ਹੋਣ ਦੇ ਦਾਅਵੇਦਾਰ ਰਾਜ ਅੰਦਰ ਗਰੀਬੜੀ ਮਿਹਨਤੀ ਰਾਜ ਸਦਾ ਲਈ ਤੁਰ ਗਈ।

ਕੌਣ ਸਮਝਾਏ ਇਨ੍ਹਾਂ ਸੋਗ ਭਿੱਜੀਆਂ ਹਵਾਵਾਂ ਨੂੰ ਕਿ ਰਾਜ ਨੂੰ ਰਾਜਭਾਗ ਖਾ ਗਿਆ; ਜਿਹੜਾ ਰਾਜਭਾਗ ਰਾਜ ਵਰਗੀਆਂ ਧੀਆਂ ਨੂੰ ਜਿਉਣ ਜੋਗੀ ਮਾਣਮੱਤੀ ਜ਼ਮੀਨ ਅਤੇ ਆਪਣੇ ਹਿੱਸੇ ਦਾ ਅੰਬਰ ਨਹੀਂ ਦਿੰਦਾ। ਖੋਜਾਰਥੀਆਂ, ਸਮਾਜ ਵਿਗਿਆਨੀਆਂ ਅਤੇ ਔਰਤ ਹੱਕਾਂ ਦੀ ਗੱਲ ਕਰਨ ਵਾਲਿਆਂ ਲਈ ਰਾਜ ਵਡੇਰੇ ਸਵਾਲ ਛੱਡ ਗਈ ਜਿਹੜੇ ਉਹਦੇ ਸਿਵੇ ਵਿਚ ਸੜ ਕੇ ਵੀ ਸੁਆਹ ਨਹੀਂ ਹੋਏ।

ਰਾਜ ਦੇ ਵਿਛੋੜੇ ਨਾਲ ਜੁੜੀਆਂ ਰਸਮਾਂ ਪੂਰੀਆਂ ਕਰਨ ਦਾ ਅਜੇ ਸੂਰਜ ਹੀ ਢਲਿਆ ਸੀ ਕਿ ਉਹਦੇ ਨਸ਼ੇ ਅਤੇ ਚੋਰੀਆਂ ਦੇ ਚੱਕਰ ਵਿੱਚ ਘਿਰੇ ਪੁੱਤ ਦੀ ਵੀ ਸੜਕ ਦੁਰਘਟਨਾ ਵਿਚ ਮੌਤ ਹੋ ਗਈ। ਰਾਜ ਦੀਆਂ ਰਸਮਾਂ ਵਾਂਗ ਨਗਰ ਨੇ ਉਸ ਲਈ ਵੀ ਜੋ ਬਣਦਾ ਸੀ, ਕੀਤਾ। ... ਅਜੋਕੇ ਸਮਾਜ ਵਿਚ ਬੇਸ਼ੁਮਾਰ ਲੋਕ ਉਹ ਨੇ ਜਿਨ੍ਹਾਂ ਨੂੰ ਵਕਤ ਕਦੇ ਇਹ ਸੋਚਣ ਦੀ ਵਿਹਲ ਵੀ ਨਹੀਂ ਦਿੰਦਾ ਕਿ ਉਨ੍ਹਾਂ ਨਾਲ ਇਹ ਜੱਗੋਂ ਤੇਰ੍ਹਵੀਂ ਕਿਉਂ ਹੋ ਰਹੀ ਹੈ।

ਸੁਵਿਧਾ ਕੇਂਦਰ ਦੇ ਕਾਗ਼ਜ਼ਾਂ ਵਿਚ ਰਾਜ ਹੁਣ ਮੌਤ ਵਾਲੇ ਖਾਨੇ ਵਿੱਚ ਸ਼ੁਮਾਰ ਹੋਏਗੀ ਜਦਕਿ ਉਹ ਤਾਂ ਕਦੋਂ ਦੀ ਚਿਤਾ ਵਿਚ ਚਿਣੀ ਗਈ ਸੀ। ਰਾਜ ਵਰਗੀਆਂ ਕਿੰਨੀਆਂ ਹੀ ਜ਼ਿੰਦੜੀਆਂ ਨੇ ਜਿਨ੍ਹਾਂ ਦੀ ਮੜ੍ਹੀ ਉਨ੍ਹਾਂ ਦੇ ਜੀਵਨ ਸਫ਼ਰ ਬਾਰੇ ਬੋਲਦੀ ਹੈ- ਏਹੁ ਹਮਾਰਾ ਜੀਵਣਾ... ਜਦੋਂ ਰਾਜ ਦੀ ਧੀ ਵੱਡੀ ਹੋਏਗੀ, ਉਹਦੇ ਕੰਨਾਂ ਵਿਚ ਵੀ ਮਾਂ ਦੇ ਸਿਵੇ ਦੀ ਆਵਾਜ਼ ਪਿਆ ਕਰੇਗੀ- ਏਹੁ ਹਮਾਰਾ ਜੀਵਣਾ!

# ਜ਼ਿੰਦਗੀ ਦੇ ਰਾਹ ਬਦਲੇ ਪਰ...



**ਲਿਖਤ : ਅਰਵਿੰਦਰ ਜੌਹਲ**

ਹਰ ਵਰ੍ਹੇ ਕੌਮਾਂਤਰੀ ਮਹਿਲਾ ਦਿਵਸ ਮਨਾ ਕੇ ਅਸੀਂ ਔਰਤਾਂ ਦੇ ਸ਼ਕਤੀਕਰਨ, ਬਰਾਬਰੀ ਅਤੇ ਉਨ੍ਹਾਂ ਦੇ ਸਮਾਨ ਅਧਿਕਾਰਾਂ ਦੀ ਗੱਲ ਕਰਦੇ ਹਾਂ ਪਰ ਹਕੀਕਤ ਇਹ ਹੈ ਕਿ ਵੱਖ-ਵੱਖ ਖੇਤਰਾਂ 'ਚ ਮਰਦਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਨ ਦੇ ਬਾਵਜੂਦ ਔਰਤ ਕਦੇ ਵੀ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਨਹੀਂ ਹੁੰਦੀ। ਕੰਮਕਾਜੀ ਔਰਤਾਂ ਦੂਹਰੀ ਚੱਕੀ ਪੀਂਹਦੀਆਂ ਹਨ। ਇੱਕ ਪਾਸੇ ਜਿੱਥੇ ਕੰਮਕਾਜ ਵਾਲੀ ਥਾਂ 'ਤੇ ਉਨ੍ਹਾਂ ਨੂੰ ਆਪਣੇ ਆਪ ਨੂੰ ਸਾਬਤ ਕਰਨ ਲਈ ਮਰਦਾਂ ਤੋਂ ਵੱਧ ਨਿੱਠ ਕੇ ਕੰਮ ਕਰਨਾ ਪੈਂਦਾ ਹੈ, ਉੱਥੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਦਾ ਬੋਝ ਵੀ ਨਾਲੋ-ਨਾਲ ਚੁੱਕਣਾ ਪੈਂਦਾ ਹੈ।

ਸਾਡੀ ਸਮਾਜਿਕ ਬਣਤਰ 'ਚ ਪਰਿਵਾਰ ਇੱਕ ਮੂਲ ਇਕਾਈ ਹੈ ਜਿਸ ਦਾ ਮੁੱਖ ਧੁਰਾ ਔਰਤ ਹੈ ਤੇ ਪਰਿਵਾਰ ਦਾ ਸਾਰਾ ਤਾਣਾ-ਬਾਣਾ ਉਸ ਦੁਆਲੇ ਹੀ ਘੁੰਮਦਾ ਹੈ। ਸਾਡੇ ਸਮਾਜ ਵਿੱਚ ਸਮਝਿਆ ਜਾਂਦਾ ਹੈ ਕਿ ਮਰਦ ਦੀ ਜ਼ਿੰਮੇਵਾਰੀ ਸਿਰਫ਼ ਪਰਿਵਾਰ ਲਈ ਕਮਾਈ ਕਰਨਾ ਹੈ। ਔਰਤਾਂ ਨੇ ਪੜ੍ਹ-ਲਿਖ ਕੇ ਵੱਖ-ਵੱਖ ਖੇਤਰਾਂ ਵਿੱਚ ਕਦਮ ਅੱਗੇ ਵਧਾਉਂਦਿਆਂ ਪਰਿਵਾਰ ਲਈ ਕਮਾਈ ਕਰਨ ਦੀ ਜ਼ਿੰਮੇਵਾਰੀ ਤਾਂ ਵੰਡਾ ਲਈ ਪਰ ਘਰ ਪ੍ਰਤੀ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਕਿਸੇ ਨੇ ਨਹੀਂ ਵੰਡਾਇਆ ਅਤੇ ਉਨ੍ਹਾਂ ਸਿਰ ਦੂਹਰਾ ਬੋਝ ਆ ਪਿਆ।

ਅੰਕੜਾ ਅਤੇ ਸਰਕਾਰੀ ਯੋਜਨਾਵਾਂ ਲਾਗੂ ਕਰਨ ਸਬੰਧੀ ਮੰਤਰਾਲੇ ਨੇ ਔਰਤਾਂ ਅਤੇ ਮਰਦਾਂ ਵੱਲੋਂ ਕੀਤੇ ਜਾਂਦੇ ਘਰੇਲੂ ਕੰਮਕਾਜ ਦੇ ਜਿਹੜੇ ਅੰਕੜੇ ਜਾਰੀ ਕੀਤੇ ਹਨ ਉਨ੍ਹਾਂ ਤੋਂ ਸਮੁੱਚੀ ਸਥਿਤੀ ਸਪੱਸ਼ਟ ਹੋ ਜਾਂਦੀ ਹੈ। ਔਰਤਾਂ ਅਤੇ ਮਰਦਾਂ ਦੇ ਘਰ ਦੇ ਕੰਮ ਦੇ ਘੰਟਿਆਂ ਬਾਰੇ ਕੀਤੇ ਗਏ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਔਰਤਾਂ ਦੀਆਂ ਘਰੇਲੂ ਜ਼ਿੰਮੇਵਾਰੀਆਂ ਮਰਦਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਇੱਕ ਔਰਤ ਰੋਜ਼ਾਨਾ ਘਰੇਲੂ ਕੰਮਾਂ ਵਿੱਚ 289 ਮਿੰਟ ਬਿਤਾਉਂਦੀ ਹੈ ਜੋ ਕਿ ਮਰਦਾਂ ਨਾਲੋਂ 201 ਮਿੰਟ ਵੱਧ ਹਨ। ਮਰਦਾਂ ਵੱਲੋਂ ਜੇਕਰ ਘਰੇਲੂ ਕੰਮਾਂ 'ਚ ਸਹਿਯੋਗ ਕੀਤਾ ਵੀ ਜਾਂਦਾ ਹੈ ਤਾਂ ਇਸ ਤਰ੍ਹਾਂ ਅਹਿਸਾਨ ਜਤਾਇਆ ਜਾਂਦਾ ਹੈ ਜਿਵੇਂ ਉਨ੍ਹਾਂ ਬਹੁਤ ਵੱਡਾ ਕੰਮ ਕਰ ਦਿੱਤਾ ਹੋਵੇ। ਕੋਈ ਵੀ ਕੰਮਕਾਜੀ ਔਰਤ ਜੇਕਰ ਦਫ਼ਤਰੋਂ ਥੱਕੀ-ਟੁੱਟੀ ਘਰ ਜਾਏ ਤਾਂ ਉਸ ਨੂੰ ਘੱਟ-ਵੱਧ ਹੀ ਇਹ ਸਹੂਲਤ ਮਿਲਦੀ ਹੈ ਕਿ ਬੂਹੇ ਵੜਦਿਆਂ ਹੀ ਕੋਈ ਉਸ ਦਾ ਬੈਗ ਫੜ ਲਏ ਜਾਂ ਉਸ ਨੂੰ ਪਾਣੀ ਦਾ ਗਲਾਸ ਦੇ ਦੇਵੇ ਅਤੇ ਇਸ ਤੋਂ ਮਗਰੋਂ ਟਰੇਅ ਵਿੱਚ ਸਜਾ ਕੇ ਉਸ ਨੂੰ ਗਰਮ ਗਰਮ ਚਾਹ ਦਾ ਕੱਪ ਦੇ ਦੇਵੇ। ਹਕੀਕੀ ਸਥਿਤੀ ਇਹ ਹੈ ਕਿ ਘਰ ਵੜਨ ਤੋਂ ਬਾਅਦ ਬਹੁਤੀਆਂ ਔਰਤਾਂ ਦਾ ਹਾਲ ਇਹ ਹੁੰਦਾ ਹੈ ਕਿ ਉਹ ਭਾਵੇਂ ਜਿੰਨੀਆਂ ਵੀ ਥੱਕੀਆਂ-ਟੁੱਟੀਆਂ ਦਫ਼ਤਰੋਂ ਆਈਆਂ ਹੋਣ, ਕੱਪੜੇ ਬਦਲ ਕੇ ਸਿੱਧੇ ਰਸੋਈ ਦਾ ਰੁਖ਼ ਕਰਦਿਆਂ ਘਰੇਲੂ ਕੰਮਾਂ 'ਚ ਜੁੱਟ ਜਾਂਦੀਆਂ ਹਨ। ਜਿਹੜੀਆਂ ਬੀਬੀਆਂ ਨੌਕਰੀ ਨਹੀਂ ਕਰਦੀਆਂ ਉਹ ਸਵੇਰੇ ਅੱਖ ਖੁੱਲ੍ਹਣ ਤੋਂ ਲੈ ਕੇ ਰਾਤ ਸੌਣ ਤੱਕ ਦਾ ਸਮਾਂ ਬੱਚਿਆਂ, ਪਤੀ ਅਤੇ ਸੱਸ-ਸਹੁਰੇ ਦੀ ਸੇਵਾ 'ਚ ਗੁਜ਼ਾਰਦੀਆਂ ਨੇ। ਸਾਰਿਆਂ ਨੂੰ ਲਹਿੰਦਾ-ਲਹਿੰਦਾ ਫੁਲਕਾ ਖੁਆਉਣਾ ਉਨ੍ਹਾਂ ਦੀ ਨੈਤਿਕ ਜ਼ਿੰਮੇਵਾਰੀ ਤੈਅ ਕਰ ਦਿੱਤੀ ਜਾਂਦੀ ਹੈ। ਪਰਿਵਾਰ ਦੇ ਕਿਸੇ ਵੀ ਕੰਮ 'ਚ ਥੋੜ੍ਹਾ-ਮੋਟਾ ਉੱਪਰ-ਥੱਲੇ ਹੋ ਜਾਵੇ ਤਾਂ ਸਭ ਦੇ ਮੂੰਹ ਮੋਟੇ ਹੋ ਜਾਂਦੇ ਹਨ। ਇਹ ਵਰਤਾਰਾ ਪਿੰਡਾਂ ਅਤੇ ਸ਼ਹਿਰਾਂ 'ਚ ਇੱਕ ਸਮਾਨ ਹੀ ਹੈ। ਸ਼ਹਿਰਾਂ 'ਚ ਜਿੱਥੇ ਕੰਮਕਾਜੀ ਔਰਤਾਂ ਦਫ਼ਤਰਾਂ ਆਦਿ 'ਚ ਜਾ ਕੇ ਕੰਮ ਕਰਦੀਆਂ ਹਨ, ਉੱਥੇ ਪੇਂਡੂ ਔਰਤਾਂ ਦੇ ਕੰਮਕਾਰ ਵੀ ਦਿਨ ਚੜ੍ਹਨ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ ਅਤੇ ਸੂਰਜ ਢਲਣ ਮਗਰੋਂ ਵੀ ਨਹੀਂ ਮੁੱਕਦੇ। ਇਨ੍ਹਾਂ 'ਚ ਘਰ ਦੇ ਕੰਮ ਹੀ ਸ਼ਾਮਿਲ ਨਹੀਂ ਸਗੋਂ ਪਸ਼ੂ ਸਾਂਭਣ ਤੋਂ ਲੈ ਕੇ ਖੇਤਾਂ ਤੱਕ ਦੇ ਕੰਮ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਨੂੰ ਨਿਭਾਉਣੀ ਪੈਂਦੀ ਹੈ। ਇਸ ਦੇ ਨਾਲ ਨਾਲ ਘਰ ਦਾ ਰੋਟੀ-ਟੁੱਕ, ਬੱਚਿਆਂ ਅਤੇ ਬਜ਼ੁਰਗਾਂ ਦੀ ਸੰਭਾਲ ਤਾਂ ਉਨ੍ਹਾਂ ਦਾ ਹੀ ਫਰਜ਼ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਕਿਸੇ ਪਾਸਿਉਂ ਵੀ ਸਾਹ ਨਹੀਂ ਆਉਂਦਾ ਕਿਉਂਕਿ ਉਨ੍ਹਾਂ ਲਈ ਕਿਹੜਾ ਕੰਮ ਦੇ ਘੰਟੇ ਨਿਸ਼ਚਿਤ ਹਨ। ਸਿਤਮਜ਼ਰੀਫ਼ੀ ਇਹ ਹੈ ਕਿ ਏਨੀ ਮਿਹਨਤ ਮੁਸ਼ੱਕਤ ਦੀ ਵੀ ਕੋਈ ਬਣਦੀ ਕਦਰ ਨਹੀਂ ਕਰਦਾ ਅਤੇ ਨਾ ਹੀ ਉਨ੍ਹਾਂ ਨੂੰ ਵਡਿਆਉਂਦਾ ਹੈ।

ਇਹ ਗੱਲ ਵਾਰ-ਵਾਰ ਕੀਤੀ ਜਾਂਦੀ ਹੈ ਕਿ ਅੱਜ ਔਰਤਾਂ ਨੂੰ ਮਰਦਾਂ ਦੇ ਬਰਾਬਰ ਸਮਝਿਆ ਜਾਂਦਾ ਹੈ ਅਤੇ ਹਰ ਖੇਤਰ 'ਚ ਔਰਤਾਂ ਮੋਹਰੀ ਭੂਮਿਕਾ ਨਿਭਾ ਰਹੀਆਂ ਹਨ। ਠੀਕ ਹੈ, ਸਾਡੀਆਂ ਨਾਨੀਆਂ, ਦਾਦੀਆਂ ਘਰੇਲੂ ਸੁਆਣੀਆਂ ਸਨ ਜਿਨ੍ਹਾਂ ਦੀ ਜ਼ਿੰਮੇਵਾਰੀ ਆਪਣੇ ਪਰਿਵਾਰ ਦੀ ਸਾਂਭ-ਸੰਭਾਲ ਕਰਨਾ ਸੀ ਤੇ ਪੈਸੇ ਕਮਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਪਤੀਆਂ ਦੀ ਸੀ। ਫਿਰ ਔਰਤਾਂ ਨੇ ਸਿੱਖਿਅਤ ਹੋਣ ਮਗਰੋਂ ਪ੍ਰੋਫੈਸ਼ਨਲ ਜ਼ਿੰਦਗੀ ਵਿੱਚ ਕਦਮ ਤਾਂ ਰੱਖੇ ਪਰ ਸਮਾਜ ਦੇ ਤੈਅ ਮਾਪਦੰਡਾਂ ਅਨੁਸਾਰ ਘਰੇਲੂ ਕੰਮਾਂ ਦੀਆਂ ਜ਼ਿੰਮੇਵਾਰੀਆਂ ਤੋਂ ਪਤੀਆਂ ਵਾਂਗ ਫਾਰਗ ਹੋਣ ਦੀ ਸਹੂਲਤ ਉਨ੍ਹਾਂ ਨੂੰ ਹਾਸਲ ਨਾ ਹੋਈ।

ਜੇ ਮੈਂ ਆਪਣੇ ਅਖ਼ਬਾਰੀ ਕਿੱਤੇ ਦੀ ਗੱਲ ਕਰਾਂ ਤਾਂ ਇਸ ਵਿੱਚ ਅੱਜ ਔਰਤਾਂ/ਕੁੜੀਆਂ ਦੀ ਭਰਵੀਂ ਗਿਣਤੀ ਹੈ। ਅਖ਼ਬਾਰਾਂ ਵਿੱਚ ਡਿਊਟੀ ਖ਼ਤਮ ਹੁੰਦਿਆਂ ਤਕਰੀਬਨ ਅੱਧੀ ਰਾਤ ਹੋ ਜਾਂਦੀ ਹੈ। ਜੇਕਰ ਕਿਤੇ ਆਖ਼ਰੀ ਮੌਕੇ ਕੋਈ ਅਹਿਮ ਖ਼ਬਰ ਆ ਗਈ ਤਾਂ ਤੁਹਾਨੂੰ ਹਰ ਹਾਲ ਲੈਣੀ ਹੀ ਪਵੇਗੀ। ਮਤਲਬ ਕਿ ਛੁੱਟੀ ਦੇ ਸਮੇਂ ਤੋਂ ਬਾਅਦ ਵੀ ਤੁਹਾਨੂੰ ਰੁਕਣਾ ਪਵੇਗਾ। ਕਿਸੇ ਵੀ ਸੂਰਤ ਵਿੱਚ ਤੁਸੀਂ ਕੰਮ ਅਧੂਰਾ ਛੱਡ ਕੇ ਨਹੀਂ ਜਾ ਸਕਦੇ। ਜਦੋਂ ਵੀ ਕਦੇ ਅਜਿਹੀ ਸਥਿਤੀ ਪੈਦਾ ਹੁੰਦੀ ਹੈ ਤਾਂ ਉਸ ਵੇਲੇ ਡਿਊਟੀ 'ਤੇ ਹਾਜ਼ਰ ਕੁੜੀਆਂ ਦੇ ਚਿਹਰੇ ਦੀ ਪ੍ਰੇਸ਼ਾਨੀ, ਘਬਰਾਹਟ ਅਤੇ ਵਾਰ-ਵਾਰ ਘੜੀ ਵੱਲ ਦੇਖਣਾ ਮੈਨੂੰ ਸਮਝ ਤਾਂ ਪੈਂਦਾ ਹੈ ਪਰ ਚਾਹੁੰਦਿਆਂ ਹੋਇਆਂ ਵੀ ਉਨ੍ਹਾਂ ਨੂੰ ਘੜੀ ਦੇਖ ਕੇ ਛੁੱਟੀ ਕਰਨ ਦੀ ਰਿਆਇਤ ਨਹੀਂ ਦਿੱਤੀ ਜਾ ਸਕਦੀ। ਕੌੜੀ ਹਕੀਕਤ ਇਹ ਹੈ ਕਿ ਆਪਣੀ ਪ੍ਰੋਫੈਸ਼ਨਲ ਜ਼ਿੰਦਗੀ 'ਚ ਜੇਕਰ ਤੁਸੀਂ ਆਪਣੇ ਮਰਦ ਸਹਿਯੋਗੀਆਂ ਦੇ ਮੁਕਾਬਲੇ ਤਰੱਕੀ ਦੇ ਬਰਾਬਰ ਮੌਕੇ ਹਾਸਲ ਕਰਨੇ ਹਨ ਤਾਂ ਤੁਹਾਨੂੰ ਆਪਣੇ ਕਿੱਤੇ ਦੀਆਂ ਜ਼ਿੰਮੇਵਾਰੀਆਂ ਵੀ ਬਰਾਬਰ ਹੀ ਚੁੱਕਣੀਆਂ ਪੈਣਗੀਆਂ। ਉੱਥੇ ਤੁਸੀਂ ਆਪਣੇ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਦਾ ਰੋਣਾ ਨਹੀਂ ਰੋ ਸਕਦੇ।

ਇੱਕ ਵਾਰੀ ਮੁੱਖ ਡੈਸਕ 'ਤੇ ਇੰਚਾਰਜ ਵਜੋਂ ਇੱਕ ਲੜਕੀ ਡਿਊਟੀ ਨਿਭਾਅ ਰਹੀ ਸੀ ਕਿ ਆਖ਼ਰੀ ਮੌਕੇ ਮਹੱਤਵਪੂਰਨ ਖ਼ਬਰ ਆ ਗਈ। ਹੁਣ ਉਸ ਨੂੰ ਪੰਨੇ ਨਵੇਂ ਸਿਰਿਓਂ ਵਿਉਂਤ ਕੇ ਐਡੀਸ਼ਨ ਦੇਣਾ ਪੈਣਾ ਸੀ। ਮੈਂ ਖ਼ੁਦ ਵੀ ਉੱਥੇ ਮੌਜੂਦ ਸੀ ਪਰ ਆਪਣਾ ਕੰਮ ਤਾਂ ਉਸ ਨੇ ਹੀ ਕਰ ਕੇ ਜਾਣਾ ਸੀ। ਨਵੀਂ ਸਥਿਤੀ ਮੁਤਾਬਿਕ ਜਿੰਨਾ ਵੀ ਸਮਾਂ ਲੱਗਿਆ, ਉਸ ਨੇ ਉਹ ਕੰਮ ਪੂਰਾ ਕੀਤਾ ਪਰ ਉਹ ਲਗਾਤਾਰ ਬੇਚੈਨ ਨਜ਼ਰ ਆ ਰਹੀ ਸੀ। ਖ਼ੈਰ, ਜਿਵੇਂ-ਕਿਵੇਂ ਕੰਮ ਪੂਰਾ ਕਰ ਕੇ ਉਹ ਦਫ਼ਤਰ ਦੀ ਗੱਡੀ ਵਿੱਚ ਘਰ ਲਈ ਰਵਾਨਾ ਹੋ ਗਈ। ਅਗਲੇ ਦਿਨ ਉਸ ਨੇ ਮੈਨੂੰ ਆ ਕੇ ਦੱਸਿਆ ਕਿ ਜਦੋਂ ਉਹ ਘਰ ਪੁੱਜੀ ਤਾਂ ਉਸ ਦੇ ਮਾਪੇ ਬੂਹੇ 'ਚ ਹੀ ਖੜ੍ਹੇ ਸਨ ਅਤੇ ਉਸ ਕੋਲੋਂ ਉਨ੍ਹਾਂ ਤਰ੍ਹਾਂ-ਤਰ੍ਹਾਂ ਦੇ ਸਵਾਲ ਪੁੱਛੇ ਕਿ ਏਨੀ ਦੇਰ ਕਿਵੇਂ ਹੋ ਗਈ? ਇਹ ਗੱਲ ਦੱਸਦਿਆਂ ਉਸ ਦੀਆਂ ਅੱਖਾਂ 'ਚ ਹੰਝੂ ਆ ਗਏ। ਹਾਲਾਂਕਿ ਦਫ਼ਤਰ 'ਚ ਸੀਨੀਅਰ ਵਜੋਂ ਮੈਂ ਹਮੇਸ਼ਾ ਹੀ ਇਨ੍ਹਾਂ ਸਭ ਤੋਂ ਬਾਅਦ ਘਰ ਜਾਂਦੀ ਹਾਂ। ਇੱਥੇ ਉਸ ਬੱਚੀ ਦੀ ਦੁਬਿਧਾ ਦੇਖੋ, ਉਹ ਮੇਰੀ ਨਿਗਰਾਨੀ ਹੇਠ ਕੰਮ ਕਰ ਰਹੀ ਸੀ, ਮੈਂ ਔਰਤ ਹੋ ਕੇ ਵੀ ਉਸ ਨੂੰ ਮਹਿਜ਼ ਔਰਤ ਹੋਣ ਕਰ ਕੇ ਕੰਮ 'ਚ ਕੋਈ ਰਿਆਇਤ ਨਹੀਂ ਸੀ ਦੇ ਸਕਦੀ। ਇਸ ਕਿੱਤੇ 'ਚ ਔਰਤਾਂ ਨੂੰ ਆਪਣੇ ਪਰਿਵਾਰਕ ਮਸਲੇ ਦਫ਼ਤਰ ਤੋਂ ਬਾਹਰ ਛੱਡ ਕੇ ਆਉਣੇ ਪੈਂਦੇ ਹਨ। ਇੱਕ ਦਿਨ ਅਚਾਨਕ ਇੱਕ ਹੋਰ ਮਹਿਲਾ ਸਹਿਯੋਗੀ ਮੇਰੇ ਕਮਰੇ 'ਚ ਦਾਖ਼ਲ ਹੋਈ। ਉਸ ਦੇ ਹੱਥ ਵਿੱਚ ਇੱਕ ਲਿਫ਼ਾਫ਼ਾ ਸੀ ਤੇ ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਉਸ ਨੂੰ ਦੇਖ ਕੇ ਮੈਨੂੰ ਅਹਿਸਾਸ ਹੋ ਗਿਆ ਕਿ ਕੋਈ ਵੱਡਾ ਮਸਲਾ ਹੈ। ਕੁਝ ਦੇਰ ਮੇਰੇ ਸਾਹਮਣੇ ਚੁੱਪ-ਚਾਪ ਬੈਠਣ ਤੋਂ ਬਾਅਦ ਉਸ ਨੇ ਹੌਲੀ-ਹੌਲੀ ਲਿਫ਼ਾਫ਼ਾ ਮੇਜ਼ ਉੱਤੇ ਰੱਖਦਿਆਂ ਗੱਲ ਸ਼ੁਰੂ ਕੀਤੀ ਕਿ ਉਹ ਨੌਕਰੀ ਛੱਡਣੀ ਚਾਹੁੰਦੀ ਹੈ। ਮੈਂ ਸਵਾਲ ਕੀਤਾ ਕਿ ਕਿਸੇ ਨੇ ਕੁਝ ਆਖਿਆ ਹੈ, ਉਸ ਦਾ ਜਵਾਬ ਸੀ 'ਨਹੀਂ'। ਗੱਲ ਕਰਦਿਆਂ-ਕਰਦਿਆਂ ਉਹ ਅੱਖਾਂ ਭਰ ਆਈ। ਮੈਂ ਉਸ ਨੂੰ ਸਮਝਾਇਆ, ''ਏਨੀ ਚੰਗੀ ਨੌਕਰੀ ਹੈ, ਠੀਕ-ਠਾਕ ਤਨਖਾਹ ਹੈ, ਫਿਰ ਤੂੰ ਕਿਉਂ ਨੌਕਰੀ ਛੱਡਣਾ ਚਾਹੁੰਦੀ ਹੈਂ?'' ਜਵਾਬ ਦਿੰਦਿਆਂ ਉਸ ਦਾ ਗੱਚ ਭਰ ਆਇਆ, ''ਮੇਰੇ ਕੋਲੋਂ ਘਰ ਅਤੇ ਦਫ਼ਤਰ ਦੋਹੀਂ ਥਾਈਂ ਹੀ ਠੀਕ ਤਰ੍ਹਾਂ ਕੰਮ ਨਹੀਂ ਹੁੰਦਾ।'' ਉਸ ਦੇ ਬੱਚੇ ਛੋਟੇ ਸਨ, ਉਨ੍ਹਾਂ ਦੀ ਦੇਖ-ਭਾਲ ਦੇ ਨਾਲ-ਨਾਲ ਸਮੁੱਚੇ ਪਰਿਵਾਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਵੀ ਉਸੇ ਸਿਰ ਸੀ। ਉਸ ਦਾ ਕਹਿਣਾ ਸੀ, ''ਮੈਂ ਕਿਸੇ ਕੋਲੋਂ ਇਹ ਨਹੀਂ ਕਹਾਉਣਾ ਚਾਹੁੰਦੀ ਕਿ ਆਪਣੇ ਪਰਿਵਾਰ ਦੇ ਮਸਲੇ ਦਫ਼ਤਰ ਲਿਆ ਕੇ ਕੋਈ ਰਿਆਇਤ ਹਾਸਲ ਕਰਨਾ ਚਾਹੁੰਦੀ ਹਾਂ।'' ਏਨਾ ਕਹਿੰਦਿਆਂ ਉਸ ਨੇ ਆਪਣੇ ਅਸਤੀਫ਼ੇ ਵਾਲਾ ਲਿਫ਼ਾਫ਼ਾ ਮੇਰੇ ਹੱਥ ਫੜਾ ਦਿੱਤਾ। ਮੈਂ ਉਸ ਨੂੰ ਕਿਹਾ, ''ਸਟਾਫ਼ ਦਾ ਸੰਕਟ ਹੈ, ਤੇਰਾ ਅਸਤੀਫ਼ਾ ਪ੍ਰਵਾਨ ਨਹੀਂ ਹੋ ਸਕਦਾ। ਤੂੰ ਦੱਸ ਤੇਰੀ ਕਿਵੇਂ ਮਦਦ ਕਰਾਂ?'' ਹਮਦਰਦੀ ਦੇ ਬੋਲ ਸੁਣ ਕੇ ਉਹ ਹੁਬਕੀਂ ਰੋਣ ਲੱਗ ਪਈ। ਅਖ਼ੀਰ ਮੈਂ ਉਸ ਹੱਥੋਂ ਅਸਤੀਫ਼ੇ ਵਾਲਾ ਲਿਫ਼ਾਫ਼ਾ ਫੜ ਲਿਆ ਪਰ ਨਾਲ ਹੀ ਇਹ ਵੀ ਕਿਹਾ, ''ਮੈਂ ਇਸ ਨੂੰ ਕਿਸੇ ਵੀ ਸੂਰਤ ਵਿੱਚ ਪ੍ਰਵਾਨ ਨਹੀਂ ਕਰਨਾ।'' ਉਸ ਦਾ ਜਵਾਬ ਸੀ, ''ਨਹੀਂ ਮੈਡਮ, ਮੇਰੀ ਬਸ ਹੋ ਗਈ ਹੈ। ਇਸ ਰਾਹੇ ਮੈਥੋਂ ਹੋਰ ਨਹੀਂ ਤੁਰਿਆ ਜਾਂਦਾ।''

ਖ਼ੈਰ, ਮੈਂ ਉਸ ਦੀ ਹਾਲਤ ਦੇਖਦਿਆਂ ਉਸ ਨੂੰ ਸਮਝਾਇਆ ਕਿ ਫਿਲਹਾਲ ਉਹ ਕੁਝ ਦਿਨ ਦੀ ਛੁੱਟੀ ਕਰ ਲਵੇ। ਮੈਨੂੰ ਲੱਗਦਾ ਸੀ ਕਿ ਘਰੇਲੂ ਮੁਹਾਜ਼ 'ਤੇ ਕੰਮ 'ਚ ਨਿਭਣ ਲੱਗਿਆਂ ਕਿਤੇ ਉਹ ਊਣੀ ਰਹਿ ਗਈ ਹੋਣੀ ਐ ਤੇ ਉਸ ਨੂੰ ਜਦੋਂ ਇਸ ਊਣੇਪਣ ਦਾ ਅਹਿਸਾਸ ਕਰਵਾਇਆ ਗਿਆ ਹੋਵੇਗਾ ਤਾਂ ਉਹ ਜਜ਼ਬਾਤੀ ਹੋ ਕੇ ਅਸਤੀਫ਼ਾ ਦੇਣ ਤੁਰ ਪਈ। ਔਰਤ ਹੋਣ ਕਰ ਕੇ ਮੈਂ ਉਸ ਦੀਆਂ ਸਮੱਸਿਆਵਾਂ ਸਮਝ ਸਕਦੀ ਸੀ।

ਉਸ ਦਾ ਉਹ ਅਸਤੀਫ਼ਾ ਪੱਤਰ ਅੱਜ ਵੀ ਦਫ਼ਤਰ ਵਿੱਚ ਮੇਰੇ ਨਿੱਜੀ ਕਾਗਜ਼ਾਂ ਵਿੱਚ ਸਾਂਭਿਆ ਪਿਆ ਹੈ। ਜਦ ਵੀ ਕਾਗਜ਼ ਫਰੋਲਦਿਆਂ ਉਹ ਪੱਤਰ ਮੈਨੂੰ ਨਜ਼ਰੀਂ ਪੈਂਦਾ ਹੈ, ਮੈਨੂੰ ਜਾਪਦਾ ਹੈ ਜਿਵੇਂ ਉਹ ਮਹਿਜ਼ ਅਸਤੀਫ਼ਾ ਨਹੀਂ ਸਗੋਂ ਕੰਮਕਾਜੀ ਔਰਤਾਂ ਦੀਆਂ ਮਜਬੂਰੀਆਂ ਦੀ ਉਹ ਵਿਥਿਆ ਹੈ ਜੋ ਇਸ ਆਧੁਨਿਕ ਯੁੱਗ ਵਿੱਚ ਵੀ ਨਹੀਂ ਬਦਲੀ।

# ਖ਼ੂਨ ਦੀ ਸਾਂਝ

**ਲਿਖਤ : ਰਾਜ ਕੌਰ ਕਮਾਲਪੁਰ, ਸੰਪਰਕ: 94642-24314**

ਹੋਇਆ ਇਉਂ, ਮੇਰੇ ਪਤੀ ਨੇ ਸ਼ੋਸਲ ਮੀਡੀਆ 'ਤੇ ਪੜ੍ਹ ਲਿਆ ਕਿ ਕਿਸੇ ਨੂੰ ਬੀ ਨੈਗੇਟਿਵ ਖ਼ੂਨ ਦੀ ਬਹੁਤ ਜ਼ਿਆਦਾ ਐਮਰਜੈਂਸੀ ਵਿੱਚ ਜ਼ਰੂਰਤ ਸੀ। ਖ਼ੂਨ ਦਾ ਇਹ ਗਰੁੱਪ ਕਾਫ਼ੀ ਘੱਟ ਮਿਲਦਾ ਹੈ। ਉਹ ਔਰਤ ਜਿਸ ਨੂੰ ਖ਼ੂਨ ਦੀ ਤੁਰੰਤ ਲੋੜ ਸੀ ... ਗਰਭਵਤੀ ਸੀ, ਉਸ ਨੂੰ ਇੱਕ-ਦੋ ਦਿਨਾਂ ਬਾਅਦ ਬੱਚਾ ਹੋਣ ਵਾਲਾ ਸੀ ਅਤੇ ਪੀ.ਜੀ.ਆਈ. ਚੰਡੀਗੜ੍ਹ ਵਿੱਚ ਐਮਰਜੈਂਸੀ ਵਾਰਡ ਵਿੱਚ ਦਾਖਲ ਸੀ। ਮੇਰੇ ਪਤੀ ਦਾ ਬਲੱਡ ਗਰੁੱਪ ਬੀ ਨੈਗੇਟਿਵ ਹੀ ਹੈ। ਇਹ ਲੈਕਚਰਾਰ ਹੋਣ ਕਾਰਨ ਸਕੂਲ ਆਪਣੀ ਡਿਊਟੀ 'ਤੇ ਗਏ ਹੋਏ ਸਨ। ਜਦੋਂ ਇਨ੍ਹਾਂ ਨੂੰ ਪਤਾ ਲੱਗਿਆ ਤਾਂ ਉਸੇ ਵੇਲੇ ਪਟਿਆਲੇ ਵੱਲ ਤੁਰ ਪਏ। ਮੈਨੂੰ ਪਤਾ ਲੱਗਿਆ ਤਾਂ ਮੈਂ ਵੀ ਇਨ੍ਹਾਂ ਦੇ ਨਾਲ ਚੱਲ ਪਈ ਕਿਉਂਕਿ ਪਟਿਆਲ਼ਾ ਤੋਂ ਚੰਡੀਗੜ੍ਹ ਦੋ ਘੰਟਿਆਂ ਦਾ ਸਫ਼ਰ ਸੀ। ਵਾਪਸੀ ਸਮੇਂ ਮੇਰਾ ਇਨ੍ਹਾਂ ਨਾਲ ਹੋਣਾ ਮੈਨੂੰ ਜ਼ਰੂਰੀ ਲੱਗਿਆ। ਦੋ ਘੰਟਿਆਂ ਦੇ ਸਫ਼ਰ ਤੋਂ ਬਾਅਦ ਅਸੀਂ ਚੰਡੀਗੜ੍ਹ ਪੀ.ਜੀ.ਆਈ. ਹਸਪਤਾਲ 'ਚ ਪਹੁੰਚੇ ਤਾਂ ਉਸ ਔਰਤ ਦਾ ਪਤੀ ਬੜੀ ਬੇਸਬਰੀ ਨਾਲ ਸਾਡੀ ਉਡੀਕ ਕਰ ਰਿਹਾ ਸੀ ਕਿਉਂਕਿ ਉਸ ਦੀ ਪਤਨੀ ਦਾ ਆਪਰੇਸ਼ਨ ਖ਼ੂਨ ਮਿਲਣ ਤੋਂ ਬਾਅਦ ਹੀ ਹੋ ਸਕਦਾ ਸੀ। ਕੋਈ ਪੌਣੇ ਕੁ ਘੰਟੇ ਬਾਅਦ ਮੇਰੇ ਪਤੀ ਖ਼ੂਨ ਦਾਨ ਕਰਕੇ ਬਾਹਰ ਆ ਗਏ। ਮੈਂ ਕਮਰੇ ਦੇ ਬਾਹਰ ਬੈਠੀ ਉਡੀਕ ਕਰਦੀ ਰਹੀ। ਇੱਕ-ਦੋ ਵਾਰੀ ਕੋਲ ਜਾ ਕੇ ਇਨ੍ਹਾਂ ਦਾ ਹਾਲ-ਚਾਲ ਪੁੱਛ ਆਈ। ਉਸ ਔਰਤ ਦਾ ਪਤੀ ਵੀ ਬਾਹਰ ਬੈਠਾ ਮੇਰੇ ਪਤੀ ਦਾ ਇੰਤਜ਼ਾਰ ਕਰਦਾ ਰਿਹਾ। ਖ਼ੂਨ ਦੇਣ ਤੋਂ ਬਾਅਦ 15 ਕੁ ਮਿੰਟ ਹਸਪਤਾਲ ਵਾਲਿਆਂ ਨੇ ਬਿਠਾ ਕੇ ਰੱਖਿਆ। ਉਹ ਚੈੱਕ ਕਰ ਰਹੇ ਸਨ ਕਿ ਖ਼ੂਨ ਦੇਣ ਤੋਂ ਬਾਅਦ ਕੋਈ ਸਮੱਸਿਆ ਤਾਂ ਨਹੀਂ ਆਈ।

ਕਮਰੇ ਤੋਂ ਬਾਹਰ ਆਉਂਦਿਆਂ ਨੂੰ ਉਸ ਔਰਤ ਦਾ ਪਤੀ ਭੱਜ ਕੇ ਮਿਲਿਆ। ਉਸ ਨੇ ਮੇਰੇ ਪਤੀ ਨੂੰ ਕੁਰਸੀ 'ਤੇ ਬਿਠਾਇਆ। ਸਾਡੇ ਲੱਖ ਮਨ੍ਹਾਂ ਕਰਨ ਦੇ ਬਾਵਜੂਦ ਸਾਡੇ ਲਈ ਜੂਸ ਲੈ ਆਇਆ। ਧੰਨਵਾਦ ਕਰਨ ਲਈ ਉਸ ਕੋਲ ਸ਼ਬਦ ਨਹੀ ਸਨ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ, ''ਕਿਸੇ ਬਿਮਾਰੀ ਦੀ ਵਜ੍ਹਾ ਕਾਰਨ ਉਸ ਦੀ ਪਤਨੀ ਅਤੇ ਬੱਚੇ ਦਾ ਖ਼ੂਨ ਨਹੀਂ ਬਣ ਰਿਹਾ। ਇਸੇ ਕਰਕੇ ਉਨ੍ਹਾਂ ਨੂੰ ਖ਼ੂਨ ਦੀ ਤੁਰੰਤ ਲੋੜ ਸੀ। 'ਬੀ ਨੈਗੇਟਿਵ' ਬਲੱਡ ਗਰੁੱਪ ਘੱਟ ਮਿਲਦਾ ਹੈ। ਉੱਧਰ ਮੇਰੀ ਪਤਨੀ ਦਾ ਆਪਰੇਸ਼ਨ ਘੱਟ ਬਲੱਡ ਹੋਣ ਕਾਰਨ ਨਹੀਂ ਹੋ ਸਕਦਾ ਸੀ। ਹੁਣ ਤੁਹਾਡੇ ਖ਼ੂਨ ਦੇਣ ਕਾਰਨ ਮੇਰੀ ਪਤਨੀ ਦਾ ਆਪਰੇਸ਼ਨ ਹੋ ਸਕੇਗਾ। ਹੁਣ ਉਹ ਬੱਚੇ ਨੂੰ ਜਨਮ ਦੇ ਸਕੇਗੀ।'' ਇਹ ਸੁਣ ਕੇ ਸਾਨੂੰ ਬਹੁਤ ਜ਼ਿਆਦਾ ਖ਼ੁਸ਼ੀ ਹੋਈ ਕਿ ਅਸੀਂ ਕਿਸੇ ਨੂੰ ਜੀਵਨ ਦਾਨ ਦੇਣ ਦੇ ਯੋਗ ਹੋਏ ਹਾਂ। ਇੱਕ ਗੱਲ ਦੀ ਹੋਰ ਵੀ ਜ਼ਿਆਦਾ ਖ਼ੁਸ਼ੀ ਤੇ ਤਸੱਲੀ ਹੋਈ ਕਿ ਨਾ ਤਾਂ ਅਸੀਂ ਉਨ੍ਹਾਂ ਨੂੰ ਤੇ ਨਾ ਹੀ ਉਨ੍ਹਾਂ ਨੇ ਸਾਨੂੰ ਇੱਕ-ਦੂਜੇ ਦੀ ਜਾਤ, ਧਰਮ, ਮਜ਼ਹਬ ਬਾਰੇ ਪੁੱਛਿਆ-ਦੱਸਿਆ। ਅਸੀਂ ਮਹਿਸੂਸ ਕੀਤਾ ਕਿ ਇਨਸਾਨੀਅਤ ਸਭ ਤੋਂ ਉੱਪਰ ਹੈ। ਇਨਸਾਨੀਅਤ ਦਾ ਕੋਈ ਮਜ਼ਹਬ, ਧਰਮ ਜਾਂ ਜਾਤ ਨਹੀਂ ਹੁੰਦੀ। ਹਾਂ, ਇੰਨਾ ਜ਼ਰੂਰ ਪਤਾ ਲੱਗਾ ਕਿ ਉਹ ਪਤੀ-ਪਤਨੀ ਵੀ ਸਾਡੀ ਤਰ੍ਹਾਂ ਅੰਮ੍ਰਿਤਸਰ (ਗੁਰੂ ਕੀ ਨਗਰੀ) ਵਿੱਚ ਅਧਿਆਪਕ ਸਨ। ਵਾਪਸੀ 'ਤੇ ਉਸ ਨੇ ਸਾਨੂੰ ਫੇਰ ਪੁੱਛਿਆ, ''ਮੈਨੂੰ ਦੱਸੋ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?'' ਮੈ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਇੰਨਾ ਕਿਹਾ, ''ਛੋਟੇ ਵੀਰ... ਜਦੋਂ ਤੁਸੀਂ ਖ਼ੁਸ਼ੀ-ਖ਼ੁਸ਼ੀ ਆਪਣੀ ਪਤਨੀ ਅਤੇ ਆਪਣੇ ਬੱਚੇ ਨੂੰ ਇੱਥੋਂ ਘਰ ਲੈ ਕੇ ਜਾਵੋਗੇ ਤਾਂ ਸਾਨੂੰ ਬੱਚੇ ਤੇ ਮਾਂ ਦੀ ਸੁੱਖ-ਸਾਂਦ ਦਾ ਸੁਨੇਹਾ ਦਿੰਦੇ ਰਹਿਣਾ। ਜਦੋਂ ਤੁਹਾਡਾ ਬੱਚਾ ਥੋੜ੍ਹਾ ਵੱਡਾ ਹੋ ਗਿਆ ਤਾਂ ਉਸ ਨੂੰ ਲੈ ਕੇ ਸਾਡੇ ਘਰ ਪਟਿਆਲ਼ਾ ਜ਼ਰੂਰ ਫੇਰਾ ਪਾਉਣਾ। ਇਸ ਤੋਂ ਵੱਡੀ ਸੇਵਾ ਤੇ ਖ਼ੁਸ਼ੀ ਸਾਡੇ ਲਈ ਹੋਰ ਕੋਈ ਨਹੀਂ ਹੈ।'' ਉਸ ਨੂੰ ਪਰਿਵਾਰ ਸਮੇਤ ਖ਼ੁਸ਼ ਰਹਿਣ ਦੀਆਂ ਅਸੀਸਾਂ ਦੇ ਕੇ ਅਸੀਂ ਵਾਪਸੀ ਲਈ ਚਾਲੇ ਪਾ ਦਿੱਤੇ। ਸਚਮੁੱਚ! ਨਵੇਂ ਬਣੇ ਇਸ ਖ਼ੂਨ ਦੀ ਸਾਂਝ ਵਾਲੇ ਰਿਸ਼ਤੇ ਨੇ ਮਨ ਨੂੰ ਸਕੂਨ ਤੇ ਮਾਣ ਨਾਲ ਭਰ ਦਿੱਤਾ। ਮੈਨੂੰ ਮੇਰੇ ਪਤੀ 'ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਸੀ।



# ਮਹਿੰਗੀ ਹੋ ਰਹੀ ਮੈਡੀਕਲ ਸਿੱਖਿਆ ਨਾਲ ਬੌਧਿਕ ਹੂੰਝੇ ਦਾ ਖ਼ਤਰਾ

**ਲਿਖਤ : ਡਾ. ਗੁਰਤੇਜ ਸਿੰਘ**
**ਸੰਪਰਕ:** 95173-96001

ਪਿੱਛੇ ਜਿਹੇ ਜਾਰੀ ਹੋਏ ਆਰਥਿਕ ਸਰਵੇਖਣ ਵਿੱਚ ਦੇਸ਼ ਅੰਦਰ ਮੈਡੀਕਲ ਸਿੱਖਿਆ ਦੀ ਦਸ਼ਾ ਤੇ ਦਿਸ਼ਾ ਬਾਰੇ ਚਿੰਤਾਜਨਕ ਪੱਖ ਉਜਾਗਰ ਹੋਏ ਹਨ। ਇਸ ਰਿਪੋਰਟ ਅੰਦਰ ਮੁੱਖ ਤੌਰ ’ਤੇ ਨਿੱਜੀ ਖੇਤਰ ਦੀ ਬੇਲਗਾਮ ਭਾਗੀਦਾਰੀ, ਮੈਡੀਕਲ ਸਿੱਖਿਆ ਦਾ ਬੇਹੱਦ ਮਹਿੰਗਾ ਹੋਣਾ ਜਿਸ ਕਰ ਕੇ ਵਿਦਿਆਰਥੀਆਂ ਦਾ ਵਿਦੇਸ਼ਾਂ ਵੱਲ ਰੁਖ਼ ਕਰਨਾ, ਵਿਦੇਸ਼ ਤੋਂ ਡਾਕਟਰੀ ਪੜ੍ਹ ਕੇ ਆਏ ਬੱਚਿਆਂ ਨੂੰ ਇੱਥੇ ਆ ਕੇ ਲਾਇਸੈਂਸ ਲੈਣ ਲਈ ਇੱਕ ਸਾਲ ਇਨਟਰਨਸ਼ਿਪ ਕਰਨ ਦੇ ਨਾਲ ਐਫਐਮਜੀ ਟੈਸਟ ਪਾਸ ਕਰਨ ਦੀ ਲਾਜ਼ਮੀ ਸ਼ਰਤ ਅਤੇ ਇਸ ਟੈਸਟ ਦੀ ਪਾਸ ਪ੍ਰਤੀਸ਼ਤ ਸਿਰਫ 16.65 ਫੀਸਦੀ ਹੋਣਾ ਜਿਸ ਕਾਰਨ ਬੱਚੇ ਇਸ ਕੁਚੱਕਰ ਵਿੱਚ ਉਲਝ ਕੇ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਦੇਸ਼ ਅੰਦਰ ਅੰਡਰ-ਗ੍ਰੈਜੂਏਸ਼ਨ ਨੀਟ ਦਾ ਇਮਤਿਹਾਨ ਪਾਸ ਕਰਨ ਤੋਂ ਲੈ ਕੇ ਪੋਸਟ ਗ੍ਰੈਜੂਏਸ਼ਨ ਕਰਨ ਤੱਕ ਬਾਰਾਂ-ਪੰਦਰਾਂ ਸਾਲਾਂ ਦੀ ਮਿਹਨਤ ਤੋਂ ਬਾਅਦ ਵੀ ਮੁਲਕ ਅੰਦਰ ਡਾਕਟਰਾਂ ਨੂੰ ਸੰਤੋਖਜਨਕ ਤਨਖਾਹ ਨਹੀਂ ਮਿਲਦੀ। ਇਸੇ ਕਰ ਕੇ ਸਾਲ 2021 ਤੱਕ ਸਾਡੇ ਦੇਸ਼ ਦੇ 19000 ਡਾਕਟਰ ਇੱਥੋਂ ਦੀਆਂ ਚੰਗੀਆਂ ਸੰਸਥਾਵਾਂ ਤੋਂ ਪੜ੍ਹ ਕੇ ਵਿਦੇਸ਼ਾਂ ਵਿੱਚ ਵਸਣ ਲਈ ਚਲੇ ਗਏ। ਦੇਸ਼ ਵਿੱਚ ਔਸਤਨ ਐਮਬੀਬੀਐਸ ਗ੍ਰੈਜੂਏਟ ਨੂੰ ਸਾਲਾਨਾ ਪੰਜ ਲੱਖ ਅਤੇ ਸੀਨੀਅਰ ਡਾਕਟਰਾਂ ਨੂੰ 12 ਤੋਂ 18 ਲੱਖ ਸਾਲਾਨਾ ਤਨਖਾਹ ਮਿਲ ਰਹੀ ਹੈ ਜੋ ਇਸ ਪੜ੍ਹਾਈ ਦੇ ਹਿਸਾਬ ਨਾਲ ਕਾਫੀ ਘੱਟ ਹੈ। ਆਯੂਸ਼ ਡਾਕਟਰਾਂ ਦੀ ਹਾਲਤ ਤਾਂ ਇਸ ਤੋਂ ਵੀ ਮਾੜੀ ਹੈ। ਦੇਸ਼ ਵਿੱਚ ਜੁਲਾਈ 2024 ਤੱਕ 13.86 ਲੱਖ ਐਲੋਪੈਥਿਕ ਰਜਿਸਟਰਡ ਪ੍ਰੈਕਟੀਸ਼ਨਰ ਹਨ। ਹਰ ਸਾਲ ਪੰਜਾਹ ਹਜ਼ਾਰ ਤੋਂ ਜ਼ਿਆਦਾ ਨਵੇਂ ਡਾਕਟਰ ਸ਼ਾਮਿਲ ਹੋ ਰਹੇ ਹਨ, ਹੁਣ ਡਾਕਟਰ ਅਤੇ ਜਨਸੰਖਿਆ ਅਨੁਪਾਤ 1:1263 ਹੈ ਜੋ 2030 ਤੱਕ ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਅਨੁਸਾਰ 1:1000 ਹੋ ਜਾਵੇਗਾ।

ਇਸ ਸਰਵੇਖਣ ਵਿੱਚ ਮੈਡੀਕਲ ਸਿੱਖਿਆ ਦੇ ਨਿਰੰਤਰ ਮਹਿੰਗੇ ਹੋਣ ਕਰ ਕੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਜਾਣ ਕਰ ਕੇ ਬੁੱਧੀਜੀਵੀਆਂ ਨੂੰ ਚਿੰਤਾ ਵਿੱਚ ਪਾਇਆ ਹੈ। ਯੋਗ ਬੱਚੇ ਪੈਸੇ ਦੀ ਘਾਟ ਕਾਰਨ ਅੰਡਰ-ਗ੍ਰੈਜੂਏਸ਼ਨ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕਰਨ ਤੋਂ ਹੀ ਵਾਂਝੇ ਹੋ ਰਹੇ ਹਨ, ਮੈਡੀਕਲ ਕਾਲਜ ਪਹੁੰਚਣਾ ਉਨ੍ਹਾਂ ਦਾ ਸੁਫਨਾ ਬਣ ਕੇ ਰਹਿ ਗਿਆ ਹੈ। ਅੰਡਰ-ਗ੍ਰੈਜੂਏਸ਼ਨ ਪ੍ਰਵੇਸ਼ ਪ੍ਰੀਖਿਆ ਵਿੱਚ ਮੁਕਾਬਲਾ ਲਗਾਤਾਰ ਵਧ ਰਿਹਾ ਹੈ। 2019 ਵਿੱਚ 16 ਲੱਖ ਬੱਚੇ ਅਤੇ 2024 ਵਿੱਚ 24 ਲੱਖ ਬੱਚਿਆਂ ਦਾ ਇਹ ਇਮਤਿਹਾਨ ਦੇਣਾ ਇਸ ਤੱਥ ਦੀ ਪੁਖਤਾ ਗਵਾਹੀ ਹੈ। 2019 ਤੋਂ 2023 ਤੱਕ ਦੇਸ਼ ਅੰਦਰ ਮੈਡੀਕਲ ਕਾਲਜਾਂ ਦੀ ਗਿਣਤੀ 449 ਤੋਂ 648 ਹੋਈ। ਇਸੇ ਤਰ੍ਹਾਂ ਦੇਸ਼ ਅੰਦਰ ਸਾਲ 2023 ਤੱਕ ਐਮਬੀਬੀਐਸ ਕੋਰਸ ਦੀਆਂ ਸੀਟਾਂ ਦੀ ਗਿਣਤੀ 70012 ਤੋਂ ਵਧ ਕੇ 96077 ਹੋ ਗਈ ਸੀ। ਇਨ੍ਹਾਂ ਕੁੱਲ ਸੀਟਾਂ ਦਾ 51 ਫੀਸਦ ਕੇਵਲ ਦੱਖਣ ਭਾਰਤ ਦੇ ਰਾਜਾਂ ਵਿੱਚ ਮੌਜੂਦ ਹੈ। ਪੋਸਟ ਗ੍ਰੈਜੂਏਸ਼ਨ ਸੀਟਾਂ ਵੀ 2023 ਤੱਕ 39583 ਤੋਂ ਵਧ ਕੇ 64059 ਹੋ ਗਈਆਂ ਸਨ। ਇਨ੍ਹਾਂ ਸੀਟਾਂ ਦਾ 49 ਫੀਸਦ ਦੱਖਣ ਭਾਰਤ ਦੇ ਰਾਜਾਂ ਵਿੱਚ ਮੌਜੂਦ ਹੈ। ਇਸ ਆਰਥਿਕ ਸਰਵੇਖਣ ਅਨੁਸਾਰ ਨਿੱਜੀ ਖੇਤਰ ਦੀਆਂ ਮੈਡੀਕਲ ਸਿੱਖਿਆ ਸੰਸਥਾਵਾਂ ਜਿਨ੍ਹਾਂ ਵਿੱਚ ਦੇਸ਼ ਦੀਆਂ ਕੁੱਲ 48 ਫੀਸਦੀ ਐਮਬੀਬੀਐਸ ਕੋਰਸ ਦੀਆਂ ਸੀਟਾਂ ਹਨ ਜਿਸ ਦੀ ਕੀਮਤ ਪ੍ਰਤੀ ਸੀਟ ਫੀਸ 60 ਲੱਖ ਤੋਂ ਲੈ ਕੇ ਇੱਕ ਕਰੋੜ ਰੁਪਏ ਤੱਕ ਵਸੂਲੀ ਜਾਂਦੀ ਹੈ। ਇਸ ਕਰ ਕੇ ਸਾਡੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵੱਲ ਉਡਾਰੀ ਮਾਰਨ ਲਈ ਮਜਬੂਰ ਹੈ।

27 ਮਈ 2020 ਨੂੰ ਪੰਜਾਬ ਕੈਬਨਿਟ ਦੀ ਮੀਟਿੰਗ ਦੌਰਾਨ ਸਿਹਤ ਸਿੱਖਿਆ ਸੰਸਥਾਵਾਂ ਐਕਟ-2006 ਵਿੱਚ ਸੋਧ ਕਰ ਕੇ ਸਰਕਾਰੀ ਤੇ ਨਿੱਜੀ ਮੈਡੀਕਲ ਕਾਲਜਾਂ ਵਿੱਚ ਮੈਡੀਕਲ ਕੋਰਸਾਂ ਜਿਵੇਂ ਐਮਬੀਬੀਐੱਸ ਦੀਆਂ 1100 ਸੀਟਾਂ ਅਤੇ ਐਮਡੀ, ਐਮਐੱਸ ਕੋਰਸ ਦੀਆਂ 671 ਸੀਟਾਂ ਲਈ ਫੀਸਾਂ ਵਿੱਚ ਵਾਧੇ ਨੂੰ ਮਨਜ਼ੂਰੀ ਦੇਣ ਦੇ ਫੈਸਲੇ ਨੇ ਇਸ ਖੇਤਰ ਵਿੱਚ ਪੈਰ ਪਾਉਣ ਵਾਲਿਆਂ ਨੂੰ ਚੁਣੌਤੀ ਦਿੱਤੀ ਸੀ। ਸੂਬੇ ਵਿੱਚ 2015 ਵਿੱਚ ਸਰਕਾਰੀ ਮੈਡੀਕਲ ਕਾਲਜਾਂ ਅਤੇ 2014 ਵਿੱਚ ਨਿੱਜੀ ਮੈਡੀਕਲ ਕਾਲਜਾਂ ਦੀਆਂ ਫੀਸਾਂ ਵਧਾਉਣ ਦੀ ਸੂਚਨਾ ਜਾਰੀ ਹੋਈ ਸੀ ਹਾਲਾਂਕਿ ਪਿਛਲੇ ਇੱਕ ਦਹਾਕੇ ਤੋਂ ਇਨ੍ਹਾਂ ਕੋਰਸਾਂ ਦੀਆਂ ਫੀਸਾਂ ਵਿੱਚ ਰਿਕਾਰਡ ਤੋੜ ਵਾਧਾ ਕੀਤਾ ਗਿਆ ਹੈ ਜੋ ਲਗਾਤਾਰ ਜਾਰੀ ਹੈ। ਐਮਬੀਬੀਐਸ, ਬੀਡੀਐਸ, ਬੀਏਐਮਐਸ ਆਦਿ ਕੋਰਸਾਂ ਦੀਆਂ ਫੀਸਾਂ ਵਿੱਚ 77 ਫ਼ੀਸਦੀ ਤੱਕ ਵਾਧਾ ਪੰਜਾਬ ਸੂਬੇ ਦੇ ਸਰਕਾਰੀ ਮੈਡੀਕਲ ਕਾਲਜਾਂ ਅੰਦਰ, ਨਿੱਜੀ ਮੈਡੀਕਲ ਕਾਲਜਾਂ ਵਿੱਚ 33 ਫ਼ੀਸਦੀ ਅਤੇ ਮੈਨੇਜਮੈਂਟ ਕੋਟੇ ਤਹਿਤ 16.5 ਫ਼ੀਸਦੀ ਵਾਧਾ ਕੀਤਾ ਗਿਆ ਹੈ ਜੋ ਪੂਰੇ ਦੇਸ਼ ਅੰਦਰ ਮੈਡੀਕਲ ਕੋਰਸਾਂ ਵਿੱਚ ਕੀਤੇ ਗਏ ਵਾਧੇ ਦਾ ਸਭ ਤੋਂ ਜ਼ਿਆਦਾ ਹੈ। ਸਿੱਖਿਆ ਮਾਹਿਰਾਂ ਅਤੇ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ, ਫੀਸਾਂ ਵਿੱਚ ਵਾਧਾ 15 ਫ਼ੀਸਦੀ ਤੋਂ ਜ਼ਿਆਦਾ ਨਹੀਂ ਕੀਤਾ ਜਾ ਸਕਦਾ। ਇਸ ਵਿੱਚ ਸਰਕਾਰ ਦਾ ਤਰਕ ਹੈ ਕਿ ਪਿਛਲੇ ਪੰਜ-ਛੇ ਸਾਲਾਂ ਦੌਰਾਨ ਕੀਮਤ ਸੂਚਕ ਅੰਕ ਵਿੱਚ ਵਾਧਾ ਹੋਣ ਕਾਰਨ ਜੋ ਵਰਤਮਾਨ ਵਿੱਚ ਫੀਸਾਂ ਵਸੂਲੀਆਂ ਜਾ ਰਹੀਆਂ ਹਨ, ਉਹ ਇਨ੍ਹਾਂ ਸੰਸਥਾਵਾਂ ਨੂੰ ਚੰਗੀ ਤਰ੍ਹਾਂ ਚਲਾਉਣ, ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਅਤੇ ਭਾਰਤੀ ਮੈਡੀਕਲ ਕੌਂਸਲ ਦੇ ਮਾਪਦੰਡਾਂ ਨੂੰ ਪੂਰਨ ਦੇ ਸਮਰੱਥ ਨਹੀਂ ਸਨ। ਇਹ ਵੀ ਕੌੜਾ ਸੱਚ ਹੈ ਕਿ ਮਾਪਿਆਂ ਦਾ ਪ੍ਰੀ-ਮੈਡੀਕਲ ਟੈਸਟ ਦੀ ਤਿਆਰੀ ਸਮੇਂ ਤੋਂ ਹੀ ਖਰਚੇ ਦਾ ਮੁੱਢ ਬੱਝ ਜਾਂਦਾ ਹੈ ਤੇ ਗ੍ਰੈਜੂਏਸ਼ਨ ਤੱਕ ਪਹੁੰਚਦੇ-ਪਹੁੰਚਦੇ ਝੁੱਗਾ ਚੌੜ ਹੋਣ ਦੀ ਨੌਬਤ ਆ ਜਾਂਦੀ ਹੈ।

ਇਸ ਵਰਤਾਰੇ ਨੂੰ ਗੌਰ ਨਾਲ ਦੇਖੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਸਰਕਾਰਾਂ ਅਤੇ ਹੋਰ ਨੀਵੀ ਮਾਨਸਿਕਤਾ ਵਾਲੇ ਲੋਕ ਸਿੱਖਿਆ ਨੂੰ ਇੱਕ ਖਾਸ ਵਰਗ ਲਈ ਰਾਖਵਾਂ ਰੱਖਣ ਦੀ ਤਾਕ ਵਿੱਚ ਹਨ ਜੋ ਵਿੱਦਿਆ ਦੇ ਨਿੱਜੀਕਰਨ ਅਤੇ ਮਹਿੰਗਾ ਕੀਤੇ ਬਿਨਾਂ ਸੰਭਵ ਨਹੀਂ ਹੋ ਸਕਦਾ। ਕਿਤੇ ਇਤਿਹਾਸ ਆਪਣੇ ਆਪ ਨੂੰ ਦੁਹਰਾ ਤਾਂ ਨਹੀਂ ਰਿਹਾ; ਗਰੀਬ ਪੱਛੜੇ ਵਰਗਾਂ ਨੂੰ ਰਾਖਵਾਂਕਰਨ ਮਿਲੇ ਚਾਹੇ ਨਾ ਮਿਲੇ ਪਰ ਪੈਸੇ ਦੇ ਜ਼ੋਰ ਵਾਲਾ ਰਾਖਵਾਂਕਰਨ ਅੱਜ ਸਿਖਰਾਂ ’ਤੇ ਹੈ। ਪੈਸੇ ਦੇ ਰਸੂਖ ਨਾਲ ਬਣੇ ਡਾਕਟਰਾਂ ਤੋਂ ਲੋਕ ਸੇਵਾ ਦੀ ਆਸ ਕਰਨਾ ਫਜ਼ੂਲ ਹੈ, ਉਨ੍ਹਾਂ ਦੀ ਪਹਿਲ ਨਿੱਜੀ ਹਿਤ ਹੋਣਗੇ। ਜਨਤਕ ਸਿਹਤ ਤੰਤਰ ਪਹਿਲਾਂ ਹੀ ਬਿਮਾਰ ਹੈ।

ਅਸਲ ਵਿੱਚ, ਨਿੱਜੀਕਰਨ ਅਤੇ ਸੌੜੇ ਹਿਤਾਂ ਦੀ ਪੂਰਤੀ ਨੇ ਮੈਡੀਕਲ ਸਿੱਖਿਆ ਨੂੰ ਲੀਹੋਂ ਲਾਹ ਦਿੱਤਾ ਹੈ। ਨਿੱਜੀ ਮੈਡੀਕਲ ਸੰਸਥਾਵਾਂ ਵਿੱਚ ਫੀਸਾਂ ਦਾ ਬੇਤਹਾਸ਼ਾ ਵਾਧਾ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਹੀ ਹੋ ਰਿਹਾ ਹੈ। ਇਸ ਨੇ ਇਸ ਸਿੱਖਿਆ ਨੂੰ ਆਮ ਲੋਕ ਤਾਂ ਕੀ, ਅਜੋਕੇ ਦੌਰ ਅੰਦਰ ਖਾਸ ਲੋਕਾਂ ਦੀ ਪਹੁੰਚ ਤੋਂ ਵੀ ਦੂਰ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ 2018 ਵਿੱਚ ਸੂਬੇ ਅੰਦਰ ਐਮਬੀਬੀਐਸ ਕੋਰਸ ਦੀਆਂ 40 ਸੀਟਾਂ ਰੁਲਦੀਆਂ ਰਹੀਆਂ। ਹਰ ਸਾਲ ਕਿੰਨੇ ਹੀ ਯੋਗ ਵਿਦਿਆਰਥੀ ਇੰਨੀਆਂ ਜ਼ਿਆਦਾ ਫੀਸਾਂ ਹੋਣ ਕਾਰਨ ਦਾਖਲਾ ਨਹੀਂ ਲੈ ਸਕਦੇ। 2007 ਵਿੱਚ ਵਧੀਆਂ ਫੀਸਾਂ ਨੇ 350 ਵਿਦਿਆਰਥੀਆਂ ਤੋਂ ਡਾਕਟਰ ਬਣਨ ਦਾ ਹੱਕ ਖੋਹ ਲਿਆ ਸੀ। ਇਸ ਵਿੱਚ ਅਨੁਸੂਚਿਤ ਜਾਤੀ ਦੇ 200 ਅਤੇ ਜਨਰਲ ਵਰਗ ਦੇ 150 ਵਿਦਿਆਰਥੀ ਸ਼ਾਮਿਲ ਸਨ।

ਮੈਨੇਜਮੈਂਟ ਕੋਟਾ ਅਤੇ ਦਾਨ (ਡੋਨੇਸ਼ਨ) ਨੇ ਵੀ ਮੈਡੀਕਲ ਸਿੱਖਿਆ ਨੂੰ ਮਹਿੰਗਾ ਕੀਤਾ ਹੈ। ਫੀਸਾਂ ਵਿੱਚ ਵਾਧਾ ਜਾਰੀ ਹੈ ਅਤੇ ਸਾਲਾਨਾ 10 ਫੀਸਦੀ ਵਾਧੇ ਦੀ ਯੋਜਨਾ ਹੈ; ਹੁਣ ਤਾਂ ਵਾਧਾ ਸਿੱਧਾ ਹੀ 80 ਫੀਸਦੀ ਕੀਤਾ ਗਿਆ ਹੈ। ਸੱਤ ਸਾਲਾਂ ਦੌਰਾਨ ਲਗਭਗ 800 ਫੀਸਦੀ ਵਾਧਾ ਫੀਸਾਂ ਵਿੱਚ ਹੋ ਚੁੱਕਿਆ ਹੈ। ਇਨ੍ਹਾਂ ਵਿੱਚੋਂ ਵੀ ਨਿੱਜਤਾ ਅਤੇ ਮਹਿੰਗਾਈ ਦੀ ਮਾਰ ਕਾਰਨ ਮੈਰਿਟ ਦੇ ਵਿਦਿਆਰਥੀ ਆਪਣੀ ਸੀਟ ਛੱਡਣ ਲਈ ਮਜਬੂਰ ਹੁੰਦੇ ਹਨ। ਇਸ ਸਮੇ ਨਿੱਜੀ ਸੰਸਥਾਵਾਂ ਵਿੱਚ ਐਮਡੀ, ਐਮਐਸ ਦਾ ਕੁੱਲ ਖਰਚਾ ਇੱਕ ਕਰੋੜ ਰੁਪਏ ਤੋਂ ਵੀ ਜ਼ਿਆਦਾ ਹੈ। ਸੂਬੇ ਦੀ ਇੱਕ ਨਿੱਜੀ ਸੰਸਥਾ ਵਿੱਚ ਐਮਬੀਬੀਐਸ ਕੋਰਸ ਦਾ ਕੁੱਲ ਖਰਚਾ 70 ਲੱਖ ਰੁਪਏ ਤੱਕ ਪੁੱਜ ਚੁੱਕਾ ਹੈ।

ਸਮੇਂ ਦੀ ਮੰਗ ਹੈ ਕਿ ਸਰਕਾਰਾਂ ਮੈਡੀਕਲ ਸਿੱਖਿਆ ਪ੍ਰਤੀ ਗ਼ਲਤ ਨੀਤੀਆਂ ਤਿਆਗ ਕੇ ਸਮਾਜ ਹਿਤ ਨੀਤੀਆਂ ਦਾ ਨਿਰਮਾਣ ਕਰਨ। ਫੀਸਾਂ ’ਤੇ ਕੰਟਰੋਲ ਕਰਨ ਲਈ ਢੁਕਵੀਂ ਰਣਨੀਤੀ ਉਲੀਕਣ ਦੀ ਲੋੜ ਹੈ। ਸੌੜੇ ਹਿਤਾਂ ਖ਼ਾਤਿਰ ਜਣੇ-ਖਣੇ ਨੂੰ ਸਿੱਖਿਆ ਸੰਸਥਾਵਾਂ ਦੀ ਪ੍ਰਵਾਨਗੀ ਨਾ ਦਿੱਤੀ ਜਾਵੇ। ਸਾਰੇ ਪ੍ਰਬੰਧਾਂ ਦੀ ਸਮੀਖਿਆ ਪਾਰਦਰਸ਼ੀ ਢੰਗ ਨਾਲ ਹੋਣੀ ਚਾਹੀਦੀ ਹੈ। ਮੈਡੀਕਲ ਕਾਲਜਾਂ ਦੀ ਮਾਨਤਾ ਵੇਲੇ ਖਾਸ ਧਿਆਨ ਰੱਖਿਆ ਜਾਵੇ ਜੋ ਭ੍ਰਿਸ਼ਟਾਚਾਰ ਦਾ ਵੱਡਾ ਕਾਰਨ ਹੈ। ਇਸੇ ਪੈਸੇ ਦੀ ਪੂਰਤੀ ਲਈ ਫੀਸਾਂ ਵਿੱਚ ਵਾਧਾ, ਜੁਰਮਾਨੇ ਅਤੇ ਹੋਰ ਫੁਟਕਲ ਖਰਚਿਆਂ ਦਾ ਬੋਝ ਵਿਦਿਆਰਥੀਆਂ ’ਤੇ ਪਾਇਆ ਜਾਂਦਾ ਹੈ। ਕਮਜ਼ੋਰ ਵਰਗਾਂ ਦੀ ਭਲਾਈ ਹਿਤ ਸਿੱਖਿਆ ਸਸਤੀ ਕਰਨੀ ਚਾਹੀਦੀ ਹੈ। ਨਿੱਜੀ ਅਦਾਰਿਆਂ ’ਤੇ ਨਿਗਰਾਨੀ ਦੀ ਲੋੜ ਹੈ। ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਬੌਧਿਕ ਹੂੰਝੇ (ਬਰੇਨ ਡਰੇਨ) ਦੀ ਸਮੱਸਿਆ ਵਿਕਰਾਲ ਰੂਪ ਧਾਰਨ ਨਾ ਕਰੇ।

# ਸਭ ਤੋਂ ਮਗਰੋਂ



**ਲਿਖਤ : ਡਾ. ਇਕਬਾਲ ਸਿੰਘ ਸਕਰੌਦੀ, ਸੰਪਰਕ:** 84276-85020

ਲਗਭਗ ਪੰਜ ਦਹਾਕੇ ਪਹਿਲਾਂ ਦੀ ਗੱਲ ਹੈ। ਮੈਂ ਉਦੋਂ ਭਵਾਨੀਗੜ੍ਹ ਦੇ ਸਰਕਾਰੀ ਹਾਈ ਸਕੂਲ ਵਿੱਚ ਨੌਵੀਂ ਸ਼੍ਰੇਣੀ ਵਿੱਚ ਪੜ੍ਹਦਾ ਸਾਂ। ਸਵੇਰੇ ਸਕੂਲ ਗਏ ਨੂੰ ਮੈਨੂੰ ਪਤਾ ਲੱਗਾ ਕਿ ਉਸ ਦਿਨ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਮਾਲੇਰਕੋਟਲਾ ਆ ਰਹੇ ਹਨ। ਉਦੋਂ ਆਮ ਤੌਰ ’ਤੇ ਸਾਡੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੇ ਅਧਿਆਪਕ ਸਾਹਿਬਾਨ ਸ਼੍ਰੀਮਤੀ ਇੰਦਰਾ ਗਾਂਧੀ ’ਤੇ ਲੇਖ ਲਿਖਣ ਲਈ ਆਖ ਦਿੰਦੇ ਹੁੰਦੇ ਸਨ। ਅਸੀਂ ਚਾਰ ਮੁੰਡਿਆਂ ਜਿਨ੍ਹਾਂ ਵਿੱਚ ਬਲਿੰਦਰ ਸਿੰਘ, ਰਾਮੇਸ਼ਵਰ ਦਾਸ, ਵਜ਼ੀਰ ਖ਼ਾਂ ਅਤੇ ਮੈਂ ਸ਼ਾਮਲ ਸੀ, ਪਹਿਲੀ ਵਾਰੀ ਆਪਣੀ ਪੜ੍ਹਾਈ ਨੂੰ ਛੱਡ ਕੇ ਮਾਲੇਰਕੋਟਲਾ ਜਾਣ ਨੂੰ ਤਰਜੀਹ ਦਿੱਤੀ।

ਟਰੱਕ ਯੂਨੀਅਨ ਭਵਾਨੀਗੜ੍ਹ ਕੋਲੋਂ ਬਿਨਾਂ ਕੋਈ ਕਿਰਾਇਆ ਲਿਆਂ ਬੱਸਾਂ ਭਰ-ਭਰ ਮਾਲੇਰਕੋਟਲਾ ਸ਼ਹਿਰ ਜਾ ਰਹੀਆਂ ਸਨ। ਅਸੀਂ ਚਾਰਾਂ ਦੋਸਤਾਂ ਨੇ ਵੀ ਚਾਈਂ-ਚਾਈਂ ਸੀਟਾਂ ਮੱਲ ਲਈਆਂ। ਅਸੀਂ ਚਾਰੇ ਗੱਲਾਂ ਕਰਦੇ, ਹੱਸਦੇ-ਖੇਡਦੇ ਮਾਲੇਰਕੋਟਲੇ ਤੋਂ ਬਾਹਰਵਾਰ ਉਸ ਸਥਾਨ ’ਤੇ ਜਾ ਪੁੱਜੇ, ਜਿੱਥੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਸੰਬੋਧਨ ਕਰਨਾ ਸੀ। ਸ਼ਰਬਤ ਅਤੇ ਚਾਹ ਦੇ ਲੰਗਰ ਕਈ ਥਾਈਂ ਲੱਗੇ ਹੋਏ ਸਨ ਪਰ ਪ੍ਰਸ਼ਾਦੇ ਪਾਣੀ ਦਾ ਲੰਗਰ ਕਿਤੇ ਵੀ ਨਹੀਂ ਸੀ। ਅਸੀਂ ਸ਼ਰਬਤ ਵੀ ਪੀਤਾ ਅਤੇ ਚਾਹ ਵੀ; ਫਿਰ ਅਸੀਂ ਬੜੀ ਰੀਝ ਅਤੇ ਨੀਝ ਨਾਲ ਪ੍ਰਧਾਨ ਮੰਤਰੀ ਜੀ ਦੇ ਵਿਚਾਰ ਸੁਣੇ। ਸਮਾਗਮ ਦੀ ਸਮਾਪਤੀ ’ਤੇ ਅਸੀਂ ਉੱਧਰ ਚੱਲ ਪਏ, ਜਿੱਧਰ ਸਾਨੂੰ ਸਾਡੀ ਬੱਸ ਨੇ ਉਤਾਰਿਆ ਸੀ।

ਇੱਕ ਤਾਂ ਅਸੀਂ ਚਾਰੇ, ਉਮਰ ਦੇ ਉਸ ਪੜਾਅ ’ਤੇ ਸਾਂ, ਜਦੋਂ ਭੁੱਖ ਬਹੁਤੀ ਲੱਗਦੀ ਹੈ। ਦੂਜਾ ਸਵੇਰ ਤੋਂ ਤੁਰਦੇ ਰਹਿਣ ਕਾਰਨ ਸਵੇਰ ਦੀ ਖਾਧੀ ਰੋਟੀ ਹਜ਼ਮ ਹੋ ਗਈ ਸੀ ਪਰ ਪੈਸੇ ਸਾਡੇ ਵਿੱਚੋਂ ਕਿਸੇ ਕੋਲ ਵੀ ਨਹੀਂ ਸਨ। ਸਾਨੂੰ ਇਹ ਤਾਂ ਪਤਾ ਸੀ ਕਿ ਬਲਿੰਦਰ ਦੇ ਪਿਤਾ ਜੀ ਪੁਲੀਸ ਵਿਭਾਗ ਵਿੱਚ ਇੰਸਪੈਕਟਰ ਹਨ ਪਰ ਇਹ ਪਤਾ ਨਹੀਂ ਸੀ ਕਿ ਉਨ੍ਹਾਂ ਦੀ ਸਪੈਸ਼ਲ ਡਿਊਟੀ ਮਾਲੇਰਕੋਟਲੇ ਲੱਗੀ ਹੋਈ ਹੈ। ਜਿਉਂ ਹੀ ਬਲਿੰਦਰ ਨੇ ਸਾਨੂੰ ਦੱਸਿਆ ਕਿ ਉਸ ਦੇ ਪਾਪਾ ਜੀ ਦੀ ਡਿਊਟੀ ਉਨ੍ਹਾਂ ਪੁਲੀਸ ਮੁਲਾਜ਼ਮਾਂ ਲਈ ਭੋਜਨ ਦਾ ਪ੍ਰਬੰਧ ਕਰਨ ਲਈ ਇੱਥੇ ਲੱਗੀ ਹੋਈ ਹੈ, ਜਿਹੜੇ ਪ੍ਰਧਾਨ ਮੰਤਰੀ ਜੀ ਦੀ ਰੈਲੀ ਲਈ ਮਾਲੇਰਕੋਟਲਾ ਆਏ ਹੋਏ ਹਨ ਤਾਂ ਸਾਡੀਆਂ ਅੱਖਾਂ ਵਿੱਚ ਇੱਕਦਮ ਚਮਕ ਆ ਗਈ। ਅਸੀਂ ਬਲਿੰਦਰ ਦੇ ਦੱਸੇ ਅਨੁਸਾਰ ਪੁਲੀਸ ਲਾਈਨ ਵੱਲ ਚੱਲ ਪਏ।

ਉੱਥੇ ਪਹੁੰਚ ਕੇ ਅਸੀਂ ਦੇਖਿਆ ਕਿ ਉਸ ਦੇ ਪਾਪਾ ਜੀ ਕੁਰਸੀ ’ਤੇ ਬੈਠੇ ਸਨ। ਪੁਲੀਸ ਦੇ ਬਹੁਤ ਸਾਰੇ ਜਵਾਨ ਭੋਜਨ ਛਕ ਰਹੇ ਸਨ। ਕੁਝ ਜਵਾਨ ਲਾਈਨ ਵਿੱਚ ਲੱਗੇ ਖੜ੍ਹੇ ਸਨ ਤੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਅਸੀਂ ਸਾਰਿਆਂ ਨੇ ਅੰਕਲ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਈ। ਉਨ੍ਹਾਂ ਸਾਨੂੰ ਪ੍ਰਸ਼ਾਦਾ ਛਕਣ ਲਈ ਪੁੱਛਿਆ। ਅਸੀਂ ਤਾਂ ਗਏ ਹੀ ਰੋਟੀ ਖਾਣ ਲਈ ਸਾਂ। ਅਸੀਂ ਚਾਰਾਂ ਨੇ ਫਟਾਫਟ ਹੱਥ ਧੋਤੇ, ਥਾਲਾਂ ਵਿੱਚ ਰੋਟੀ ਸਬਜ਼ੀ ਦਾਲ ਸਲਾਦ ਪੁਆ ਕੇ ਇੱਕ ਪਾਸੇ ਬਹਿ ਕੇ ਰੱਜ ਕੇ ਰੋਟੀ ਖਾਧੀ। ਹੱਥ ਧੋ ਕੇ ਅਸੀਂ ਅੰਕਲ ਜੀ ਦਾ ਧੰਨਵਾਦ ਕਰਨ ਲਈ ਉਨ੍ਹਾਂ ਕੋਲ ਚਲੇ ਗਏ। ਐਨ ਉਸੇ ਸਮੇਂ ਡਿਊਟੀ ’ਤੇ ਤਾਇਨਾਤ ਇੱਕ ਹੌਲਦਾਰ ਨੇ ਅੰਕਲ ਜੀ ਨੂੰ ਕਿਹਾ, “ਸਾਹਿਬ, ਹੁਣ ਤੁਸੀਂ ਵੀ ਰੋਟੀ ਖਾ ਲਵੋ ਜੀ। ਕੇਵਲ ਅੱਠ ਦਸ ਜਵਾਨ ਹੀ ਰੋਟੀ ਖਾਣ ਤੋਂ ਪਿੱਛੇ ਰਹਿੰਦੇ ਹਨ।”

“ਕਰਮਜੀਤ ਸਿੰਘ, ਮੈਂ ਆਪਣੇ ਸਾਰੇ ਜਵਾਨਾਂ ਦੇ ਰੋਟੀ ਖਾਣ ਪਿੱਛੋਂ ਹੀ ਰੋਟੀ ਖਾਵਾਂਗਾ।” ਅੰਕਲ ਜੀ ਦੇ ਇਹ ਬੋਲ ਅਸੀਂ ਆਪਣੇ ਕੰਨੀਂ ਸੁਣੇ।

ਵਾਪਸੀ ਵੇਲੇ ਬੱਸ ਵਿੱਚ ਬੈਠਾ ਮੈਂ ਆਪਣੇ ਬੀਜੀ ਨੂੰ ਯਾਦ ਕੀਤਾ, ਜਿਹੜੇ ਹਮੇਸ਼ਾ ਸਾਨੂੰ ਸਾਰੇ ਭੈਣ ਭਰਾਵਾਂ ਨੂੰ ਰੋਟੀ ਖੁਆਉਣ ਤੋਂ ਬਾਅਦ ਹੀ ਰੋਟੀ ਖਾਂਦੇ ਸਨ। ਉਦੋਂ ਮੈਂ ਮਨ ਹੀ ਮਨ ਪੁਲੀਸ ਇੰਸਪੈਕਟਰ ਅਤੇ ਆਪਣੇ ਬੀਜੀ ਦੇ ਸੁਭਾਅ ਦੀ ਸਮਾਨਤਾ ਦੇਖ ਰਿਹਾ ਸਾਂ।

# ਕਾਰਜ ਆਇਆ ਰਾਸ

ਲਿਖਤ : ਜਸਬੀਰ ਸਿੰਘ ਆਹਲੂਵਾਲੀਆ

ਇੰਦਰਪਾਲ ਨੂੰ ਅਜੇ ਆਪਣੀ ਦੁਕਾਨ ਖੋਲ੍ਹੀ ਨੂੰ ਦਸ ਮਿੰਟ ਵੀ ਨਹੀਂ ਹੋਏ ਹੋਣਗੇ ਕਿ ਕੁਲਦੀਪ ਨੇ ਆ ਸ਼ਕਲ ਵਿਖਾਈ। ਇੱਕ ਤਾਂ ਹੈਰਾਨੀ ਹੁੰਦੀ ਹੈ, ਇੱਕ ਹੈਰਾਨੀ ਦੀ ਹੱਦ ਹੁੰਦੀ ਹੈ, ਪਰ ਇਹ ਤਾਂ ਹੱਦ ਤੋਂ ਕਿਤੇ ਜ਼ਿਆਦਾ ਵੱਧ ਸੀ। ਇੰਦਰਪਾਲ ਤਾਂ ਜਿਵੇਂ ਇੱਕ ਥਾਂ ਖੜ੍ਹੇ ਦਾ ਖੜ੍ਹਾ ਹੀ ਰਹਿ ਗਿਆ। ਉਸ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ। ਹੈਂ...? ਇਹ ਕਿਵੇਂ ਹੋ ਸਕਦੈ?

ਅਜੇ ਰਾਤੀਂ ਹੀ ਤਾਂ ਇੰਦਰਪਾਲ ਅਤੇ ਕੁਲਦੀਪ ਦੇ ਮਾਂ-ਬਾਪ ਉਹਨੂੰ ਦਿੱਲੀ ਦੇ ਹਵਾਈ ਅੱਡੇ 'ਤੇ ਸਿਡਨੀ, ਆਸਟਰੇਲੀਆ ਦੇ ਜਹਾਜ਼ 'ਤੇ ਚੜ੍ਹਾ ਕੇ ਆਏ ਸਨ। ਜਦੋਂ ਤੱਕ ਜਹਾਜ਼ ਉੱਡ ਨਹੀਂ ਸੀ ਗਿਆ, ਸਾਰੇ ਜਣੇ ਹਵਾਈ ਅੱਡੇ 'ਤੇ ਹੀ ਖੜ੍ਹੇ ਰਹੇ। ਜਦੋਂ ਬਿਲਕੁਲ ਪੱਕਾ ਹੋ ਗਿਆ ਕਿ ਜਹਾਜ਼ ਉੱਡ ਗਿਆ ਹੈ ਤਾਂ ਸਾਰੇ ਜਣੇ ਆਪੋ-ਆਪਣੀਆਂ ਕਾਰਾਂ ਵਿੱਚ ਵਾਪਸ ਚੱਲ ਪਏ। ਕੁਲਦੀਪ ਦੇ ਮੰਮੀ-ਪਾਪਾ ਨੇ ਜਲੰਧਰ ਜਾਣਾ ਸੀ ਤੇ ਇੰਦਰਪਾਲ ਨੇ ਅੰਮ੍ਰਿਤਸਰ।

ਇੰਦਰਪਾਲ ਇੱਕ ਕੈਮਿਸਟ ਸੀ। ਉਸ ਨੂੰ ਕਾਹਲ ਸੀ ਸਵੇਰ ਤੱਕ ਅੰਮ੍ਰਿਤਸਰ ਪਹੁੰਚਣ ਦੀ। ਅੰਮ੍ਰਿਤਸਰ ਪਹੁੰਚ ਕੇ ਘਰੋਂ ਨਹਾ ਧੋ ਕੇ, ਤਿਆਰ ਹੋ ਕੇ ਦੁਕਾਨ ਖੋਲ੍ਹਣ ਦੀ ਵੀ ਕਾਹਲ ਸੀ, ਪਰ ਦੁਕਾਨ ਖੋਲ੍ਹਣ ਤੋਂ ਪਹਿਲਾਂ ਉਸ ਨੇ ਦਰਬਾਰ ਸਾਹਿਬ ਵੀ ਜਾਣਾ ਸੀ। ਇਹ ਉਸ ਦਾ ਨਿੱਤ ਦਾ ਨੇਮ ਸੀ। ਦਰਬਾਰ ਸਾਹਿਬ ਪਹੁੰਚ ਕੇ ਉਹ ਘੰਟਾ ਘਰ ਵਾਲੇ ਪਾਸਿਓਂ ਪੌੜੀਆਂ ਉਤਰ ਕੇ ਪਰਿਕਰਮਾ ਵਿੱਚ ਪਹੁੰਚਦਾ, ਮੱਥਾ ਟੇਕਦਾ ਤੇ ਪਰਿਕਰਮਾ ਕਰਨੀ ਸ਼ੁਰੂ ਕਰ ਦਿੰਦਾ। ਦੁੱਖ ਭੰਜਨੀ ਬੇਰੀ ਦੇ ਹੇਠੋਂ ਸਰੋਵਰ ਵਿੱਚੋਂ ਅੰਮ੍ਰਿਤ ਦੀ ਬੋਤਲ ਭਰਦਾ। ਪਰਿਕਰਮਾ ਕਰਦਾ ਕਰਦਾ ਉਹ ਬਾਬਾ ਦੀਪ ਸਿੰਘ ਜੀ ਦਾ ਗੁਰਦੁਆਰਾ ਲੰਘ ਜਾਂਦਾ ਤੇ ਅਗਲੀ ਨੁੱਕਰ 'ਤੇ ਸੱਜੇ ਹੱਥ ਮੁੜਨ ਤੋਂ ਪਹਿਲਾਂ ਸਾਹਮਣੇ ਫੁੱਲਾਂ ਵਾਲੇ ਕੋਲੋਂ ਇੱਕ ਸਿਹਰਾ ਖ਼ਰੀਦਦਾ ਤੇ ਫਿਰ ਕੜਾਹ ਪ੍ਰਸ਼ਾਦ ਵਾਲੀ ਦੁਕਾਨ ਤੋਂ ਕੜਾਹ ਪ੍ਰਸ਼ਾਦ ਲੈਂਦਾ। ਇਹ ਸਾਰੀ ਕਹਾਣੀ ਸੰਨ ਉੱਨੀ ਸੌ ਸੱਤਰ ਦੀ ਹੈ। ਉਨ੍ਹਾਂ ਦਿਨਾਂ ਵਿੱਚ ਦਰਬਾਰ ਸਾਹਿਬ ਫੁੱਲਾਂ ਦੇ ਸਿਹਰੇ ਚੜ੍ਹਾਏ ਜਾਂਦੇ ਸਨ। ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫੁੱਲਾਂ ਦੇ ਸਿਹਰੇ ਚੜ੍ਹਾਉਣ 'ਤੇ ਪਾਬੰਦੀ ਲਾ ਦਿੱਤੀ। ਦਰਬਾਰ ਸਾਹਿਬ ਦੇ ਅੰਦਰ ਜਾ ਕੇ ਇੰਦਰਪਾਲ ਅਰਦਾਸ ਕਰਦਾ; ਹੇ ਵਾਹਿਗੁਰੂ ਜੀ! ਜੋ ਵੀ ਮਰੀਜ਼ ਮੇਰੀ ਦੁਕਾਨ ਤੋਂ ਦਵਾਈ ਲੈ ਕੇ ਜਾਵੇ, ਉਸ ਦਾ ਦੁੱਖ ਭੰਜਨ ਕਰਨਾ। ਉਸ ਨੂੰ ਤੰਦਰੁਸਤੀ ਬਖ਼ਸ਼ਣਾ। ਦੁਕਾਨ 'ਤੇ ਪਹੁੰਚ ਕੇ ਉਹ ਦਰਬਾਰ ਸਾਹਿਬ ਤੋਂ ਲਿਆਂਦਾ ਫੁੱਲਾਂ ਦਾ ਸਿਹਰਾ ਆਪਣੇ ਪਿਤਾ ਜੀ ਦੀ ਫੋਟੋ 'ਤੇ ਸਜਾ ਦਿੰਦਾ। ਦਰਬਾਰ ਸਾਹਿਬ ਸਰੋਵਰ ਤੋਂ ਲਿਆਂਦਾ ਅੰਮ੍ਰਿਤ ਦਾ ਛਿੜਕਾਅ ਉਹ ਦੁਕਾਨ ਅੰਦਰ ਤੇ ਖ਼ਾਸ ਕਰਕੇ ਦਵਾਈਆਂ ਉੱਪਰ ਜ਼ਰੂਰ ਕਰਦਾ। ਦੁਕਾਨ 'ਤੇ ਆਪਣਾ ਧਿਆਨ ਵਾਹਿਗੁਰੂ ਵੱਲ ਲਾਈ ਰੱਖਦਾ। ਮਰੀਜ਼ ਕੋਲੋਂ ਕਦੇ ਵੀ ਵੱਧ ਪੈਸੇ ਲੈਣ ਬਾਰੇ ਨਾ ਸੋਚਦਾ। ਇੰਦਰਪਾਲ ਇਸ ਨੂੰ ਵਪਾਰ ਨਹੀਂ ਸੀ ਸਮਝਦਾ। ਇਹ ਤਾਂ ਇੱਕ ਸੇਵਾ ਸੀ। ਮਰੀਜ਼ਾਂ ਦੀ ਸੇਵਾ ਅਤੇ ਮਨੁੱਖਤਾ ਦੀ ਸੇਵਾ। ਜੇ ਕਿਸੇ ਮਰੀਜ਼ ਕੋਲ ਦਵਾਈ ਦੇ ਪੈਸੇ ਘਟ ਜਾਂਦੇ ਤਾਂ ਵੀ ਉਸ ਨੂੰ ਦਵਾਈ ਦੇ ਦਿੰਦਾ। ਇੱਥੋਂ ਤੱਕ ਕਿ ਕਦੇ ਕਦੇ ਉਹ ਮੁਫ਼ਤ ਵੀ ਦੇ ਦਿੰਦਾ। ਆਖ ਦਿੰਦਾ ਕਿ ਜਦੋਂ ਵੀ ਕਦੇ ਮਰੀਜ਼ ਕੋਲ ਪੈਸੇ ਹੋਣ ਤਾਂ ਉਹ ਦੇ ਜਾਵੇ, ਨਹੀਂ ਤਾਂ ਸਮਝ ਲਵੇ ਕਿ ਉਸ ਦੇ ਭਰਾ ਨੇ ਆਪਣੇ ਵੱਲੋਂ ਦਵਾਈ ਦਿੱਤੀ ਹੈ।

ਇੰਦਰਪਾਲ ਦੀ ਦੁਕਾਨ ਦੇ ਨੇੜੇ ਹੀ ਇੱਕ ਪ੍ਰਾਈਵੇਟ ਹਸਪਤਾਲ ਸੀ, ਜਿੱਥੇ ਮਰੀਜ਼ਾਂ ਦੀ ਭੀੜ ਲੱਗੀ ਰਹਿੰਦੀ ਸੀ। ਦੂਰੋਂ ਦੂਰੋਂ ਮਰੀਜ਼ ਆਪਣਾ ਇਲਾਜ ਕਰਵਾਉਣ ਆਉਂਦੇ ਸਨ। ਹਸਪਤਾਲ ਦੇ ਡਾਕਟਰ ਸਵੇਰੇ ਜਲਦੀ ਜਲਦੀ ਕੰਮ ਸ਼ੁਰੂ ਕਰ ਦਿੰਦੇ ਸਨ ਅਤੇ ਮਰੀਜ਼ ਦਵਾਈਆਂ ਲੈਣ ਲਈ ਇੰਦਰਪਾਲ ਦੀ ਦੁਕਾਨ 'ਤੇ ਆ ਜਾਂਦੇ। ਇੰਦਰਪਾਲ ਡਾਕਟਰਾਂ ਦੇ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਆਪਣੀ ਦੁਕਾਨ ਖੋਲ੍ਹ ਲੈਣੀ ਚਾਹੁੰਦਾ ਸੀ। ਫਿਰ ਅੱਜ ਤੇ ਵੀ ਸੋਮਵਾਰ ਸੀ। ਸੋਮਵਾਰ ਨੂੰ ਮਰੀਜ਼ ਵੀ ਜ਼ਿਆਦਾ ਹੁੰਦੇ ਸਨ। ਐਤਵਾਰ ਨੂੰ ਪ੍ਰਾਈਵੇਟ ਹਸਪਤਾਲ ਬੰਦ ਹੁੰਦਾ ਸੀ ਤੇ ਇਸੇ ਕਰਕੇ ਇੰਦਰਪਾਲ ਵੀ ਐਤਵਾਰ ਨੂੰ ਆਪਣੀ ਦੁਕਾਨ ਬੰਦ ਰੱਖਦਾ ਸੀ। ਇਸੇ ਐਤਵਾਰ ਦਾ ਫਾਇਦਾ ਉਠਾਉਂਦਿਆਂ ਇੰਦਰਪਾਲ ਕੱਲ੍ਹ ਕੁਲਦੀਪ ਨੂੰ ਦਿੱਲੀ ਹਵਾਈ ਅੱਡੇ 'ਤੇ ਛੱਡਣ ਚਲਾ ਗਿਆ ਸੀ। ਕੋਈ ਦੋ ਕੁ ਹਫ਼ਤੇ ਪਹਿਲਾਂ ਦੀ ਗੱਲ ਹੈ, ਜਦੋਂ ਆਸਟਰੇਲੀਆ ਵਿੱਚ ਕ੍ਰਿਸਮਿਸ ਦੀਆਂ ਛੁੱਟੀਆਂ ਸਨ। ਕੁਲਦੀਪ ਸਿਡਨੀ ਤੋਂ ਜਲੰਧਰ ਆਪਣੇ ਘਰ ਆਪਣੇ ਮੰਮੀ-ਪਾਪਾ ਕੋਲ ਇੱਕ ਮਹੀਨੇ ਦੀ ਛੁੱਟੀ ਆਇਆ ਸੀ। ਜਲੰਧਰ ਆਉਣ ਤੋਂ ਪਹਿਲਾਂ ਸਿਡਨੀ ਤੋਂ ਹੀ ਕੁਲਦੀਪ ਨੇ ਇੰਦਰਪਾਲ ਨੂੰ ਫੋਨ ਕਰ ਕੇ ਆਪਣੇ ਆਉਣ ਦਾ ਮਕਸਦ ਦੱਸਿਆ ਸੀ। ਕੁਲਦੀਪ ਅਤੇ ਇੰਦਰਪਾਲ ਕਾਲਜ ਵਿੱਚ ਇਕੱਠੇ ਇੱਕੋ ਜਮਾਤ ਵਿੱਚ ਪੜ੍ਹਦੇ ਸਨ। ਦੋਵਾਂ ਦੀ ਚੰਗੀ ਦੋਸਤੀ ਵੀ ਸੀ। ਕਾਲਜ ਦੀ ਪੜ੍ਹਾਈ ਕਰ ਕੇ ਕੁਲਦੀਪ ਮੈਡੀਕਲ ਕਾਲਜ ਵਿੱਚ ਦਾਖ਼ਲ ਹੋ ਗਿਆ ਤੇ ਡਾਕਟਰ ਬਣ ਗਿਆ। ਇੰਦਰਪਾਲ ਵੀ ਮੈਡੀਕਲ ਕਾਲਜ ਵਿੱਚ ਦਾਖ਼ਲ ਹੋ ਗਿਆ, ਪਰ ਉਸ ਨੇ ਫਾਰਮੇਸੀ ਦਾ ਡਿਪਲੋਮਾ ਕਰ ਲਿਆ ਤੇ ਆਪਣੇ ਪਿਤਾ ਜੀ ਦੀ ਕੈਮਿਸਟ ਦੀ ਦੁਕਾਨ 'ਤੇ ਪਿਤਾ ਜੀ ਦਾ ਹੱਥ ਵਟਾਉਣ ਲੱਗ ਪਿਆ। ਤਕਰੀਬਨ ਸਾਲ ਕੁ ਬਾਅਦ ਇੰਦਰਪਾਲ ਦੇ ਪਿਤਾ ਜੀ ਦਾ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਕੈਮਿਸਟ ਦੀ ਦੁਕਾਨ ਇੰਦਰਪਾਲ ਨੂੰ ਇਕੱਲਿਆਂ ਸੰਭਾਲਣੀ ਪਈ। ਇੰਦਰਪਾਲ ਤੇ ਕੁਲਦੀਪ ਦੋਵਾਂ ਦੀ ਦੋਸਤੀ ਪੱਕੀ ਹੁੰਦੀ ਗਈ। ਇਸ ਵਾਰੀ ਕੁਲਦੀਪ ਦਾ ਕ੍ਰਿਸਮਿਸ ਦੀਆਂ ਛੁੱਟੀਆਂ ਵਿੱਚ ਘਰ ਆਉਣ ਦਾ ਮਕਸਦ ਸੀ, ਕਿਸੇ ਚੰਗੇ ਘਰ ਦੀ ਪੜ੍ਹੀ-ਲਿਖੀ ਕੁੜੀ ਲੱਭ ਕੇ ਉਸ ਨੂੰ ਆਪਣੀ ਜੀਵਨ ਸਾਥਣ ਬਣਾਉਣਾ।

ਇੰਦਰਪਾਲ ਦੇ ਚਾਚਾ ਜੀ ਦੀ ਕੁੜੀ ਸੀ। ਨਾਮ ਸੀ ਨਿਰਮਲ ਕੌਰ, ਪਰ ਸਾਰੇ ਉਸ ਨੂੰ ਨਿੰਮੀ ਕਹਿ ਕੇ ਬੁਲਾਉਂਦੇ ਸਨ। ਨਿੰਮੀ ਨੇ ਕੈਮਿਸਟਰੀ ਦੀ ਐੱਮ.ਐੱਸਸੀ. ਕੀਤੀ ਹੋਈ ਸੀ ਤੇ ਹੈ ਵੀ ਰੱਜ ਕੇ ਸੋਹਣੀ। ਉਹ ਕੁੜੀਆਂ ਦੇ ਸਰਕਾਰੀ ਕਾਲਜ ਵਿੱਚ ਪ੍ਰੋਫ਼ੈਸਰ ਲੱਗੀ ਹੋਈ ਸੀ ਤੇ ਸੁਭਾਅ ਦੀ ਵੀ ਬਹੁਤ ਮਿੱਠੀ। ਇੰਦਰਪਾਲ ਨੇ ਆਪਣੇ ਚਾਚਾ ਜੀ ਨਾਲ ਗੱਲ ਕੀਤੀ। ਕੁਲਦੀਪ ਬਾਰੇ ਦੱਸਿਆ ਕਿ ਉਹ ਸਿਡਨੀ ਵਿੱਚ ਡਾਕਟਰ ਹੈ। ਬਹੁਤ ਹੀ ਖ਼ੂਬਸੂਰਤ ਨੌਜਵਾਨ ਹੈ। ਮਰੀਜ਼ਾਂ ਦੀ ਸੇਵਾ ਤਨ ਮਨ ਨਾਲ ਕਰਦਾ ਹੈ। ਸਿਡਨੀ ਵਿੱਚ ਡਾਲਰਾਂ ਦੇ ਪਿੱਛੇ ਨਹੀਂ ਦੌੜਦਾ, ਬਲਕਿ ਡਾਲਰ ਉਸ ਦੇ ਪਿੱਛੇ ਦੌੜੇ ਆਉਂਦੇ ਨੇ। ਇੰਦਰਪਾਲ ਆਪਣੇ ਚਾਚਾ ਜੀ ਨੂੰ ਕਹਿਣ ਲੱਗਾ, ''ਚਾਚਾ ਜੀ! ਨਿੰਮੀ ਭੈਣ ਲਈ ਕੁਲਦੀਪ ਤੋਂ ਵਧੀਆ ਰਿਸ਼ਤਾ ਨਹੀਂ ਮਿਲਣਾ। ਮੈਂ ਇਸ ਦੀ ਗਰੰਟੀ ਲੈਂਦਾ ਹਾਂ।' ਇੰਦਰਪਾਲ ਦੇ ਚਾਚਾ ਜੀ ਮੰਨ ਗਏ। ਕਹਿਣ ਲੱਗੇ, ''ਠੀਕ ਹੈ ਇੰਦਰ! ਤੂੰ ਕੁਲਦੀਪ ਤੇ ਉਸ ਦੇ ਮਾਂ-ਬਾਪ ਨੂੰ ਸਾਡੇ ਘਰ ਲੈ ਆ। ਉਹ ਨਿੰਮੀ ਨੂੰ ਵੇਖ ਲੈਣ ਅਤੇ ਨਿੰਮੀ ਵੀ ਕੁਲਦੀਪ ਨੂੰ ਵੇਖ ਲਏਗੀ। ਜੇ ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਰਿਸ਼ਤਾ ਹੋ ਜਾਏਗਾ।''

ਇੰਦਰਪਾਲ ਕਹਿਣ ਲੱਗਾ, ''ਚਾਚਾ ਜੀ! ਮੈਨੂੰ ਪੂਰਾ ਯਕੀਨ ਹੈ ਕਿ ਵਾਹਿਗੁਰੂ ਦੀ ਮਿਹਰ ਸਦਕਾ ਇਹ ਸ਼ੁਭ ਕਾਰਜ ਜ਼ਰੂਰ ਰਾਸ ਆਏਗਾ।''

ਇੰਦਰਪਾਲ ਵਿਚੋਲਾ ਬਣ ਗਿਆ। ਇੱਕ ਦਿਨ ਮਿਥਿਆ ਗਿਆ ਜਦੋਂ ਕੁਲਦੀਪ ਅਤੇ ਉਸ ਦੇ ਮਾਂ-ਬਾਪ ਨੂੰ ਲੈ ਕੇ ਇੰਦਰਪਾਲ ਪਹਿਲਾਂ ਦਰਬਾਰ ਸਾਹਿਬ ਜਾਏਗਾ। ਉੱਥੇ ਕਾਰਜ ਰਾਸ ਆਉਣ ਦੀ ਅਰਦਾਸ ਕਰ ਕੇ ਉਨ੍ਹਾਂ ਨੂੰ ਆਪਣੇ ਚਾਚਾ ਜੀ ਦੇ ਘਰ ਲੈ ਆਏਗਾ। ਇੰਦਰਪਾਲ ਦੇ ਚਾਚਾ ਜੀ ਅਤੇ ਚਾਚੀ ਜੀ ਵੱਲੋਂ ਪ੍ਰਾਹੁਣਿਆਂ ਦੀ ਖ਼ੂਬ ਸੇਵਾ ਕੀਤੀ ਗਈ। ਗੱਲਾਂ-ਬਾਤਾਂ ਚੱਲਦੀਆਂ ਰਹੀਆਂ। ਵਕਤ ਬੀਤਦਾ ਗਿਆ। ਗੱਲਾਂ-ਬਾਤਾਂ ਦੇ ਨਾਲ ਨਾਲ ਚਾਹ ਪਾਣੀ ਦੀ ਸੇਵਾ ਵੀ ਚੱਲਦੀ ਰਹੀ, ਪਰ ਨਿੰਮੀ ਕਿਤੇ ਨਜ਼ਰ ਨਾ ਆਈ। ਕੁਲਦੀਪ ਨੂੰ ਤਾਂ ਕਾਹਲੀ ਪਈ ਹੋਈ ਸੀ ਕਿ ਉਹ ਨਿੰਮੀ ਨੂੰ ਦੇਖੇ, ਉਸ ਨਾਲ ਗੱਲਾਂ ਕਰੇ ਅਤੇ ਆਪਣੀ ਜ਼ਿੰਦਗੀ ਦਾ ਇੱਕ ਬਹੁਤ ਹੀ ਅਹਿਮ ਫ਼ੈਸਲਾ ਕਰੇ। ਇੰਦਰਪਾਲ ਨੇ ਕੁਲਦੀਪ ਨੂੰ ਨਿੰਮੀ ਬਾਰੇ ਬਹੁਤ ਕੁਝ ਦੱਸ ਰੱਖਿਆ ਸੀ। ਉਸ ਨੇ ਇੰਦਰਪਾਲ ਨੂੰ ਪੁੱਛਿਆ ਕਿ ਨਿੰਮੀ ਕਿੱਥੇ ਹੈ? ਇੰਦਰਪਾਲ ਨੇ ਆਪਣੇ ਚਾਚਾ ਜੀ ਨੂੰ ਪੁੱਛਿਆ ਤਾਂ ਚਾਚਾ ਜੀ ਨੇ ਦੱਸਿਆ ਕਿ ਪਿਛਲੇ ਦੋ-ਤਿੰਨ ਦਿਨਾਂ ਤੋਂ ਨਿੰਮੀ ਨੂੰ ਬਹੁਤ ਬੁਰੀ ਤਰ੍ਹਾਂ ਖਾਂਸੀ ਬੁਖ਼ਾਰ ਹੋ ਗਿਆ ਹੈ। ਉਹ ਠੀਕ ਤਰ੍ਹਾਂ ਬੋਲ ਵੀ ਨਹੀਂ ਸਕਦੀ ਤੇ ਆਪਣੇ ਆਪ ਨੂੰ ਬਹੁਤ ਕਮਜ਼ੋਰ ਮਹਿਸੂਸ ਕਰਦੀ ਹੈ। ਇਸ ਹਾਲਤ ਵਿੱਚ ਉਹ ਸਭ ਦੇ ਸਾਹਮਣੇ ਆਉਣ ਤੋਂ ਝਿਜਕਦੀ ਹੈ। ਇਹ ਸੁਣ ਕੇ ਕੁਲਦੀਪ ਦੀ ਡਾਕਟਰੀ ਜਾਗੀ। ਉਸ ਨੇ ਪੁੱਛਿਆ ਕਿ ਡਾਕਟਰ ਨੂੰ ਵਿਖਾਇਆ ਹੋਵੇਗਾ। ਚਾਚਾ ਜੀ ਨੇ ਦੱਸਿਆ ਕਿ ਡਾਕਟਰ ਨੇ ਦਵਾਈਆਂ ਦਿੱਤੀਆਂ ਹਨ। ਕਹਿੰਦਾ ਸੀ ਦੋ-ਚਾਰ ਦਿਨਾਂ ਵਿੱਚ ਠੀਕ ਹੋ ਜਾਏਗੀ। ਕੁਲਦੀਪ ਨੇ ਇੰਦਰਪਾਲ ਨੂੰ ਪੁੱਛਿਆ ਕਿ ਕੀ ਉਹ ਨਿੰਮੀ ਨੂੰ ਉਸ ਦੇ ਕਮਰੇ ਵਿੱਚ ਜਾ ਕੇ ਮਿਲ ਸਕਦਾ ਹੈ? ਇੰਦਰਪਾਲ ਨੇ ਆਪਣੇ ਚਾਚਾ ਜੀ ਨੂੰ ਪੁੱਛਿਆ ਅਤੇ ਅੱਗੋਂ ਚਾਚਾ ਜੀ ਦਾ ਜਵਾਬ ਸੀ, ''ਕਿਉਂ ਨਹੀਂ ਪੁੱਤਰ ਜੀ।'' ਤੇ ਫਿਰ ਚਾਚਾ ਜੀ ਕੁਲਦੀਪ ਨੂੰ ਕਹਿਣ ਲੱਗੇ, ''ਆਓ ਪੁੱਤਰ ਜੀ! ਮੈਂ ਤੁਹਾਨੂੰ ਨਿੰਮੀ ਕੋਲ ਲੈ ਕੇ ਚੱਲਦਾ ਹਾਂ।'' ਕੁਝ ਮਿੰਟਾਂ ਬਾਅਦ ਕੁਲਦੀਪ ਨਿੰਮੀ ਕੋਲ ਬੈਠਾ ਸੀ। ਨਿੰਮੀ ਸਿਰਹਾਣੇ ਦਾ ਢੋਅ ਲਾ ਕੇ ਆਪਣੇ ਪਲੰਘ 'ਤੇ ਬੈਠ ਗਈ। ਕੁਲਦੀਪ ਅਤੇ ਨਿੰਮੀ ਇੱਕ-ਦੂਜੇ ਨਾਲ ਗੱਲਾਂ ਕਰਨ ਲੱਗੇ। ਦੋਵੇਂ ਇੰਝ ਮਹਿਸੂਸ ਕਰਨ ਲੱਗੇ ਕਿ ਜਿਵੇਂ ਉਹ ਸਦੀਆਂ ਤੋਂ ਇੱਕ-ਦੂਜੇ ਦੇ ਸਾਥੀ ਹੋਣ। ਕੁਝ ਦੇਰ ਗੱਲਾਂ ਹੋਈਆਂ। ਕੁਲਦੀਪ ਨੂੰ ਮਹਿਸੂਸ ਹੋਇਆ ਕਿ ਨਿੰਮੀ ਕੋਲੋਂ ਜ਼ਿਆਦਾ ਦੇਰ ਬੈਠਿਆ ਨਹੀਂ ਜਾ ਰਿਹਾ। ਖਾਂਸੀ ਬੁਖ਼ਾਰ ਦੇ ਕਾਰਨ ਗੱਲਾਂ ਕਰਨ ਵਿੱਚ ਵੀ ਮੁਸ਼ਕਲ ਆ ਰਹੀ ਸੀ। ਫਿਰ ਕੁਲਦੀਪ ਆਪ ਹੀ ਉੱਠਿਆ, ਨਿੰਮੀ ਨੂੰ ਆਰਾਮ ਕਰਨ ਲਈ ਕਿਹਾ, ਸਤਿ ਸ੍ਰੀ ਅਕਾਲ ਆਖੀ ਤੇ ਕਮਰੇ ਵਿੱਚੋਂ ਬਾਹਰ ਆ ਗਿਆ। ਬਾਹਰ ਆਉਂਦਿਆਂ ਉਸ ਨੂੰ ਇੰਝ ਮਹਿਸੂਸ ਹੋ ਰਿਹਾ ਸੀ ਕਿ ਉਹ ਆਪਣਾ ਸਭ ਕੁਝ ਨਿੰਮੀ ਕੋਲ ਛੱਡ ਆਇਆ ਹੈ। ਉੱਧਰ ਨਿੰਮੀ ਮਹਿਸੂਸ ਕਰ ਰਹੀ ਸੀ ਕਿ ਉਸ ਦਾ ਸਭ ਕੁਝ ਕੁਲਦੀਪ ਆਪਣੇ ਨਾਲ ਲੈ ਗਿਆ ਹੈ।

ਇੰਦਰਪਾਲ ਦੇ ਚਾਚਾ ਜੀ ਤੇ ਚਾਚੀ ਜੀ ਨੇ ਇੰਦਰਪਾਲ ਕੋਲੋਂ ਕੁਲਦੀਪ ਦੇ ਮੰਮੀ-ਪਾਪਾ ਦੀ ਰਾਏ ਜਾਣਨੀ ਚਾਹੀ ਕਿ ਉਨ੍ਹਾਂ ਨੂੰ ਨਿੰਮੀ ਪਸੰਦ ਆਈ ਕਿ ਨਹੀਂ? ਇਸ ਤੋਂ ਪਹਿਲਾਂ ਕਿ ਪਾਪਾ ਕੁਝ ਕਹਿਣ, ਕੁਲਦੀਪ ਦੇ ਮੰਮੀ ਬੋਲ ਪਏ, ''ਅਸੀਂ ਘਰ ਜਾ ਕੇ ਸਲਾਹ ਕਰਾਂਗੇ ਤੇ ਇੱਕ-ਦੋ ਦਿਨਾਂ ਵਿੱਚ ਇੰਦਰਪਾਲ ਨੂੰ ਆਪਣਾ ਫ਼ੈਸਲਾ ਦੱਸ ਦਿਆਂਗੇ।'' ਇੰਦਰਪਾਲ ਆਪਣੇ ਜਿਗਰੀ ਦੋਸਤ ਕੁਲਦੀਪ ਅਤੇ ਉਸ ਦੇ ਮੰਮੀ-ਪਾਪਾ ਨੂੰ ਆਪਣੇ ਘਰ ਲੈ ਆਇਆ। ਇੰਦਰਪਾਲ, ਕੁਲਦੀਪ ਤੇ ਉਸ ਦੇ ਪਾਪਾ ਤਾਂ ਦਿਲ ਵਿੱਚ ਪੱਕੀ ਕਰੀ ਬੈਠੇ ਸਨ ਕਿ ਇਹ ਰਿਸ਼ਤਾ ਬਹੁਤ ਵਧੀਆ ਹੈ, ਪਰ ਕੁਲਦੀਪ ਦੇ ਮੰਮੀ ਨੇ ਰੋੜਾ ਅਟਕਾ ਦਿੱਤਾ। ਕਹਿਣ ਲੱਗੇ, ''ਮੈਨੂੰ ਇਹ ਰਿਸ਼ਤਾ ਬਿਲਕੁਲ ਪਸੰਦ ਨਹੀਂ। ਇੱਕ ਬਿਮਾਰ ਕੁੜੀ ਨੂੰ ਮੈਂ ਆਪਣੀ ਨੂੰਹ ਨਹੀਂ ਬਣਾ ਸਕਦੀ।''

ਕੁਲਦੀਪ ਕਹਿਣ ਲੱਗਾ, ''ਮੰਮੀ ਜੀ! ਇਹ ਤਾਂ ਦੋ-ਚਾਰ ਦਿਨਾਂ ਦੀ ਗੱਲ ਹੈ। ਸਰਦੀਆਂ ਦਾ ਮੌਸਮ ਹੈ। ਇਸ ਮੌਸਮ ਵਿੱਚ ਤਾਂ ਕਿਸੇ ਨੂੰ ਵੀ ਖਾਂਸੀ ਬੁਖ਼ਾਰ ਹੋ ਸਕਦਾ ਹੈ।''

ਮੰਮੀ ਕਹਿਣ ਲੱਗੇ, ''ਇਹ ਦਮਾ ਵੀ ਤਾਂ ਹੋ ਸਕਦਾ ਹੈ, ਉਨ੍ਹਾਂ ਨੇ ਤਾਂ ਸਾਨੂੰ ਕੁੜੀ ਦੀ ਸ਼ਕਲ ਤੱਕ ਨਹੀਂ ਵਿਖਾਈ।''

ਕੁਲਦੀਪ ਕਹਿਣ ਲੱਗਾ, ''ਮੰਮੀ ਜੀ! ਮੈਂ ਨਿੰਮੀ ਨੂੰ ਵੇਖਿਆ ਹੈ। ਮੈਂ ਡਾਕਟਰ ਹਾਂ। ਉਸ ਨੂੰ ਦਮਾ ਬਿਲਕੁਲ ਨਹੀਂ। ਬਸ ਖਾਂਸੀ ਬਲਗਮ ਕਰਕੇ ਉਹ ਜ਼ਿਆਦਾ ਬੋਲ ਨਹੀਂ ਸੀ ਸਕਦੀ। ਬੁਖ਼ਾਰ ਕਰਕੇ ਉਸ ਨੂੰ ਕਮਜ਼ੋਰੀ ਮਹਿਸੂਸ ਹੁੰਦੀ ਸੀ, ਜਿਸ ਕਰਕੇ ਉਹ ਆਪਣੇ ਕਮਰੇ ਵਿੱਚੋਂ ਬਾਹਰ ਆਉਣ ਤੋਂ ਝਿਜਕਦੀ ਸੀ।

ਕੁਲਦੀਪ ਤੇ ਉਸ ਦੇ ਪਾਪਾ ਨੇ ਬਹੁਤ ਕੋਸ਼ਿਸ਼ ਕੀਤੀ ਕਿ ਕੁਲਦੀਪ ਦੇ ਮੰਮੀ ਇਸ ਰਿਸ਼ਤੇ ਲਈ ਮੰਨ ਜਾਣ, ਪਰ ਉਹ ਨਾ ਮੰਨੇ। ਇੰਦਰਪਾਲ ਨੇ ਵੀ ਜੋ ਕਹਿਣਾ ਸੀ ਕਹਿ ਲਿਆ ਤੇ ਫਿਰ ਉਦਾਸ ਜਿਹਾ ਹੋ ਗਿਆ। ਕਹਿਣ ਲੱਗਾ, ''ਇਹ ਵਾਹਿਗੁਰੂ ਦੀ ਮਰਜ਼ੀ ਹੈ। ਕਾਰਜ ਰਾਸ ਨਹੀਂ ਆਇਆ।''

ਕੁਲਦੀਪ ਮੰਮੀ ਨੂੰ ਕਹਿਣ ਲੱਗਾ, ''ਮੰਮੀ ਜੀ! ਇਨ੍ਹਾਂ ਕ੍ਰਿਸਮਿਸ ਦੀਆਂ ਛੁੱਟੀਆਂ ਵਿੱਚ ਮੈਨੂੰ ਨਿੰਮੀ ਨਹੀਂ ਮਿਲੀ। ਮੈਂ ਈਸਟਰ ਦੀਆਂ ਛੁੱਟੀਆਂ ਵਿੱਚ ਫਿਰ ਆਵਾਂਗਾ। ਅਸੀਂ ਉਦੋਂ ਫਿਰ ਤੁਹਾਨੂੰ ਨਿੰਮੀ ਕੋਲ ਲੈ ਕੇ ਜਾਵਾਂਗੇ। ਮੈਨੂੰ ਯਕੀਨ ਹੈ ਕਿ ਉਦੋਂ ਤੁਹਾਨੂੰ ਨਿੰਮੀ ਬਹੁਤ ਪਸੰਦ ਆਏਗੀ।''

ਮੰਮੀ ਕਹਿਣ ਲੱਗੇ, ''ਉਦੋਂ ਦੀ ਉਦੋਂ ਵੇਖਾਂਗੇ।''

ਕੁਲਦੀਪ ਨੇ ਇੰਦਰਪਾਲ ਨੂੰ ਇਸ ਗੱਲ 'ਤੇ ਰਾਜ਼ੀ ਕਰ ਲਿਆ ਕਿ ਉਹ ਆਉਂਦੇ ਐਤਵਾਰ ਉਸ ਨੂੰ ਛੱਡਣ ਦਿੱਲੀ ਦੇ ਹਵਾਈ ਅੱਡੇ 'ਤੇ ਜ਼ਰੂਰ ਆਏਗਾ।

ਇੰਦਰਪਾਲ ਕੁਲਦੀਪ ਨੂੰ ਦਿੱਲੀ ਦੇ ਹਵਾਈ ਅੱਡੇ 'ਤੇ ਸਿਡਨੀ ਦੇ ਜਹਾਜ਼ ਵਿੱਚ ਚੜ੍ਹਾ ਕੇ ਵਾਪਸ ਅੰਮ੍ਰਿਤਸਰ ਪਹੁੰਚ ਗਿਆ। ਘਰੋਂ ਤਿਆਰ ਹੋ ਕੇ, ਦਰਬਾਰ ਸਾਹਿਬ ਤੋਂ ਹੋ ਕੇ ਆਪਣੀ ਦੁਕਾਨ 'ਤੇ ਵਕਤ ਸਿਰ ਪਹੁੰਚ ਗਿਆ। ਇੰਦਰਪਾਲ ਨੂੰ ਅਜੇ ਆਪਣੀ ਦੁਕਾਨ ਖੋਲ੍ਹੀ ਨੂੰ ਦਸ ਕੁ ਮਿੰਟ ਵੀ ਨਹੀਂ ਹੋਏ ਹੋਣਗੇ ਕਿ ਕੁਲਦੀਪ ਨੇ ਆ ਸ਼ਕਲ ਦਿਖਾਈ। ਇੱਕ ਤਾਂ ਹੈਰਾਨੀ ਹੁੰਦੀ ਹੈ, ਇੱਕ ਹੈਰਾਨੀ ਦੀ ਹੱਦ ਹੁੰਦੀ ਹੈ, ਪਰ ਇਹ ਤਾਂ ਹੱਦ ਤੋਂ ਕਿਤੇ ਜ਼ਿਆਦਾ ਵੱਧ ਸੀ। ਇੰਦਰਪਾਲ ਤਾਂ ਜਿਵੇਂ ਇੱਕ ਥਾਂ 'ਤੇ ਖੜ੍ਹੇ ਦਾ ਖੜ੍ਹਾ ਰਹਿ ਗਿਆ। ਉਸ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਹੈਂ..? ਇਹ ਕਿਵੇਂ ਹੋ ਸਕਦੈ? ਇਹ ਇੱਥੇ ਕਿਵੇਂ ? ਇਸ ਨੂੰ ਤਾਂ ਐਸ ਵੇਲੇ ਆਸਟਰੇਲੀਆ ਵਿੱਚ ਹੋਣਾ ਚਾਹੀਦਾ ਸੀ।

ਕੁਲਦੀਪ ਨੇ ਦੱਸਿਆ ਕਿ ਜਦੋਂ ਜਹਾਜ਼ ਉੱਡ ਪਿਆ ਤਾਂ ਸਭ ਠੀਕ ਠਾਕ ਸੀ। ਅੱਧੇ ਕੁ ਘੰਟੇ ਬਾਅਦ ਹੀ ਜਹਾਜ਼ ਦੇ ਪਾਇਲਟ ਵੱਲੋਂ ਅਨਾਊਂਸਮੈਂਟ ਹੋਈ ਕਿ ਜਹਾਜ਼ ਵਿੱਚ ਕੋਈ ਤਕਨੀਕੀ ਖ਼ਰਾਬੀ ਆ ਗਈ ਹੈ ਜਿਸ ਕਾਰਨ ਜਹਾਜ਼ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਰਨਾ ਪੈ ਰਿਹਾ ਹੈ। ਸਾਰੇ ਯਾਤਰੀ ਸਾਰੀ ਰਾਤ ਹਵਾਈ ਜਹਾਜ਼ ਵਿੱਚ ਬੈਠੇ ਰਹੇ। ਸਵੇਰ ਵੇਲੇ ਦੱਸਿਆ ਗਿਆ ਕਿ ਸਾਰੇ ਯਾਤਰੀਆਂ ਲਈ ਚਾਰ ਦਿਨਾਂ ਲਈ ਹੋਟਲ ਵਿੱਚ ਠਹਿਰਨ ਦਾ ਇੰਤਜ਼ਾਮ ਕੀਤਾ ਗਿਆ ਹੈ। ਜਹਾਜ਼ ਨੂੰ ਠੀਕ ਹੁੰਦਿਆਂ ਚਾਰ ਦਿਨ ਲੱਗ ਸਕਦੇ ਨੇ। ਇਹ ਆਸਟਰੇਲੀਆ ਦਾ ਜਹਾਜ਼ ਹੈ। ਇਸ ਨੂੰ ਠੀਕ ਕਰਨ ਲਈ ਇਸ ਦੇ ਇੰਜੀਨੀਅਰ ਆਸਟਰੇਲੀਆ ਤੋਂ ਆ ਰਹੇ ਹਨ। ਜਹਾਜ਼ ਵਾਲਿਆਂ ਨੇ ਸਭ ਯਾਤਰੀਆਂ ਨੂੰ ਅੰਮ੍ਰਿਤਸਰ ਘੁੰਮਣ ਫਿਰਨ ਦੀ ਇਜਾਜ਼ਤ ਵੀ ਦੇ ਦਿੱਤੀ। ਸਭ ਨੂੰ ਚਾਰ ਦਿਨਾਂ ਦਾ ਟੂਰਿਸਟ ਵੀਜ਼ਾ ਮਿਲ ਗਿਆ। ਬਸ ਫਿਰ ਕੀ ਸੀ। ਹੋਟਲ ਵਿੱਚੋਂ ਕੁਲਦੀਪ ਸਿੱਧਾ ਇੰਦਰਪਾਲ ਕੋਲ ਆ ਗਿਆ।

ਕੁਲਦੀਪ ਨੇ ਇੰਦਰਪਾਲ ਨੂੰ ਜਹਾਜ਼ ਦੇ ਖ਼ਰਾਬ ਹੋਣ ਦੀ ਤੇ ਫਿਰ ਅੰਮ੍ਰਿਤਸਰ ਉਤਰਨ ਦੀ ਸਾਰੀ ਕਹਾਣੀ ਦੱਸ ਦਿੱਤੀ। ਕੁਲਦੀਪ ਕਹਿਣ ਲੱਗਾ ਕਿ ਉਹ ਜਲੰਧਰ ਜਾ ਕੇ ਆਪਣੇ ਮੰਮੀ-ਪਾਪਾ ਨੂੰ ਲੈ ਕੇ ਵਾਪਸ ਅੰਮ੍ਰਿਤਸਰ ਪਹੁੰਚ ਜਾਏਗਾ। ਇੰਨੇ ਚਿਰ ਤੱਕ ਇੰਦਰਪਾਲ ਆਪਣੇ ਚਾਚਾ ਜੀ ਨੂੰ ਦੱਸ ਦੇਵੇ ਕਿ ਅਸੀਂ ਸ਼ਾਮ ਨੂੰ ਉਨ੍ਹਾਂ ਦੇ ਘਰ ਆਵਾਂਗੇ। ਇੰਦਰਪਾਲ ਨੇ ਕੁਲਦੀਪ ਨੂੰ ਜਲੰਧਰ ਜਾਣ ਤੋਂ ਰੋਕ ਲਿਆ। ਉਸ ਨੇ ਕੁਲਦੀਪ ਨੂੰ ਸਮਝਾਇਆ ਕਿ ਉਸ ਕੋਲ ਵੀਜ਼ਾ ਸਿਰਫ਼ ਅੰਮ੍ਰਿਤਸਰ ਵਿੱਚ ਘੁੰਮਣ ਫਿਰਨ ਦਾ ਹੈ। ਇਸ ਲਈ ਉਸ ਨੂੰ ਅੰਮ੍ਰਿਤਸਰ ਹੀ ਰਹਿਣਾ ਚਾਹੀਦਾ ਹੈ। ਆਪਣੇ ਮੰਮੀ-ਪਾਪਾ ਨੂੰ ਫੋਨ ਕਰ ਕੇ ਸਾਰੀ ਗੱਲ ਦੱਸੇ ਤੇ ਉਨ੍ਹਾਂ ਨੂੰ ਇੱਥੇ ਬੁਲਾ ਲਵੇ। ਇੰਦਰਪਾਲ ਨੂੰ ਯਕੀਨ ਹੈ ਕਿ ਉਹ ਆ ਜਾਣਗੇ। ਇੰਦਰਪਾਲ ਨੇ ਸਲਾਹ ਦਿੱਤੀ ਕਿ ਕੁਲਦੀਪ ਦੇ ਮੰਮੀ-ਪਾਪਾ ਦਰਬਾਰ ਸਾਹਿਬ ਆ ਜਾਣ। ਉੱਥੇ ਮੱਥਾ ਟੇਕ ਕੇ ਤੇ ਕਾਰਜ ਰਾਸ ਆਉਣ ਦੀ ਅਰਦਾਸ ਕਰ ਕੇ, ਉਹ ਉਨ੍ਹਾਂ ਨੂੰ ਆਪਣੇ ਚਾਚਾ ਜੀ ਦੇ ਘਰ ਲੈ ਜਾਏਗਾ। ਇੰਦਰਪਾਲ ਨੇ ਫੋਨ ਕਰ ਕੇ ਆਪਣੇ ਚਾਚੀ ਜੀ ਨੂੰ ਸਾਰੀ ਗੱਲ ਦੱਸ ਦਿੱਤੀ। ਕੁਲਦੀਪ ਨੇ ਫੋਨ ਕਰ ਕੇ ਆਪਣੇ ਮੰਮੀ-ਪਾਪਾ ਨੂੰ ਦਰਬਾਰ ਸਾਹਿਬ ਬੁਲਾ ਲਿਆ। ਇੰਦਰਪਾਲ ਨੇ ਦਰਬਾਰ ਸਾਹਿਬ ਵਿੱਚ ਅਰਦਾਸ ਕੀਤੀ ਕਿ ਵਾਹਿਗੁਰੂ ਕਾਰਜ ਰਾਸ ਕਰਨ। ਦਰਬਾਰ ਸਾਹਿਬ ਤੋਂ ਇੰਦਰਪਾਲ ਕੁਲਦੀਪ ਤੇ ਉਸ ਦੇ ਮੰਮੀ-ਪਾਪਾ ਨੂੰ ਆਪਣੇ ਚਾਚਾ ਜੀ ਦੇ ਘਰ ਲੈ ਗਿਆ।

ਚਾਚਾ ਜੀ, ਚਾਚੀ ਜੀ ਤੇ ਨਿੰਮੀ ਬੜੇ ਉਤਸ਼ਾਹ ਨਾਲ ਪ੍ਰਾਹੁਣਿਆਂ ਦੀ ਉਡੀਕ ਕਰ ਰਹੇ ਸਨ। ਨਿੰਮੀ ਤਾਂ ਕੁਝ ਜ਼ਿਆਦਾ ਹੀ ਖ਼ੁਸ਼ ਲੱਗਦੀ ਸੀ। ਇਸ ਵਾਰੀ ਫਿਰ ਪ੍ਰਾਹੁਣਿਆਂ ਦੀ ਖ਼ੂਬ ਸੇਵਾ ਕੀਤੀ ਗਈ। ਸੇਵਾ ਕਰਨ ਵਿੱਚ ਨਿੰਮੀ ਸਭ ਤੋਂ ਅੱਗੇ ਸੀ। ਸਾਰੇ ਇਸ ਗੱਲੋਂ ਹੈਰਾਨ ਵੀ ਹੋਏ ਕਿ ਜਹਾਜ਼ ਖ਼ਰਾਬ ਹੋ ਗਿਆ। ਇਹ ਸਤਿਗੁਰੂ ਦੀ ਰਚਾਈ ਹੋਈ ਖੇਡ ਸੀ ਕਿ ਸਾਰੇ ਫਿਰ ਇਕੱਠੇ ਹੋ ਗਏ।

ਨਿੰਮੀ ਦੇ ਪਾਪਾ ਕੁਲਦੀਪ ਨੂੰ ਕਹਿਣ ਲੱਗੇ, ''ਪੁੱਤਰ ਜੀ, ਤੁਸੀਂ ਨਿੰਮੀ ਨਾਲ ਕਿਤੇ ਘੁੰਮਣ ਫਿਰਨ ਜਾਣਾ ਚਾਹੋ ਤਾਂ ਜਾ ਸਕਦੇ ਹੋ। ਪਿਛਲੀ ਵਾਰੀ ਤਾਂ ਨਿੰਮੀ ਬਿਮਾਰ ਹੋਣ ਕਰਕੇ ਕਿਤੇ ਨਹੀਂ ਜਾ ਸਕੀ।''

ਕੁਲਦੀਪ ਕਹਿਣ ਲੱਗਾ, ''ਨਹੀਂ ਅੰਕਲ ਜੀ! ਮੇਰੀ ਤਾਂ ਕੋਈ ਗੱਲ ਨਹੀਂ, ਤੁਸੀਂ ਮੇਰੇ ਮੰਮੀ ਜੀ ਨੂੰ ਨਿੰਮੀ ਨਾਲ ਵੱਖਰੇ ਕਮਰੇ ਵਿੱਚ ਗੱਲ ਕਰਵਾ ਦਿਓ।''

ਨਿੰਮੀ ਦੇ ਪਾਪਾ ਕਹਿਣ ਲੱਗੇ, ''ਠੀਕ ਹੈ, ਮੈਨੂੰ ਕੋਈ ਇਤਰਾਜ਼ ਨਹੀਂ।'' ਫਿਰ ਉਹ ਕੁਲਦੀਪ ਦੇ ਮੰਮੀ ਨੂੰ ਕਹਿਣ ਲੱਗੇ, ''ਭੈਣ ਜੀ! ਆਓ ਮੈਂ ਤੁਹਾਨੂੰ ਨਿੰਮੀ ਦੇ ਸਟੱਡੀ ਰੂਮ ਵਿੱਚ ਛੱਡ ਆਉਂਦਾ ਹਾਂ।''

ਅੱਗੋਂ ਕੁਲਦੀਪ ਦੇ ਮੰਮੀ ਦਾ ਜਵਾਬ ਸੀ, ''ਨਹੀਂ ਭਰਾ ਜੀ! ਇਹ ਤਾਂ ਇੱਕ ਵਾਹਿਗੁਰੂ ਦੀ ਖੇਡ ਹੋਈ ਹੈ ਜੋ ਜਹਾਜ਼ ਖ਼ਰਾਬ ਹੋ ਗਿਆ ਤੇ ਅਸੀਂ ਸਾਰੇ ਫਿਰ ਇੱਥੇ ਇਕੱਠੇ ਹੋ ਗਏ। ਤੁਸੀਂ ਆਪਣੀ ਨਿੰਮੀ ਸਾਡੀ ਝੋਲੀ ਪਾ ਦਿਓ। ਅਸੀਂ ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਕਰਾਂਗੇ।'' ਸਾਰਿਆਂ ਦੇ ਚਿਹਰਿਆਂ 'ਤੇ ਖ਼ੁਸ਼ੀ ਦੀ ਲਹਿਰ ਦੌੜ ਪਈ। ਰਿਸ਼ਤੇ ਪੱਕੇ ਹੋਣ ਦੀਆਂ ਰਸਮਾਂ ਕੀਤੀਆਂ ਗਈਆਂ। ਰਸਮਾਂ ਤੋਂ ਬਾਅਦ ਇੰਦਰਪਾਲ ਫਿਰ ਦੋਵਾਂ ਪਰਿਵਾਰਾਂ ਨੂੰ ਦਰਬਾਰ ਸਾਹਿਬ ਲੈ ਗਿਆ। ਅਰਦਾਸ ਕੀਤੀ ਗਈ। ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਕਿ ਉਸ ਦੀ ਮਿਹਰ ਸਦਕਾ ਕਾਰਜ ਆਇਆ ਰਾਸ।



# ਪੰਜਾਬ ਵਿਚ ਕੈਂਸਰ ਦਾ ਕਾਰਨ

# ਖੇਤੀ ਰਸਾਇਣ

**ਲਿਖਤ : ਡਾ. ਐੱਸਪੀਐੱਸ ਬਰਾੜ**

ਹਰੀ ਕ੍ਰਾਂਤੀ (ਤਕਨੀਕੀ ਖੇਤੀ) ਨੇ ਦੇਸ਼ ਦੇ ਅੰਨ ਭੰਡਾਰ ਭਰ ਦਿੱਤੇ। ਇਹੀ ਨਹੀਂ, ਦੇਸ਼ ਦੇ ਚੌਲ 129 ਦੇਸ਼ਾਂ ਵਿੱਚ ਜਾ ਰਹੇ ਹਨ ਅਤੇ ਕਣਕ ਦੀ ਮੰਗ ਵੀ ਯੂਕਰੇਨ ਦੀ ਲੜਾਈ ਸਮੇਂ ਜਦੋਂ ਭਾਰਤ ਨੇ ਕਣਕ ਦੀ ਬਰਾਮਦ ਬੰਦ ਕੀਤੀ ਤਾਂ ਯੂਰੋਪੀਅਨ ਦੇਸ਼ਾਂ ਨੇ ਇਸ ਫੈਸਲੇ ਖਿਲਾਫ ਰੌਲਾ ਪਾਇਆ ਅਤੇ ਆਈਐੱਮਐੱਫ ਦੀ ਡਿਪਟੀ ਮੈਨੇਜਿੰਗ ਡਾਇਰੈਕਟਰ ਗੀਤਾ ਗੋਪੀਨਾਥ ਨੇ ਇਹ ਵੀ ਕਿਹਾ ਕਿ ਇਸ ਵਕਤ ਇਹ ਫੈਸਲਾ ਠੀਕ ਨਹੀਂ; ਭਾਵ ਕਣਕ ਦੀ ਬਰਾਮਦ ਰੋਕਣ ਨਾਲ ਦੁਨੀਆ ਵਿੱਚ ਕਣਕ ਦੇ ਭਾਅ ਵਧ ਜਾਣਗੇ ਪਰ ਇਸ ਦੇ ਬਾਵਜੂਦ ਦੇਸ਼ ਅੰਦਰ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਹਰੀ ਕ੍ਰਾਂਤੀ ਨੇ ਪੰਜਾਬ ਦੀਆਂ ਜ਼ਮੀਨਾਂ ਅਤੇ ਧਰਤੀ ਹੇਠਲੇ ਪਾਣੀ ਵਿੱਚ ਭਾਰੀ ਧਾਤਾਂ ਦੀ ਮਾਤਰਾ ਵਧਾ ਦਿੱਤੀ ਹੈ ਜਿਸ ਨਾਲ ਜ਼ਮੀਨ ਦੀ ਸਿਹਤ ਖਰਾਬ ਹੋ ਗਈ ਅਤੇ ਇੱਥੇ ਪੈਦਾ ਕੀਤੀਆਂ ਜਾਣ ਵਾਲੀਆਂ ਫਸਲਾਂ ਵਿੱਚ ਜ਼ਹਿਰੀਲੇ ਰਸਾਇਣਾਂ ਦੀ ਮਾਤਰਾ ਜ਼ਿਆਦਾ ਹੈ। ਇਸ ਲਿਖਤ ਵਿੱਚ ਇਹ ਵਿਸ਼ਲੇਸ਼ਣ ਕੀਤਾ ਜਾਵੇਗਾ ਕਿ ਅਜੇ ਤੱਕ ਖਾਦਾਂ ਅਤੇ ਪੈਸਟੀਸਾਈਡ ਦੀ ਵਰਤੋਂ ਨਾਲ ਨਾ ਜ਼ਮੀਨ ਦੀ ਸਿਹਤ ਖਰਾਬ ਹੋਈ ਹੈ, ਨਾ ਪਾਣੀ ਪਲੀਤ ਹੋਇਆ ਅਤੇ ਨਾ ਹੀ ਇੱਥੇ ਪੈਦਾ ਹੋਣ ਵਾਲੇ ਅਨਾਜ। ਸਮੱਸਿਆ ਕਿਤੇ ਹੋਰ ਹੈ, ਇਲਜ਼ਾਮ ਕਿਤੇ ਹੋਰ ਲਗਾਇਆ ਜਾ ਰਿਹਾ ਹੈ।

ਇਸ ਵਕਤ ਬ੍ਰਹਿਮੰਡ ਵਿੱਚ 119 ਤੱਤਾਂ ਦੀ ਸ਼ਨਾਖਤ ਹੋਈ ਹੈ। ਤੱਤ ਤੋਂ ਭਾਵ ਕਾਰਬਨ, ਆਕਸੀਜਨ, ਹਾਈਡ੍ਰੋਜਨ, ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ ਵਗੈਰਾ ਹਨ। ਇਹਨਾਂ ਵਿੱਚੋਂ 95 ਕੁਦਰਤੀ ਹਨ ਅਤੇ ਬਾਕੀ 24 ਨਿਊਕਲੀਅਰ ਰਿਐਕਟਰਾਂ ਨਾਲ ਲੈਬਾਰਟਰੀਆਂ ਵਿੱਚ ਬਣਾਏ ਗਏ ਹਨ। ਜਿਹੜੇ ਤੱਤਾਂ ਦਾ ਅਟੌਮਿਕ ਭਾਰ ਜ਼ਿਆਦਾ ਹੈ ਅਤੇ ਇਹਨਾਂ ਦੀ ਘਣਤਾ 5 ਗ੍ਰਾਮ ਪ੍ਰਤੀ ਕਿਊਬਿਕ ਸੈਂਟੀਮੀਟਰ ਤੋਂ ਵੱਧ ਹੈ, ਉਹਨਾਂ ਨੂੰ ਭਾਰੀਆਂ ਧਾਤਾਂ ਵੀ ਕਿਹਾ ਜਾਂਦਾ ਹੈ। ਇਹ ਧਾਤਾਂ ਮਿੱਥੀ ਹੱਦ ਤੋਂ ਵੱਧ ਪੌਦਿਆਂ ਅਤੇ ਜੀਵ ਜੰਤੂਆਂ ਨੂੰ ਨੁਕਸਾਨਦਾਇਕ ਹਨ। ਇਹ ਧਾਤਾਂ ਥੋੜ੍ਹੀ ਬਹੁਤੀ ਮਾਤਰਾ ਵਿੱਚ ਹਰ ਜ਼ਮੀਨ ਵਿੱਚ ਹੁੰਦੀਆਂ ਹਨ। ਜ਼ਮੀਨ ਵਿੱਚ ਉੱਗਣ ਵਾਲੇ ਪੌਦੇ ਵਿੱਚ ਵੀ ਤਕਰੀਬਨ 70 ਤੱਤ ਹੁੰਦੇ ਹਨ, ਭਾਵੇਂ ਪੌਦੇ ਲਈ ਜ਼ਰੂਰੀ ਸਿਰਫ 16 ਤੱਤ ਹੀ ਹੁੰਦੇ ਹਨ। ਇਹ ਤੱਤ ਜ਼ਮੀਨ ਵਿੱਚ ਹੁੰਦੇ ਹਨ, ਇਸ ਲਈ ਇਹ ਕੁਝ ਮਾਤਰਾ ਵਿੱਚ ਬੂਟੇ ਨੂੰ ਜ਼ਰੂਰਤ ਨਾ ਹੋਣ ਦੇ ਬਾਵਜੂਦ ਅੰਦਰ ਚਲੇ ਜਾਂਦੇ ਹਨ। ਇਹਨਾਂ ਵਿੱਚੋਂ ਕੁਝ ਤੱਤ ਲੋੜ ਤੋਂ ਵੱਧ ਮਾਤਰਾ ਵਿੱਚ ਜ਼ਹਿਰੀਲੇ ਹਨ ਜੋ ਹੌਲੀ-ਹੌਲੀ ਕੈਂਸਰ ਜਾਂ ਹੋਰ ਬਿਮਾਰੀਆਂ ਦਾ ਕਾਰਨ ਬਣਦੇ ਹਨ।

ਪੰਜਾਬ ਵਿੱਚ ਵੱਖ-ਵੱਖ ਸਾਇੰਸਦਾਨਾਂ ਨੇ ਮਿੱਟੀ ਦੀ ਪਰਖ ਕਰ ਕੇ ਭਾਰੀਆਂ ਧਾਤਾਂ ਦੇ ਜੋ ਅੰਕੜੇ ਦਿੱਤੇ ਹਨ, ਉਹ ਇਸ ਪ੍ਰਕਾਰ ਹਨ: ਐਲੂਮੀਨੀਅਮ 11542 ਮਿਲੀਗ੍ਰਾਮ ਪ੍ਰਤੀ ਕਿਲੋ (ਜਾਂ 10 ਲੱਖ ਵਿੱਚੋਂ ਹਿੱਸੇ), ਲੋਹਾ 1038, ਵਨੇਡੀਅਨ 1289, ਮੈਨਗਨੀਜ਼ 154-422.1, ਸਿੱਕਾ 0.4 ਤੋਂ 118, ਤਾਂਬਾ 0.4 ਤੋਂ 58.1, ਕੋਬਾਲਟ 0.1 ਤੋਂ 19.2, ਨਿਕਲ 3.9 ਤੋਂ 27.9, ਕੈਡਮੀਅਮ 0.1 ਤੋਂ 30.0, ਕਰੋਮੀਅਮ ਨਾਮਾਤਰ (ਪਰਖਿਆ ਨਹੀਂ ਜਾ ਸਕਦਾ) ਤੋਂ 75.7, ਆਰਸੇਨਿਕ 1.7, ਜ਼ਿੰਕ 0.1 ਤੋਂ 98.1 ਮਿਲੀਗ੍ਰਾਮ/ਕਿਲੋ। ਇਹਨਾਂ ਵਿੱਚ ਕੁਝ ਤੱਤ/ਧਾਤਾਂ ਪੌਦਿਆਂ ਲਈ ਜ਼ਰੂਰੀ ਹਨ ਜਿਵੇਂ ਲੋਹਾ, ਤਾਂਬਾ, ਮੈਨਗਨੀਜ਼ ਅਤੇ ਜ਼ਿੰਕ। ਅੱਜ ਤੱਕ ਦੀ ਖੋਜ ਅਨੁਸਾਰ, ਤਕਰੀਬਨ ਸਭ ਨੇ ਇਹੋ ਕਿਹਾ ਕਿ ਉਪਰੋਕਤ ਤੱਤ ਜ਼ਮੀਨ ਵਿੱਚ ਮਿੱਥੀ ਹੱਦ ਤੋਂ ਘੱਟ ਹਨ; ਸਿਰਫ 1-2 ਥਾਵਾਂ ’ਤੇ ਕੈਡਮੀਅਮ ਅਤੇ ਸਿੱਕਾ ਮਿੱਥੀ ਹੱਦ ਤੋਂ ਥੋੜ੍ਹਾ ਵੱਧ ਹਨ।ਤੱਤਾਂ ਦਾ ਜ਼ਮੀਨ ਵਿੱਚ ਸਰੋਤਇਹਨਾਂ ਤੱਤਾ ਦਾ ਮੁੱਖ ਸਰੋਤ ਚੱਟਾਨਾਂ ਹਨ ਜਿਹਨਾਂ ਤੋਂ ਇਹ ਜ਼ਮੀਨ ਬਣੀ ਹੈ; ਭਾਵ, ਮੁੱਖ ਸਰੋਤ ਕੁਦਰਤੀ ਹੈ ਜਾਂ ਕਹਿ ਲਓ ਕਿ ਜ਼ਮੀਨ ਦੀ ਬਣਤਰ ਦਾ ਹਿੱਸਾ ਹਨ; ਜਿਵੇਂ ਚੀਕਣੀ ਮਿੱਟੀ ਨੂੰ ਰਸਾਇਣਿਕ ਵਿਗਿਆਨ ਦੀ ਭਾਸ਼ਾ ਵਿੱਚ ਅਲਮੀਨੋ ਸਿਲੀਕੇਟ (ਐਲੂਮੀਨੀਅਮ ਤੇ ਸਿਲੀਕਾ) ਕਿਹਾ ਜਾਂਦਾ ਹੈ। ਬਾਕੀ ਦੀਆਂ ਧਾਤਾਂ ਇਹਦੇ ਨਾਲ ਜੁੜੀਆਂ ਹੁੰਦੀਆਂ ਹਨ।

ਇਹਨਾਂ ਧਾਤਾਂ ਦਾ ਦੂਜਾ ਸਰੋਤ ਹੈ ਜ਼ਮੀਨ ਵਿੱਚ ਬੰਦੇ ਵੱਲੋਂ ਹਰ ਫਾਲਤੂ ਚੀਜ਼ ਜ਼ਮੀਨ ਵਿੱਚ ਸੁੱਟਣਾ ਜਾਂ ਦੱਬਣਾ। ਮੁੱਖ ਤੌਰ ’ਤੇ ਜਿਨ੍ਹਾਂ ਵੀ ਆਦਮੀਆਂ ਅਤੇ ਜਾਨਵਰਾਂ ਦਾ ਰਹਿਮਦ-ਖੂੰਹਦ ਹੈ, ਉਹ ਸਾਰਾ ਧਰਤੀ ਵਿੱਚ ਹੀ ਜਾਂਦਾ ਹੈ ਜਿਹੜਾ ਬਾਇਓਲਾਜੀਕਲ ਵੇਸਟ ਹੈ, ਉਹ ਧਰਤੀ ਵਿੱਚ ਗਲ ਕੇ ਧਰਤੀ ਦਾ ਹਿੱਸਾ ਬਣ ਜਾਂਦਾ ਹੈ ਪਰ ਜਿਹੜਾ ਵੇਸਟ ਕਾਰਖਾਨਿਆਂ ਦਾ ਹੈ, ਉਹ ਗਲ ਕੇ ਧਰਤੀ ਵਿੱਚ ਸਮਾਉਂਦਾ ਨਹੀਂ ਅਤੇ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ।ਖੇਤੀ ਵਿੱਚ ਵਰਤੋਂ ਵਾਲੇ ਰਸਾਇਣਾਂ ਦਾ ਪ੍ਰਦੂਸ਼ਣਖੇਤੀ ਵਿੱਚ ਦੋ ਤਰ੍ਹਾਂ ਦੇ ਰਸਾਇਣ ਵਰਤੇ ਜਾਂਦੇ ਹਨ। ਬੂਟਿਆਂ ਦੇ ਖੁਰਾਕੀ ਤੱਤ ਜਿਹਨਾਂ ਨੂੰ ਖਾਦਾਂ ਕਹਿੰਦੇ ਹਨ; ਦੂਜੇ ਪੈਸਟੀਸਾਈਡ ਜੋ ਫਸਲ ਨੂੰ ਕੀੜੇ, ਬਿਮਾਰੀਆਂ ਅਤੇ ਨਦੀਨਾਂ ਤੋਂ ਬਚਾਉਣ ਲਈ ਵਰਤੇ ਜਾਂਦੇ ਹਨ। ਖਾਦਾਂ ਮੁੱਖ ਤੌਰ ’ਤੇ ਯੂਰੀਆ, ਡੀਏਪੀ, ਮਿਊਰੇਟ ਆਫ ਪੋਟਾਸ਼ ਅਤੇ ਜ਼ਿੰਕ ਸਲਫੇਟ ਹੀ ਜ਼ਮੀਨ ਵਿੱਚ ਹਨ। ਇਹਨਾਂ ਵਿੱਚ ਭਾਰੀਆਂ ਧਾਤਾਂ ਜ਼ਿੰਕ ਨੂੰ ਛੱਡ ਕੇ ਹੋਰ ਕਿਸੇ ਵੀ ਖਾਦ ਦਾ ਅੰਗ ਨਹੀਂ ਪਰ ਕਿਉਂਕਿ ਡੀਏਪੀ ਅਤੇ ਮਿਊਰੇਟ ਆਫ ਪੋਟਾਸ਼ ਖਾਣਾਂ ਵਿੱਚੋਂ ਲਏ ਖਣਿਜਾਂ ਤੋਂ ਬਣਦੀ ਹੈ, ਇਸ ਕਰ ਕੇ ਉਸ ਦੀ ਸਫਾਈ ਕਰਨ ਵੇਲੇ ਬਹੁਤ ਘੱਟ ਮਾਤਰਾ ਵਿੱਚ ਭਾਰੀਆਂ ਧਾਤਾਂ ਰਹਿ ਸਕਦੀਆਂ ਹਨ। ਯੂਰੀਆ ਵਿੱਚ ਔਸਤ 1.8 ਮਿਲੀਗ੍ਰਾਮ ਪ੍ਰਤੀ ਕਿਲੋ ਸਿੱਕਾ, 2.8 ਮਿਲੀਗ੍ਰਾਮ ਕਰੋਮੀਅਮ, 2.6 ਮਿਲੀਗ੍ਰਾਮ ਨਿਕਲ, 0.25 ਮਿਲੀਗ੍ਰਾਮ ਕੈਡਮੀਅਮ, 0.16 ਮਿਲੀਗ੍ਰਾਮ ਕੋਬਾਲਟ ਹੁੰਦਾ ਹੈ; ਮਤਲਬ, ਸਾਰੀਆਂ ਧਾਤਾਂ ਮਿਲਾ ਕੇ ਵੀ 7.61 ਮਿਲੀਗ੍ਰਾਮ ਪ੍ਰਤੀ ਕਿਲੋ ਬਣਦੀਆਂ ਹਨ; ਭਾਵ, ਜੇ ਤਿੰਨ ਬੋਰੀਆਂ ਯੂਰੀਏ ਦੀਆਂ ਝੋਨੇ ਅਤੇ ਤਿੰਨ ਹੀ ਕਣਕ ਨੂੰ ਪਾਈਏ ਤਾਂ ਸਾਲ ਵਿੱਚ 2 ਗ੍ਰਾਮ ਭਾਰੀਆਂ ਧਾਤਾਂ ਖੇਤ ਵਿੱਚ ਜਾਂਦੀਆਂ ਹਨ।

ਡੀਏਪੀ ਵਿੱਚ ਇਹ ਧਾਤਾਂ ਔਸਤ ਇਸ ਪ੍ਰਕਾਰ ਹਨ: ਸਿੱਕਾ 8.2 ਮਿਲੀਗ੍ਰਾਮ, ਕਰੋਮੀਅਮ 13.0 ਮਿਲੀਗ੍ਰਾਮ, ਨਿਕਲ 14.8 ਮਿਲੀਗ੍ਰਾਮ, ਕੈਡਮੀਅਮ 6.3 ਮਿਲੀਗ੍ਰਾਮ ਅਤੇ ਕੋਬਾਲਟ 8.2 ਮਿਲੀਗ੍ਰਾਮ। ਇਸ ਦੀ ਸਿਫਾਰਸ਼ 50 ਕਿਲੋ ਕਣਕ ਅਤੇ 25 ਕਿਲੋ ਝੋਨੇ ਨੂੰ ਕੀਤੀ ਜਾਂਦੀ ਹੈ। ਇਹ 75 ਕਿਲੋ ਡੀਏਪੀ ਵਿੱਚ 3.8 ਗ੍ਰਾਮ ਬਣਦੀਆਂ ਹਨ; ਭਾਵ, ਦੋਨੋਂ ਤਰ੍ਹਾਂ ਦੀਆਂ ਖਾਦਾਂ ਮਿਲਾ ਕੇ ਵੀ 6 ਗ੍ਰਾਮ ਪ੍ਰਤੀ ਏਕੜ ਹੁੰਦੀਆਂ। ਅੱਗੇ ਇਹ 6 ਗਰਾਮ ਇਕ ਹਜ਼ਾਰ ਟਨ ਮਿੱਟੀ ਵਿੱਚ ਰਲਣਾ ਹੈ ਜਿਸ ਵਿੱਚ ਅਗਾਂਹ ਫਿਰ ਜੀਵਕ ਮਾਦੇ ਅਤੇ ਚੀਕਣੀ ਮਿੱਟੀ ਨੇ ਇਸ ਦੀ ਪਕੜ ਕਰਨੀ ਹੈ। ਇਸ ਲਈ ਖਾਦਾਂ ਵਿੱਚਲੀਆਂ ਭਾਰੀਆਂ ਧਾਤਾਂ ਦਾ ਜ਼ਮੀਨ ਵਿੱਚ ਇਕੱਠਾ ਹੋਣਾ ਅਤੇ ਇਸ ਦਾ ਧਰਤੀ ਹੇਠਲੇ ਪਾਣੀ ਨੂੰ ਖਰਾਬ ਕਰਨ ਜਾਂ ਬੂਟੇ ਵਿੱਚ ਜਾ ਕੇ ਖਰਾਬ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਹੜੇ ਨਾਈਟ੍ਰੇਟ ਪਾਣੀ ਵਿੱਚ ਆਉਂਦੇ ਹਨ, ਉਹ ਬੰਦਿਆਂ ਅਤੇ ਪਸ਼ੂਆਂ ਦੇ ਮਲ ਮੂਤਰ ਤੋਂ ਆਉਂਦੇ ਹਨ, ਖਾਦਾਂ ਤੋਂ ਨਹੀਂ। ਜਿੰਨੀ ਆਬਾਦੀ ਪਿੰਡਾਂ ਅਤੇ ਸ਼ਹਿਰਾਂ ਦੇ ਬਾਹਰਲੇ ਹਿੱਸਿਆਂ ਵਿੱਚ ਰਹਿੰਦੀ ਹੈ, 90 ਪ੍ਰਤੀਸ਼ਤ ਦੇ ਕੱਚੇ ਟੋਏ ਹਨ। ਇਹ ਵੀ ਸਾਹਮਣੇ ਆਇਆ ਹੈ ਕਿ ਪਾਣੀ ਪੱਕਿਆਂ ਵਿਚੋਂ ਵੀ ਰਸਦਾ ਹੈ।

ਵੱਧ ਵਰਤੇ ਜਾਣ ਵਾਲੀਆਂ 6 ਕੀੜੇ ਮਾਰ ਪੈਸਟੀਸਾਈਡਸ ਟੈਸਟ ਕੀਤੀਆਂ ਜਿਨ੍ਹਾਂ ਵਿੱਚ ਸਿੱਕਾ 4.30 ਤੋਂ 15.69 ਮਿਲੀਗ੍ਰਾਮ/ਕਿਲੋ ਅਤੇ ਕੈਡਮੀਅਮ 0.04 ਤੋਂ 0.32 ਮਿਲੀਗ੍ਰਾਮ ਨਿਕਲਿਆ। ਉੱਲੀ ਅਤੇ ਬੈਕਟੀਰੀਆ ਨਾਸ਼ਕ ਫਨਜੀਸਾਈਡ ਵਿੱਚ ਸਿੱਕਾ 5.4 ਤੋਂ 22.3 ਮਿਲੀਗ੍ਰਾਮ ਅਤੇ ਕੈਡਮੀਅਮ 0.05 ਤੋਂ 0.5 ਮਿਲੀਗ੍ਰਾਮ ਦੱਸਿਆ। ਗਿਆ ਹੈ। ਨਦੀਨ ਨਾਸ਼ਕ ਗਲਾਈਫੋਸੇਟ ਵਿੱਚ ਸਿੱਕਾ 2.7 ਮਿਲੀਗ੍ਰਾਮ ਅਤੇ ਕੈਡਮੀਅਮ 0.14 ਮਿਲੀਗ੍ਰਾਮ। ਇਹਨਾਂ ਵਿੱਚ ਜਿਹੜੇ ਜ਼ਹਿਰੀਲੇ ਅਣੂ ਹੁੰਦੇ ਹਨ ਜਿਨ੍ਹਾਂ ਨਾਲ ਕੀੜੇ, ਉੱਲੀ, ਬੈਕਟੀਰੀਆ ਅਤੇ ਨਦੀਨ ਮਰਦੇ ਹਨ, ਉਹ ਬਾਇਓਡੀਗਰੇਡੇਬਲ ਹੁੰਦੇ ਹਨ; ਭਾਵ, ਕਿਸੇ ਵੀ ਜਿਊਂਦੀ ਚੀਜ਼ ਨਾਲ ਲੱਗ ਕੇ ਭਾਵੇਂ ਉਹ ਬੂਟਾ ਹੈ ਜਾਂ ਮਿੱਟੀ, ਉਸ ਦੇ ਅਣੂਆਂ ਵਿੱਚ ਤਬਦੀਲੀ ਆਉਣ ਨਾਲ ਅਸਰ ਸਮੇਂ ਅਨੁਸਾਰ ਘਟਦਾ ਜਾਂਦਾ ਹੈ ਅਤੇ ਜੇ ਇਹ ਸਿਫਾਰਸ਼ ਕੀਤੇ ਢੰਗ ਨਾਲ ਵਰਤੇ ਜਾਣ ਤਾਂ ਇਹ ਨੁਕਸਾਨਦਾਇਕ ਨਹੀਂ। ਜਿਥੋਂ ਤੱਕ ਭਾਰੀਆਂ ਧਾਤਾਂ ਦੀ ਗੱਲ ਹੈ, ਇਹਨਾਂ ਜ਼ਹਿਰਾਂ ਦੀ ਸਿਫਾਰਸ਼ ਕੀਤੀ ਡੋਜ਼ ਬਹੁਤ ਘੱਟ ਹੈ। ਭਾਰਤ ਵਿੱਚ ਇਹਨਾਂ ਦੀ ਖਪਤ 260 ਗ੍ਰਾਮ ਪ੍ਰਤੀ ਹੈਕਟੇਅਰ ਹੈ ਅਤੇ ਪੰਜਾਬ ਵਿੱਚ 740 ਗ੍ਰਾਮ ਪ੍ਰਤੀ ਹੈਕਟੇਅਰ (300 ਗ੍ਰਾਮ ਪ੍ਰਤੀ ਏਕੜ) ਹੈ। ਨਤੀਜਾ, ਕਿਸੇ ਵੀ ਪੈਸਟੀਸਾਈਡ ਦੀ ਵਰਤੋਂ ਨਾਲ 50-60 ਮਿਲੀਗ੍ਰਾਮ ਏਕੜ ਤੋਂ ਵੱਧ ਭਾਰੀਆਂ ਧਾਤਾਂ ਨਹੀਂ ਜਾਂਦੀਆਂ। ਸਿਰਫ ਬੋਰਡੈਕਸ ਮਿਕਸਚਰ ਹੀ ਹੈ ਜਿਸ ਵਿੱਚ ਕਾਪਰ ਸਲਫੇਟ ਸਿੱਧਾ ਪੈਂਦਾ ਹੈ ਪਰ ਇਹ ਸਿਰਫ ਬਾਗਾਂ ਵਿੱਚ ਵਰਤਿਆ ਜਾਂਦਾ ਹੈ। ਇਹ ਬੂਟਿਆਂ ਅਤੇ ਬੰਦਿਆਂ ਦਾ ਖੁਰਾਕੀ ਤੱਤ ਵੀ ਹੈ। ਜ਼ਮੀਨ ਵਿੱਚ ਕਾਪਰ (ਤਾਂਬਾ) ਦਾ ਸਰੂਪ ਕੁਪਰਸ ਤੋਂ ਕੁਪਰਿਕ ਬਣ ਕੇ ਘੁਲਣਸ਼ੀਲਤਾ ਘਟ ਜਾਂਦੀ ਹੈ।ਪਾਣੀਉਦਯੋਗ ਕੋਈ ਵੀ ਹੈ, ਉਹ ਸਾਰੇ ਹੀ ਪਾਣੀ ਖਰਾਬ ਕਰਦੇ ਹਨ। ਕੱਪੜਾ, ਕਾਗਜ਼, ਚਮੜਾ, ਲੋਹਾ, ਇਲੈਕਟ੍ਰੋਪਲੇਟਿੰਗ (ਕਰੋਮੀਅਮ ਤੇ ਨਿਕਲ ਪਾਲਿਸ਼), ਸ਼ਰਾਬ, ਖੰਡ, ਤੇਲ ਸਾਫ ਕਰਨ ਵਾਲੀਆਂ ਰਿਫਾਈਨਰੀਆਂ, ਰੰਗਾਈ ਅਤੇ ਬੈਟਰੀ ਉਦਯੋਗਾਂ ਦੇ ਕਾਰਖਾਨੇ ਆਦਿ ਦੇ ਗੰਦੇ ਪਾਣੀ ਵਿੱਚ ਧਾਤਾਂ ਜਾਂ ਤੱਤ ਹੁੰਦੇ ਹਨ ਜੋ ਮਨੁੱਖੀ ਸਿਹਤ ਲਈ ਹਾਨੀਕਾਰਕ ਹਨ ਪਰ ਅਫਸੋਸ ਦੀ ਗੱਲ ਹੈ ਕਿ ਪਾਣੀ ਦੇ ਪ੍ਰਦੂਸ਼ਣ ਦੇ ਜਿੰਨੇ ਭਿਆਨਕ ਨਤੀਜੇ ਹਨ, ਉਸ ਹਿਸਾਬ ਨਾਲ ਨਾ ਸਰਕਾਰ ਅਤੇ ਨਾ ਹੀ ਨਤੀਜੇ ਭੁਗਤਣ ਵਾਲੇ ਲੋਕ ਸੁਹਿਰਦ ਹਨ। ਕਈ ਵਿਗਿਆਨੀਆਂ ਨੇ ਪਾਣੀ ਦੇ ਨਮੂਨੇ ਲੈ ਕੇ ਪਰਖ ਕੀਤੀ ਅਤੇ ਆਪੋ-ਆਪਣੇ ਅੰਕੜੇ ਪੇਸ਼ ਕੀਤੇ ਹਨ। ਇਕ ਪਰਚਾ ਅਗਸਤ 2021 ਨੂੰ ਜਰਨਲ ਆਫ ਜੀਓਹਾਈਡਰੋਲਜੀ ਵਿੱਚ ਛਪਿਆ। ਇਹ ਪੰਜਾਬ ਵਿੱਚੋਂ ਇਕੱਠੇ ਕੀਤੇ 263 ਨਮੂਨਿਆ ’ਤੇ ਆਧਾਰਿਤ ਹੈ ਜੋ ਅਗਸਤ ਤੋਂ ਅਕਤੂਬਰ 2019 ਵਿੱਚ 5 ਮੀਟਰ ਤੋਂ 350 ਮੀਟਰ ਦੀ ਡੂੰਘਾਈ ਤੋਂ ਲਏ ਸੀ। ਇਹ ਨਮੂਨੇ ਐਲੂਮੀਨੀਅਮ, ਲੋਹਾ, ਮੈਨਗਨੀਜ਼, ਜ਼ਿੰਕ, ਤਾਂਬਾ, ਕਰੋਮੀਅਮ, ਕੈਡਮੀਅਮ, ਨਿਕਲ ਅਤੇ ਸਿੱਕੇ ਲਈ ਟੈਸਟ ਕੀਤੇ। ਇਸ ਪਰਚੇ ਮੁਤਾਬਕ ਉਸੇ ਵੇਲੇ ਇਕੱਠੇ ਕੀਤੇ ਸਾਰੇ ਪਾਣੀ ਪੀਣ ਯੋਗ ਸਨ।

ਇਕ ਹੋਰ ਪਰਚਾ 2021 ਵਿੱਚ ਹੀ ਛਪਿਆ ਜਿਸ ਅਨੁਸਾਰ ਬਠਿੰਡੇ ਜ਼ਿਲ੍ਹੇ ਵਿੱਚੋਂ 19 ਨਮੂਨੇ ਲਏ। ਇਹ ਨਮੂਨੇ ਮਰਕਰੀ (ਪਾਰਾ), ਕਰੋਮੀਅਮ, ਆਰਸੇਨਿਕ, ਸੀਲੀਨੀਅਮ ਅਤੇ ਕੈਡਮੀਅਮ ਲਈ ਪਰਖੇ ਗਏ; ਕਰੋਮੀਅਮ ਅਤੇ ਪਾਰਾ ਸਾਰੇ ਨਮੂਨਿਆਂ ਵਿੱਚ ਮਿੱਥੀ ਹੱਦ ਤੋਂ ਵੱਧ ਸਨ। ਆਰਸੇਨਿਕ ਅਤੇ ਕੈਡਮੀਅਮ ਸਾਰੇ ਨਮੂਨਿਆਂ ਵਿੱਚ ਮਿੱਥੀ ਹੱਦ ਤੋਂ ਘੱਟ ਹੈ। ਸੀਲੀਨੀਅਮ ਸਿਰਫ ਦੋ ਨਮੂਨਿਆਂ ਵਿੱਚ ਮਿੱਥੇ ਤੋਂ ਵੱਧ ਹੈ। ਇਕ ਹੋਰ ਖੋਜ ਪੱਤਰ ਅਨੁਸਾਰ ਮਾਝੇ ਦੇ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਦੇ ਧਰਤੀ ਹੇਠਲੇ ਪਾਣੀਆਂ ਵਿੱਚ ਨਾਈਟ੍ਰੇਟ ਅਤੇ ਲੋਹਾ ਮਿੱਥੀ ਹੱਦ ਤੋਂ ਵੱਧ ਹੈ। ਤਿੰਨ ਜ਼ਿਲ੍ਹਿਆਂ ਵਿੱਚ ਆਰਸੇਨਿਕ (ਪਠਾਨਕੋਟ ਤੋਂ ਬਿਨਾਂ), ਦੋ ਜ਼ਿਲ੍ਹਿਆ ਤਰਨ ਤਾਰਨ ਅਤੇ ਅੰਮ੍ਰਿਤਸਰ ਵਿੱਚ ਯੂਰੇਨੀਅਮ ਵੱਧ ਹੈ। ਨਤੀਜਾ, ਪਾਣੀ ਵਿੱਚ ਰਸਾਇਣ ਜਗ੍ਹਾ ਅਤੇ ਡੂੰਘਾਈ ਨਾਲ ਬਦਲਦੇ ਹਨ।

## ਦਰਿਆਵਾਂ/ਨਹਿਰਾਂ ਦਾ ਪਾਣੀ

ਦਰਿਆਵਾਂ ਅਤੇ ਨਹਿਰਾਂ ਦੇ ਪਾਣੀ ਨੂੰ ਸਭ ਤੋਂ ਵੱਧ ਮਨੁੱਖ ਨੇ ਖਰਾਬ ਕੀਤਾ। ਪਹਾੜਾਂ ਦੀ ਆਬਾਦੀ ਦਾ ਮਲਮੂਤਰ, ਹੋਰ ਕੂੜਾ ਕਰਕਟ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਮੀਂਹਾਂ ਨਾਲ ਰੁੜ੍ਹ ਕੇ ਨਦੀਆਂ ਨਾਲਿਆਂ ਵਿੱਚ ਦੀ ਹੋ ਕੇ ਸਤਲੁਜ, ਬਿਆਸ ਅਤੇ ਰਾਵੀ ਦਾ ਹਿੱਸਾ ਬਣਦਾ ਹੈ। ਜਿੰਨੀਆਂ ਫੈਕਟਰੀਆਂ ਅਤੇ ਹੋਟਲ ਸਨਅਤ ਹੈ, ਸਾਰੀ ਦੀ ਸਾਰੀ ਪਾਣੀ ਦੇ ਸਰੋਤਾਂ ਉੱਪਰ ਨਿਭਰ ਹੈ। ਇਸੇ ਤਰ੍ਹਾਂ ਪੰਜਾਬ ਦੇ ਜਿੰਨੇ ਸ਼ਹਿਰ ਹਨ, ਤਕਰੀਬਨ ਸਾਰਿਆਂ ਦਾ ਗੰਦਾ ਪਾਣੀ ਡਰੇਨਾਂ ਰਾਹੀਂ ਘੁੰਮ ਫਿਰ ਕੇ ਜਾਂ ਧਰਤੀ ਵਿੱਚ ਜਾਂਦਾ ਹੈ ਜਾਂ ਦਰਿਆਵਾਂ ਵਿੱਚ। ਲੁਧਿਆਣੇ ਦਾ ਸੀਵਰ ਨਿਕਾਸ ਬੁੱਢੇ ਨਾਲੇ ਵਿੱਚੀਂ ਹੋ ਕੇ ਸਤਲੁਜ ਵਿੱਚ ਪੈਂਦਾ ਹੈ ਜਿਸ ਵਿੱਚ ਸਿੱਕਾ, ਕੈਡਮੀਅਮ, ਕੋਬਾਲਟ, ਕਰੋਮੀਅਮ, ਜ਼ਿੰਕ ਤੇ ਨਿਕਲ ਸੰਸਾਰ ਸਿਹਤ ਸੰਸਥਾ ਦੀਆਂ ਮਿੱਥੀਆਂ ਹੱਦਾਂ ਤੋਂ ਵੱਧ ਹਨ।ਸੀਵਰ ਸੋਧ ਪਲਾਂਟਜਿਹੜੇ ਸੀਵਰੇਜ ਸੋਧ ਪਲਾਂਟ ਲੱਗੇ ਹਨ, ਉਹ ਸਿਰਫ ਪਾਣੀ ਨੂੰ ਆਕਸੀਜੀਨੇਟ (ਬੀਓਡੀ ਘਟਾਉਂਦੇ) ਕਰਦੇ ਹਨ ਅਤੇ ਸਲੱਜ ਅੱਡ ਕਰਦੇ ਹਨ। ਪਾਣੀ ਵਿੱਚੋਂ ਨਾ ਭਾਰੀਆਂ ਧਾਤਾਂ ਬਾਹਰ ਕੱਢੀਆਂ ਜਾਂਦੀਆਂ ਹਨ, ਨਾ ਹੀ ਕਲੋਰੀਨੇਟ ਕਰ ਕੇ ਬਿਮਾਰੀਆਂ ਦੇ ਕੀਟਾਣੂ ਮਾਰੇ ਜਾਂਦੇ ਹਨ। ਅੱਜ ਕੱਲ ਫੈਕਟਰੀਆਂ ਵਾਲਿਆਂ ਨੇ ਨਵਾਂ ਰਾਹ ਲੱਭਿਆ ਹੈ- ਵਾਟਰ ਹਾਰਵੇਸਟਿੰਗ ਦੇ ਨਾਮ ’ਤੇ ਬੋਰ ਕਰ ਕੇ ਗੰਦਾ ਪਾਣੀ ਧਰਤੀ ਹੇਠਾਂ ਸੁੱਟਿਆ ਜਾ ਰਿਹਾ ਹੈ।

## ਕੈਂਸਰ ਅਤੇ ਹੋਰ ਬਿਮਾਰੀਆਂ ਦੇ ਕਾਰਨ

ਬੁੱਢੇ ਨਾਲੇ ਦਾ ਪਾਣੀ ਬਹੁਤ ਪ੍ਰਦੂਸ਼ਤ ਹੈ ਜਿਸ ਵਿੱਚ ਲੁਧਿਆਣੇ ਦੀ 30 ਲੱਖ ਦੀ ਆਬਾਦੀ ਦਾ ਮਲਮੂਤਰ ਅਤੇ ਤਾਜਪੁਰ ਤੇ ਹੈਬੋਵਾਲ ਦੀਆਂ ਡੇਅਰੀਆਂ ਦਾ ਗੋਹਾ ਹੋਣ ਕਰ ਕੇ ਇਸ ਵਿੱਚ ਭਿਆਨਕ ਬਿਮਾਰੀਆਂ ਨੂੰ ਜਨਮ ਦੇਣ ਵਾਲੇ ਜ਼ਰਮ ਪਲਦੇ ਹਨ। ਇਸ ਵਿੱਚ ਫੈਕਟੀਰੀਆ ਦਾ ਗੰਦਾ ਪਾਣੀ ਵੀ ਨਿਕਾਸ ਕੀਤਾ ਜਾਂਦਾ ਹੈ ਜਿਸ ਵਿੱਚ ਸਿੱਕਾ, ਨਿਕਲ, ਕੈਡਮੀਅਮ ਤੇ ਕਰੋਮੀਅਮ ਵਰਗੀਆਂ ਭਾਰੀਆਂ ਧਾਤਾਂ ਵੀ ਸੰਸਾਰ ਸਿਹਤ ਸੰਸਥਾ ਦੀ ਮਿੱਥੀ ਮਾਤਰਾ ਤੋਂ ਵੱਧ ਹੁੰਦੀਆਂ ਹਨ। ਇਹੋ ਪਾਣੀ ਸਤਲੁਜ ਦਰਿਆ ਵਿੱਚ ਮਿਲ ਕੇ ਹਰੀਕੇ ਪੱਤਣ ਤੋਂ ਨਿਕਲਦੀਆਂ ਨਹਿਰਾਂ ਰਾਹੀਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਲੋਕਾਂ ਨੂੰ ਪੀਣ ਲਈ ਦਿੱਤਾ ਜਾਂਦਾ ਹੈ ਅਤੇ ਇਹੋ ਧਾਤਾਂ ਸਰੀਰ ਵਿੱਚ ਜਾ ਕੇ ਕੈਂਸਰ ਦਾ ਕਾਰਨ ਬਣਦੀਆਂ ਹਨ। ਸੀਵਰੇਜ ਵਿੱਚ ਜਰਮ (ਬੈਕਟੀਰੀਆ ਆਦਿ) ਟੀਬੀ, ਪੇਟ ਅਤੇ ਚਮੜੀ ਰੋਗ ਵਰਗੀਆਂ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ।

ਪੰਜਾਬ ਵਿੱਚ ਤਕਨੀਕੀ ਖੇਤੀ ਕਰਨ ਨਾਲ ਪੰਜਾਬ ਦੀ ਜ਼ਮੀਨ ਦੀ ਸਿਹਤ ਖਰਾਬ ਨਹੀਂ ਹੋਈ ਸਗੋਂ ਸੁਧਰੀ ਹੈ। ਇਸੇ ਕਰ ਕੇ ਫਸਲਾਂ ਦੇ ਝਾੜ ਵਧ ਰਹੇ ਹਨ। ਨਾ ਹੀ ਖੇਤੀ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਕੋਈ ਨੁਕਸਾਨ ਪਹੁੰਚਿਆ ਹੈ, ਨਾ ਇੱਥੇ ਪੈਦਾ ਹੋਣ ਵਾਲੇ ਅਨਾਜ ਵਿੱਚ ਕੋਈ ਕਮੀ ਹੈ। ਇੱਥੇ ਪੈਦਾ ਕੀਤੇ ਚੌਲ ਅਤੇ ਬਾਸਮਤੀ ਬਾਹਰਲੇ ਦੇਸ਼ ਖਰੀਦਦੇ ਹਨ, ਉਹ ਕਮਲੇ ਨਹੀਂ। ਇਹ ਕਿਸੇ ਸੋਚੀ ਸਮਝੀ ਸਾਜ਼ਿਸ਼ ਤਹਿਤ ਫੈਕਟਰੀਆਂ ਦੇ ਪ੍ਰਦੂਸ਼ਣ ਤੋਂ ਐੱਨਜੀਟੀ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਧਿਆਨ ਪਾਸੇ ਹਟਾਉਣ ਲਈ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਸੀਵਰ ਦੇ ਪਾਣੀ ਨੂੰ ਸਾਫ ਕਰ ਕੇ ਅੱਡ ਨਹਿਰ ਕੱਢ ਕੇ ਸਿੰਜਾਈ ਲਈ ਵਰਤਣ ਨੂੰ ਦੇਣ। ਮਾਲਵੇ ਨੂੰ ਮਾਲਵਾ ਨਹਿਰ ਤੋਂ ਪਹਿਲਾਂ ਪੀਣ ਵਾਲੇ ਸਾਫ ਪਾਣੀ ਦੀ ਲੋੜ ਹੈ।

# ਧੀਮੀ ਮੌਤ ਦੇ ਪ੍ਰਕੋਪ ਹੇਠ ਤਾਂ ਨਹੀਂ ਜਿਉਂ ਰਹੇ ਅਸੀਂ ?

ਲਿਖਤ : ਗੁਰਚਰਨ ਸਿੰਘ ਨੂਰਪੁਰ
ਸੰਪਰਕ - ਜ਼ੀਰਾ ਮੋ: - 98550-51099



ਹੁਣ ਅਸੀਂ ਜਦੋਂ ਵੀ ਆਪਣੇ ਆਹਾਰ ਲਈ ਬਾਜ਼ਾਰ ਚੋਂ ਕੁਝ ਖਰੀਦਣ ਜਾਂਦੇ ਹਾਂ ਤਾਂ ਕੁਝ ਕੁ ਮਾਤਰਾ ਜ਼ਹਿਰ ਦੀ ਵੀ ਖਰੀਦ ਕੇ ਲਿਆਉਂਦੇ ਹਾਂ। ਮਨੁੱਖ ਦੇ ਲਾਲਚਾਂ ਖ਼ੁਦਗਰਜ਼ੀਆਂ ਅਤੇ ਮੁਨਾਫ਼ਿਆਂ ਦੀ ਬਦੌਲਤ ਅਸੀਂ ਸਾਰੇ ਧੀਮੀ ਮੌਤ ਮਰ ਰਹੇ ਹਾਂ ਅਤੇ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਜਾ ਰਹੇ ਹਾਂ। ਹਰ ਸਾਲ ਹਜ਼ਾਰਾਂ ਟਨ ਸਪਰੇਅ ਕੀਟਾਂ ਨੂੰ ਮਾਰਨ ਲਈ ਫ਼ਸਲਾਂ, ਅਨਾਜਾਂ ਅਤੇ ਫਲਾਂ 'ਤੇ ਕੀਤੀ ਜਾਂਦੀ ਹੈ। ਜ਼ਹਿਰਾਂ ਦੇ ਛਿੜਕਾਅ ਲਈ ਛੋਟੀਆਂ ਹੱਥ ਨਾਲ ਚੱਲਣ ਵਾਲੀਆਂ ਮਸ਼ੀਨਾਂ ਦਾ ਯੁੱਗ ਬੀਤ ਰਿਹਾ ਹੈ। ਹੁਣ ਦਵਾਈਆਂ ਦੇ ਛਿੜਕਾਅ ਲਈ ਹੈਲੀਕਾਪਟਰਾਂ ਦੀ ਵਰਤੋਂ ਹੋਣ ਲੱਗੀ ਹੈ। ਭਾਰਤ ਵਿਚ ਹੀ ਨਹੀਂ ਦੁਨੀਆ ਦੇ ਵਿਕਸਤ ਦੇਸ਼ਾਂ ਵਿਚ ਵੀ ਕੀਟਨਾਸ਼ਕਾਂ ਦੇ ਬੁਰੇ ਪ੍ਰਭਾਵਾਂ ਨੂੰ ਪ੍ਰਤੱਖ ਦੇਖਿਆ ਜਾ ਸਕਦਾ ਹੈ। ਅਨਾਜ, ਫਲ, ਸਬਜ਼ੀਆਂ ਭਵਿੱਖ ਵਿਚ ਅਮੀਰਾਂ ਲਈ ਹੋਰ ਤੇ ਗਰੀਬਾਂ ਲਈ ਹੋਰ ਹੋਣਗੀਆਂ। ਪੂਰੀ ਦੁਨੀਆ ਵਿਚ ਜੇਕਰ ਕੀਟਨਾਸ਼ਕ ਬਣਾਉਣ ਦਾ ਸਾਰਾ ਕਾਰੋਬਾਰ ਬੰਦ ਹੋ ਜਾਵੇ ਤਾਂ ਵੀ ਸਾਡੀ ਇਹ ਧਰਤੀ ਮਨੁੱਖਾਂ ਸਮੇਤ ਸਭ ਜੀਵਾਂ ਲਈ ਢੁੱਕਵੀਂ ਖ਼ੁਰਾਕ ਪੈਦਾ ਕਰਨ ਦੇ ਸਮਰੱਥ ਹੈ। ਵਿਕਸਿਤ ਦੇਸ਼ਾਂ ਸਮੇਤ ਦੁਨੀਆ ਦੇ ਹੋਰ ਮੁਲਕਾਂ ਵਿਚ ਵੀ ਜ਼ਹਿਰਾਂ ਦੀ ਖਪਤ ਦਾ ਵਰਤਾਰਾ ਆਮ ਕਿਉਂ ਹੋ ਗਿਆ ਹੈ? ਸਾਨੂੰ ਸਮਝਣਾ ਹੋਵੇਗਾ ਕਿ ਇਸ ਪਿੱਛੇ ਖਾਸ ਕਾਰਨ ਕੀ ਹਨ?

ਸੰਨ 1962 ਵਿਚ ਅਮਰੀਕੀ ਲੇਖਕਾ ਤੇ ਵਿਗਿਆਨੀ ਰਿਚਲ ਕਾਰਸਨ ਦੀ ਕਿਤਾਬ ਆਈ 'ਸਾਇਲੈਂਟ ਸਪਰਿੰਗ।' ਸਾਇਲੈਂਟ ਸਪਰਿੰਗ ਦਾ ਅਰਥ ਇਹ ਲਿਆ ਜਾਂਦਾ ਹੈ ਕਿ ਭਵਿੱਖ ਵਿਚ ਬਸੰਤ ਤਾਂ ਹੋਵੇਗੀ ਪਰ ਇਹ ਖਾਮੋਸ਼ ਹੋਵੇਗੀ। ਬਹਾਰ ਹੋਵੇਗੀ ਪਰ ਚਿੜੀਆਂ ਨਹੀਂ ਗਾਉਣਗੀਆਂ। ਇਸ ਕਿਤਾਬ ਨਾਲ ਪੂਰੀ ਦੁਨੀਆਂ ਵਿਚ ਤਹਿਲਕਾ ਮਚ ਗਿਆ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਡੀ ਡੀ ਟੀ ਅਤੇ ਹੋਰ ਕੀਟਨਾਸ਼ਕ ਵਰਤੋਂ ਵਿਚ ਲਿਆਂਦੇ ਗਏ। ਦੂਜੇ ਵਿਸ਼ਵ ਯੁੱਧ ਵਿਚ ਲੜਾਕੇ ਜਿੱਥੇ ਦੂਰ ਦੁਰਾਡੇ ਜੰਗਲੀ ਇਲਾਕਿਆਂ ਵਿਚ ਤੰਬੂ ਲਾ ਕੇ ਰਹਿੰਦੇ ਸਨ ਜਾਂ ਹੋਰ ਯੁੱਧ ਲੜਨ ਵਾਲੀਆਂ ਕਠਨ ਥਾਵਾਂ 'ਤੇ ਜਾਂਦੇ ਸਨ, ਉੱਥੇ ਉਹ ਮੱਛਰਾਂ, ਮੱਖੀਆਂ ਅਤੇ ਛੋਟੇ ਕੀੜੇ ਮਕੌੜਿਆਂ ਨੂੰ ਮਾਰਨ ਲਈ ਇਨ੍ਹਾਂ ਕੈਮੀਕਲਾਂ ਦੀ ਵਰਤੋਂ ਕਰਦੇ ਸਨ। ਸੰਨ 1945 ਵਿਚ ਯੁੱਧ ਖ਼ਤਮ ਹੋ ਗਿਆ ਤੇ ਇਹ ਵੱਡੀ ਰਸਾਇਣਕ ਸਨਅਤ ਅਤੇ ਇਸ ਦੀ ਪੈਦਾਵਾਰ ਪੂਰੀ ਤਰ੍ਹਾਂ ਬੇਲੋੜੀ ਹੋ ਗਈ। ਅਮਰੀਕਾ ਦੇ ਨੀਤੀ ਘਾੜਿਆਂ ਨੇ ਸੋਚਿਆ ਕਿ ਇੰਨਾ ਵੱਡਾ ਸਰਮਾਇਆ ਲਾ ਕੇ ਇਹ ਸਨਅਤ ਖੜ੍ਹੀ ਕੀਤੀ ਹੈ ਇਹ ਸਭ ਕੁਝ ਬਰਬਾਦ ਹੋ ਜਾਵੇਗਾ ਤਾਂ ਬੜੀ ਘਾਟੇ ਵਾਲੀ ਗੱਲ ਹੋਵੇਗੀ। ਸੋਚ ਵਿਚਾਰ ਮਗਰੋਂ ਮੁਨਾਫ਼ੇ ਦੀ ਹਵਸ ਨੇ ਇਸ ਨੂੰ ਰੋਜ਼ਾਨਾਂ ਜੀਵਨ ਦੀ ਲੋੜ ਬਣਾਉਣ ਦੀ ਖ਼ਤਰਨਾਕ ਖੇਡ ਖੇਡਣੀ ਸ਼ੁਰੂ ਕੀਤੀ। ਇਨ੍ਹਾਂ ਫੈਕਟਰੀਆਂ ਵਿਚ ਬਣਦੇ ਰਸਾਇਣਾਂ ਦੀ ਵਰਤੋਂ ਖੇਤਾਂ ਵਿਚਲੇ ਕੀਟ ਪਤੰਗੇ ਕੀੜੇ ਮਕੌੜਿਆਂ ਨੂੰ ਮਾਰਨ ਲਈ ਕੀਤੀ ਜਾਣ ਲੱਗੀ। ਕੁਝ ਹੀ ਸਾਲਾਂ ਵਿਚ ਇਹ ਪਹਿਲਾਂ ਨਾਲੋਂ ਹਜ਼ਾਰ ਗੁਣਾਂ ਵਧ ਇੱਕ ਵੱਡੀ ਸਨਅਤ ਬਣ ਗਈ। ਪੂਰੀ ਦੁਨੀਆਂ ਵਿਚ ਇਸ ਦਾ ਵੱਡੀ ਪੱਧਰ 'ਤੇ ਪ੍ਰਚਾਰ ਕੀਤਾ ਗਿਆ। ਪ੍ਰਚਾਰ ਇਹ ਵੀ ਕੀਤਾ ਗਿਆ ਕਿ ਇਨ੍ਹਾਂ ਰਸਾਇਣਕ ਸਪਰੇਆਂ ਨਾਲ ਫਸਲਾਂ ਦੀ ਪੈਦਾਵਾਰ ਵਧ ਰਹੀ ਹੈ। ਇਹ ਪ੍ਰਚਾਰ ਵੀ ਕੀਤਾ ਗਿਆ ਕਿ ਇਸ ਦਾ ਤੁਰੰਤ ਫਾਇਦਾ ਮਿਲ ਰਿਹਾ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਅਨਾਜ ਪੈਦਾ ਕਰਨ ਵਾਲੀ ਜੋ ਮਿੱਟੀ ਸੀ ਉਹ ਜ਼ਹਿਰੀਲੀ ਹੋ ਗਈ। ਸਾਡੀ ਭੋਜਨ ਲੜੀ ਪੂਰੀ ਤਰ੍ਹਾਂ ਗੜਬੜਾ ਗਈ। ਪੈਦਾਵਾਰ ਕੁਝ ਹੱਦ ਤੱਕ ਵਧ ਵੀ ਗਈ। ਪਰ ਭੋਜਨ ਲੜੀ ਵਿਚ ਜ਼ਹਿਰਾਂ ਦਾ ਪ੍ਰਵੇਸ਼ ਹੋ ਗਿਆ। ਰਿਚਲ ਨੇ ਆਪਣੀ ਕਿਤਾਬ ਵਿਚ ਪੂਰੀ ਦੁਨੀਆਂ ਨੂੰ ਦੱਸਿਆ ਕਿ ਰਸਾਇਣਕ ਜ਼ਹਿਰਾਂ ਦੀ ਪੈਦਾਵਾਰ ਕਰਕੇ ਅਸੀਂ ਸਾਰੇ ਇੱਕ ਧੀਮੀ ਮੌਤ ਵੱਲ ਵਧ ਰਹੇ ਹਾਂ। ਇਹ ਧਰਤੀ ਦੇ ਜੀਵਨ ਲਈ ਖ਼ਤਰਨਾਕ ਹੈ। ਇਹ ਕਿਤਾਬ ਜੋ ਅੱਜ ਦੇ ਸਮੇਂ ਵਿਚ ਪਹਿਲਾਂ ਨਾਲੋਂ ਵਧੇਰੇ ਸਾਰਥਕ ਹੈ ਦੇ ਛਪਣ ਮਗਰੋਂ ਰਿਚਲ ਨੂੰ ਰਸਾਇਣਕ ਸਨਅਤ ਵਲੋਂ ਮੌਤ ਦੀਆਂ ਧਮਕੀਆਂ ਮਿਲਣ ਲੱਗੀਆਂ। ਉਹਨੂੰ ਇਹ ਵੀ ਕਿਹਾ ਗਿਆ ਕਿ ਉਹ ਇੱਕ ਪਾਗਲ ਔਰਤ ਹੈ। ਉਸ ਸਮੇਂ ਦੇ ਰਾਸ਼ਟਰਪਤੀ ਜੌਹਨ ਕੈਨੇਡੀ ਨੇ ਖੁਦ ਉਹ ਕਿਤਾਬ ਪੜ੍ਹੀ। ਇਸ ਕਿਤਾਬ ਨੇ ਕਰੋੜਾਂ ਲੋਕਾਂ ਦੀ ਸੋਚ ਬਦਲੀ। ਅਮਰੀਕਾ ਅਤੇ ਯੂਰਪ ਵਿਚ ਇਸ ਸਮੇਂ ਜੋ ਵਾਤਾਵਰਨ ਦਾ ਚਿੰਤਨ ਸ਼ੁਰੂ ਹੋਇਆ ਉਸਦਾ ਸਰੋਤ ਰਿਚਲ ਕਾਰਸਨ ਦੀ ਇਹੋ ਕਿਤਾਬ ਹੈ। ਪ੍ਰਦੂਸ਼ਣ ਦੇ ਮਾਰੂ ਪ੍ਰਭਾਵ ਹੌਲੀ ਹੌਲੀ ਜਨ ਜੀਵਨ 'ਤੇ ਅਸਰ ਕਰਦੇ ਹਨ ਅਤੇ ਇਹ ਇੱਕ ਖਿੱਤੇ ਤੋਂ ਹੋਰ ਅਗਾਂਹ ਫੈਲਣ ਲਗਦੇ ਹਨ।

ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਦਾ ਨਤੀਜਾ ਇਹ ਹੈ ਕਿ ਇਹ ਹੁਣ ਸਾਡੀ ਭੋਜਨ ਲੜੀ, ਮਨੁੱਖ ਅਤੇ ਹੋਰ ਜੀਵ ਜੰਤੂਆਂ, ਜਲਜੀਵਾਂ ਇੱਥੋਂ ਤੱਕ ਕਿ ਮਾਂ ਦੇ ਦੁੱਧ ਵਿਚ ਵੀ ਸ਼ਾਮਿਲ ਹੋ ਚੁੱਕੇ ਹਨ। ਕੀਟ ਨਾਸ਼ਕਾਂ ਦੀ ਅੰਨ੍ਹੀ ਵਰਤੋਂ ਬੱਚਿਆਂ ਦੇ ਦਿਮਾਗ ਅਤੇ ਸਰੀਰ 'ਤੇ ਵੱਖਰੀ ਵੱਖਰੀ ਤਰ੍ਹਾਂ ਦੇ ਪ੍ਰਭਾਵ ਪਾ ਰਹੀ ਹੈ, ਅੱਜ ਦੇ ਦੌਰ ਵਿਚ ਫਲ ਸਬਜ਼ੀਆਂ ਅਨਾਜ ਜੋ ਵੀ ਅਸੀਂ ਖਾ ਰਹੇ ਹਾਂ ਉਸ ਵਿਚ ਕੀਟ ਨਾਸ਼ਕਾਂ ਦੇ ਕੁਝ ਨਾ ਕੁਝ ਅੰਸ਼ ਜ਼ਰੂਰ ਹੁੰਦੇ ਹਨ। ਇਹ ਕੀਟਨਾਸ਼ਕ ਹੌਲੀ ਹੌਲੀ ਸਾਡੇ ਸਰੀਰ ਵਿਚ ਜਮ੍ਹਾਂ ਹੁੰਦੇ ਹਨ ਅਤੇ ਮਗਰੋਂ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪੈਦਾ ਕਰਦੇ ਹਨ। ਕੀਟਨਾਸ਼ਕਾਂ ਨੂੰ ਛੂਹਣ, ਸੁੰਘਣ ਨਾਲ ਵੀ ਸਾਡੇ (ਸੈਂਟਰਲ ਨਰਵਸ ਸਿਸਟਮ) ਸਰੀਰ ਦੀ ਕੇਂਦਰੀ ਤੰਤਰ ਪ੍ਰਣਾਲੀ 'ਤੇ ਬੁਰੇ ਪ੍ਰਭਾਵ ਪੈਂਦੇ ਹਨ। ਇਸ ਨਾਲ ਸਰੀਰ ਦੇ ਮਹੱਤਵ ਪੂਰਨ ਅੰਗ ਜਿਵੇਂ ਫੇਫੜੇ, ਗੁਰਦੇ,ਦਿਲ, ਲਿਵਰ ਸਬੰਧੀ ਬਿਮਾਰੀਆਂ ਪੈਦਾ ਹੋਣ ਲਗਦੀਆਂ ਹਨ। ਇਸ ਨਾਲ ਕਈ ਤਰ੍ਹਾਂ ਦੇ ਕੈਂਸਰ ਵੀ ਪੈਦਾ ਹੋਣ ਲਗਦੇ ਹਨ। ਇੱਥੋਂ ਤੱਕ ਛੋਟੇ ਬੱਚਿਆਂ ਨੂੰ ਕੈਂਸਰ ਅਤੇ ਚਮੜੀਆਂ ਸਬੰਧੀ ਬਿਮਾਰੀਆਂ ਹੋਣ ਲਗਦੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਕੀਟਨਾਸ਼ਕਾਂ ਦੀ ਵਰਤੋਂ ਕਈ ਗੁਣਾਂ ਵਧ ਗਈ ਹੈ। ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨੇ ਧਰਤੀ ਦੇ ਨਾਜ਼ੁਕ ਤਾਣੇ ਬਾਣੇ ਨੂੰ ਤਹਿਸ ਨਹਿਸ ਕਰਕੇ ਰੱਖ ਦਿੱਤਾ ਹੈ। ਇਸ ਨਾਲ ਕੀਟ ਪਤੰਗੇ ਫਸਲਾਂ ਲਈ ਸਹਿਯੋਗ ਕਰਨ ਵਾਲੇ ਛੋਟੇ ਜੀਵ ਜੰਤੂ ਵੀ ਹਾਨੀਕਾਰਕ ਕੀਟ ਪਤੰਗਾਂ ਤੋਂ ਇਲਾਵਾ ਫਸਲਾਂ ਲਈ ਪ੍ਰਭਾਵਿਤ ਹੋਏ ਹਨ। ਪਸ਼ੂ ਪੰਛੀ ਅਤੇ ਜਲ ਜੀਵ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇੱਕ ਬਰੀਕ ਗੱਲ ਜਿਸ ਨੂੰ ਸਮਝਿਆ ਨਹੀਂ ਜਾ ਰਿਹਾ ਉਹ ਇਹ ਹੈ ਕਿ ਪਰਾਗਣ ਕਰਨ ਵਾਲੇ ਜੀਵ ਜਿਵੇਂ ਮਧੂਮੱਖੀਆਂ ਤਿਤਲੀਆਂ ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨਾਲ ਵੱਡੀ ਗਿਣਤੀ ਵਿਚ ਮਰ ਜਾਂਦੇ ਹਨ। ਇਸ ਨਾਲ ਫਸਲਾਂ ਅਤੇ ਫਲਾਂ ਦੇ ਉਤਪਾਦਨ 'ਤੇ ਉਲਟਾ ਪ੍ਰਭਾਵ ਵੀ ਪੈਂਦਾ ਹੈ। ਦੂਜੀ ਸਮਝਣ ਵਾਲੀ ਗੱਲ ਇਹ ਹੈ ਕਿ ਖ਼ਤਰਨਾਕ ਕੀਟਨਾਸ਼ਕਾਂ ਦੇ ਛਿੜਕਾਅ ਦੇ ਬਾਵਜੂਦ ਵੀ ਕੁਝ ਕੀਟ ਪਤੰਗੇ ਕੁਝ ਵਿਸ਼ੇਸ਼ ਕਾਰਨਾਂ ਕਰਕੇ ਬਚੇ ਰਹਿ ਜਾਂਦੇ ਹਨ ਅਤੇ ਇਹ ਆਪਣੀ ਅਗਲੀ ਨਸਲ ਵਿਚ ਪ੍ਰਤੀਰੋਧਕ ਸ਼ਕਤੀ ਪੈਦਾ ਕਰ ਲੈਂਦੇ ਹਨ ਅਤੇ ਇਨ੍ਹਾਂ 'ਤੇ ਕੀਟਨਾਸ਼ਕ ਬੇਅਸਰ ਹੋਣ ਲਗਦੇ ਹਨ। ਕੀਟਨਾਸ਼ਕਾਂ ਦੇ ਹਵਾ ਵਿਚ ਮਿਲਦੇ ਅੰਸ਼ ਧਰਤੀ ਉਪਰਲੇ ਜੀਵਨ ਨੂੰ ਧੀਮੀ ਮੌਤ ਬਣ ਕੇ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ। ਮਿੱਟੀ ਵਿਚ ਪਏ ਇਨ੍ਹਾਂ ਦੇ ਅੰਸ਼ ਧਰਤੀ ਹੇਠਲੇ ਪਾਣੀ ਦੇ ਨਾਲ ਬਾਰਸ਼ਾਂ ਦੇ ਪਾਣੀ ਨਾਲ ਨਦੀਆਂ ਨਾਲਿਆਂ ਵਿਚ ਜਾ ਮਿਲਦੇ ਹਨ ਅਤੇ ਦਰਿਆਈ ਤੇ ਸਮੁੰਦਰੀ ਪਾਣੀਆਂ ਨੂੰ ਪ੍ਰਭਾਵਿਤ ਕਰ ਰਹੇ ਹਨ। ਪਾਣੀ ਦੇ ਪਲੀਤ ਹੋਣ ਨਾਲ ਮਨੁੱਖ ਸਮੇਤ ਦੂਜੇ ਜੀਅ ਜੰਤ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ।

ਸੰਨ 2011 ਤੱਕ ਕੇਰਲਾ ਪ੍ਰਦੇਸ਼ ਦੇ ਕਾਸਰਗੋਡ ਨਾਮੀ ਜ਼ਿਲੇ ਵਿਚ ਕਾਜੂਆਂ ਦੇ ਬਾਗਾਂ 'ਤੇ ਇੰਡੋਸਲਫਾਨ ਨਾਮਕ ਦਵਾਈ ਦਾ ਛਿੜਕਾਅ ਵੱਡੀ ਮਾਤਰਾ ਵਿਚ ਹੁੰਦਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਇੱਥੇ ਪੂਰੇ ਇਲਾਕੇ ਵਿਚ ਛੋਟੇ ਬੱਚਿਆਂ ਨੂੰ ਅਜੀਬੋ-ਗਰੀਬ ਬਿਮਾਰੀਆਂ ਹੋਣ ਲੱਗੀਆਂ। ਬੱਚੇ ਵਿਕਲਾਂਗ ਪੈਦਾ ਹੋਣ ਲੱਗੇ ਸਨ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਜ਼ਹਿਰੀਲੇ ਵਾਤਾਵਰਨ ਕਾਰਨ ਕਿੰਨੇ ਹੀ ਅਜਿਹੇ ਪੰਛੀ ਸਨ, ਜਿਨ੍ਹਾਂ ਤੋਂ ਪੰਜਾਬ ਦੀ ਧਰਤੀ ਅੱਜ ਵਿਰਵੀ ਹੋ ਗਈ ਹੈ। ਇੱਥੇ ਪਹਾੜੀ ਕਾਂ, ਬਾਜ, ਸ਼ਿਕਰੇ, ਇੱਲਾਂ, ਗਿਰਜਾਂ, ਉੱਲੂ, ਕਿੱਲੀ ਠੋਕੇ, ਗਟਾਰਾਂ, ਬਿਜੜੇ, ਹਰਿਅਲ ਆਦਿ ਹੋਰ ਕਿੰਨੇ ਹੀ ਪੰਛੀ ਸਨ ਜੋ ਨਹੀਂ ਦਿਸਦੇ ਜੇਕਰ ਦਿਸਦੇ ਵੀ ਹਨ ਤਾਂ ਵਿਰਲੇ ਟਾਂਵੇਂ ਨਜ਼ਰੀਂ ਪੈਂਦੇ ਹਨ। ਅਖੌਤੀ ਵਿਕਾਸ ਅਤੇ ਸਾਡੀਆਂ ਸਿਆਣਪਾਂ ਨੇ ਕਈ ਪਰਿੰਦਿਆਂ ਦਾ ਨਸਲਘਾਤ ਕਰ ਦਿੱਤਾ ਹੈ। ਸਾਡੀ ਵਿਰਾਸਤ ਤੇ ਫਲਸਫਾ ਸਾਨੂੰ ਸਰਬੱਤ ਦਾ ਭਲਾ ਮੰਗਣ ਦੀ ਤਾਗੀਦ ਕਰਦਾ ਹੈ। ਕੁਦਰਤ ਦਾ ਸਤਿਕਾਰ ਕਰਨਾ ਇਸ ਦੇ ਸਰੋਤਾਂ ਨੂੰ ਸੰਭਾਲਣਾ ਸਾਡੀ ਸੰਸਕ੍ਰਿਤੀ ਵਿਚ ਹੀ ਨਹੀਂ ਬਲਕਿ ਸਾਡੇ ਸੰਵਿਧਾਨ ਦੀ ਵੀ ਮੁੱਖ ਤਰਜੀਹ ਹੈ।

ਜ਼ਹਿਰਾਂ ਦਾ ਪ੍ਰਕੋਪ ਹੁਣ ਹਵਾ ਜਾਂ ਕੁਝ ਖਾਸ ਇਲਾਕਿਆਂ ਤੱਕ ਹੀ ਨਹੀਂ ਬਲਕਿ ਇਹ ਫੈਕਟਰੀਆਂ ਤੋਂ ਸ਼ੁਰੂ ਹੋ ਸਾਡੀਆਂ ਖਾਣੇ ਦੀਆਂ ਪਲੇਟਾਂ ਤੱਕ ਹੈ। ਸਮੇਂ ਦੀ ਮੰਗ ਹੈ ਕਿ ਅਸੀਂ ਜ਼ਹਿਰਾਂ ਤੋਂ ਮੁਕਤ ਖੇਤੀ ਕਰੀਏ। ਸਾਡੀਆਂ ਸਰਕਾਰਾਂ ਨੂੰ ਇਸ ਲਈ ਵੱਡੇ ਉਪਰਾਲੇ ਕਰਨੇ ਹੋਣਗੇ। ਆਮ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਚੌਗਿਰਦੇ ਨੂੰ ਸ਼ੁੱਧ ਰੱਖਣ ਲਈ ਵਾਤਾਵਰਨ ਨੂੰ ਪਲੀਤ ਕਰਨ ਤੋਂ ਗੁਰੇਜ਼ ਕਰੀਏ। ਅੱਜ ਲੋੜ ਹੈ ਅਸੀਂ ਖੇਤਾਂ ਦੇ ਬੰਨਿਆਂ ਤੇ ਰੁੱਖ ਲਾਈਏ, ਇਹ ਰੁੱਖ ਵੱਡੇ ਹੋਣਗੇ ਤੇ ਪੰਛੀਆਂ ਨੂੰ ਬੁਲਾਵੇ ਦੇਣਗੇ। ਪੰਛੀ ਤੇ ਰੁੱਖ ਖੇਤੀ ਦੇ ਦੁਸ਼ਮਣ ਨਹੀਂ ਬਲਕਿ ਸਭ ਤੋਂ ਵੱਡੇ ਸਹਾਇਕ ਹਨ। ਪੰਛੀ ਫਸਲਾਂ ਨੂੰ ਪੈਣ ਵਾਲੀਆਂ ਸੁੰਡੀਆਂ ਖਾਂਦੇ ਹਨ। ਅੱਜ ਲੋੜ ਹੈ ਅਸੀਂ ਮਾਨਵਤਾ ਦੀ ਭਲਾਈ ਲਈ ਰਸਾਇਣਾਂ ਦੀ ਵਰਤੋਂ 'ਤੇ ਰੋਕ ਲਾਈਏ ਤੇ ਇਸ ਧਰਤੀ ਨੂੰ ਜੀਵ ਜੰਤੂਆਂ ਅਤੇ ਮਨੁੱਖਾਂ ਦੇ ਰਹਿਣ ਲਾਇਕ ਬਣਾਈਏ। ਰਸਾਇਣਾਂ ਅਤੇ ਕੀਟਨਾਸ਼ਕਾਂ ਤੋਂ ਬਗੈਰ ਵੀ ਚੰਗੀ ਨਰੋਈ ਖੇਤੀ ਹੋ ਸਕਦੀ ਹੈ ਜਿਨ੍ਹਾਂ ਨੇ ਯਤਨ ਕੀਤੇ ਹਨ ਉਹ ਇਸ ਵਿਚ ਸਫ਼ਲ ਵੀ ਹੋਏ ਹਨ। ਅੱਜ ਸੋਚਣ ਦੀ ਲੋੜ ਹੈ ਕਿ ਪੌਣ-ਪਾਣੀ ਤੇ ਹਵਾ ਨੂੰ ਪਲੀਤ ਕਰਕੇ ਅਸੀਂ ਆਪਣੇ ਪੈਰਾਂ 'ਤੇ ਆਪ ਕੁਹਾੜਾ ਤਾਂ ਨਹੀਂ ਮਾਰ ਰਹੇ?

# ਵਿਦੇਸ਼ੀ ਚਕਾਚੌਂਧ

ਲਿਖਤ : ਕ੍ਰਿਸ਼ਨਪੁਰਾ ਬਸਤੀ,
ਮੋਬਾਈਲ : 94171-48866



ਉਸ ਨੇ ਆਪਣੇ ਇਕਲੌਤੇ ਪੁੱਤ ਨੂੰ ਵਿਦੇਸ਼ ਭੇਜਣ ਲਈ ਆਪਣਾ-ਆਪ ਦਾਅ 'ਤੇ ਲਾ ਦਿੱਤਾ। ਆਈਲਟਸ ਸੈਂਟਰ ਵਿਚ ਮੋਟੀ ਰਕਮ ਦੇ ਕੇ ਚੰਗੇ ਬੈਂਡ ਪ੍ਰਾਪਤ ਕਰਨ ਦੀ ਦੌੜ ਵਿਚ ਏਨਾ ਉਸ ਦਾ ਪੁੱਤਰ ਤਰਲੋਮੱਛੀ ਨਹੀਂ ਸੀ ਹੋ ਰਿਹਾ, ਜਿਨ੍ਹਾਂ ਉਹ ਅਤੇ ਉਸ ਦੀ ਪਤਨੀ। ਵਿਦੇਸ਼ ਜਾ ਕੇ ਮੁੰਡੇ ਵਲੋਂ ਇਧਰ ਪੌਂਡਾਂ ਦੀ ਵਰਖਾ ਕਰਨ ਅਤੇ ਦੋ ਕਮਰਿਆਂ ਦੀ ਛੱਤ ਦੀ ਥਾਂ ਕੋਠੀ, ਕਾਰ ਅਤੇ ਚੱਜ ਦੀ ਐਸ਼-ਪ੍ਰਸਤ ਜ਼ਿੰਦਗੀ ਦੇ ਸੁਪਨੇ ਨੂੰ ਪੂਰਾ ਕਰਨ ਲਈ ਉਸ ਨੇ ਹਰ ਹੂਲਾ ਫੱਕਿਆ। ਆਈਲਟਸ ਟੈਸਟ ਪਾਸ ਕਰਨ ਉਪਰੰਤ ਏਜੰਟਾਂ ਦੇ ਚੱਕਰ ਅਤੇ ਉਨ੍ਹਾਂ ਵਲੋਂ ਲੱਖਾਂ ਰੁਪਏ ਬਦਲੇ ਉਸਾਰੇ ਹਵਾਈ ਕਿਲਿਆਂ ਸਾਹਮਣੇ ਉਹ ਹਵਾ ਵਿਚ ਉੱਡ ਰਿਹਾ ਸੀ। ਚਾਰ ਖੁੱਡ ਜ਼ਮੀਨ, ਪਤਨੀ ਦੇ ਗਹਿਣੇ ਅਤੇ ਕਿਰਸ ਕਰਕੇ ਜਮ੍ਹਾਂ ਕੀਤੀ ਥੋੜ੍ਹੀ ਮੋਟੀ ਪੂੰਜੀ ਲੇਖੇ ਲਾਉਣ ਉਪਰੰਤ ਵੀ ਏਜੰਟਾਂ ਦਾ ਘਰ ਪੂਰਾ ਨਹੀਂ ਸੀ ਹੋ ਰਿਹਾ ਅਤੇ ਫਿਰ ਚੰਗੇ ਦਿਨਾਂ ਦੀ ਆਸ 'ਤੇ ਕਾਫ਼ੀ ਰਕਮ ਵਿਆਜੂ ਲੈਣ ਉਪਰੰਤ ਸਾਲ ਕੁ ਦੀ ਭੱਜ ਦੌੜ ਉਪਰੰਤ ਮੁੰਡੇ ਨੂੰ ਵਿਦੇਸ਼ ਭੇਜਣ ਵਿਚ ਕਾਮਯਾਬ ਹੋ ਗਿਆ। ਭਾਵੇਂ ਮੁੰਡੇ ਦੇ ਵਿਦੇਸ਼ ਜਾਣ ਸੰਬੰਧੀ ਉਹਨੇ ਹੁੱਬ ਕੇ ਕਿਸੇ ਨੂੰ ਨਹੀਂ ਸੀ ਦੱਸਿਆ, ਪਰ ਫਿਰ ਵੀ ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਨੂੰ ਭਿਣਕ ਪੈ ਹੀ ਗਈ ਸੀ। ਮੁੰਡੇ ਦੇ ਵਿਦੇਸ਼ ਜਾਣ ਤੋਂ ਤਿੰਨ ਕੁ ਮਹੀ-ਨਿਆਂ ਬਾਅਦ ਉਹ ਆਪਣੇ ਨਜ਼ਦੀਕੀ ਰਿਸ਼ਤੇਦਾਰ ਦਾ ਮੂੰਹ ਮਿੱਠਾ ਕਰਵਾਉਂਦਿਆਂ ਬੜੇ ਚਾਅ ਨਾਲ ਮੁੰਡੇ ਦੇ ਸੱਟਡੀ ਵੀਜ਼ੇ ਦੇ ਨਾਲ ਨਾਲ ਜੌਬ ਪਰਮਿਟ ਮਿਲਣ ਦੀ ਖੁਸ਼ੀ ਸਾਂਝੀ ਕਰ ਰਿਹਾ ਸੀ। ਚੱਲੋ ਬਹੁਤ ਚੰਗਾ ਹੋਇਆ। ਕਦੋਂ ਕੁ ਭੇਜਿਐ ਮੁੰਡੇ ਨੂੰ ਕੈਨੇਡਾ? ਉਸ ਦੇ ਨਜ਼ਦੀਕੀ ਰਿਸ਼ਤੇਦਾਰ ਨੇ ਸਭ ਕੁਝ ਜਾਣਦਿਆਂ ਵੀ ਅਣਜਾਣ ਜਿਹਾ ਹੋ ਕੇ ਪੁੱਛਿਆ। ਉਸ ਨੇ ਚਿਹਰੇ 'ਤੇ ਮੁਸਕਰਾਹਟ ਲਿਉਂਦਿਆਂ ਗੰਭੀਰ ਜਿਹਾ ਹੋ ਕੇ ਕਿਹਾ, ਗਏ ਨੂੰ ਤਾਂ ਸੁੱਖ ਨਾਲ ਢਾਈ ਮਹੀਨਿਆਂ ਤੋਂ ਉੱਪਰ ਹੋ ਗਿਆ। ਪਰ ਤੇਰੇ ਕੋਲ ਕਾਹਦਾ ਲੁਕੋਅ ਐ। ਇਹਨੂੰ ਭੇਜਣ ਲਈ ਜੋਤਸ਼ੀ ਤੋਂ ਉਪਾਅ ਕਰਵਾਇਆ ਸੀ। ਉਸ ਨੇ ਹੀ ਸਾਨੂੰ ਸਲਾਹ ਦਿੱਤੀ ਸੀ ਕਿ ਮੁੰਡੇ ਦੇ ਜਾਣ ਤੋਂ ਦੋ ਮਹੀਨੇ ਬਾਅਦ ਹੀ ਰਿਸ਼ਤੇਦਾਰਾਂ ਨੂੰ ਦੱਸਣਾ ਹੈ। ਤਾਈਓਂ.......। ਵਿਦੇਸ਼ ਜਾਣ ਦੀ ਦੌੜ ਵਿਚ ਜਿੱਥੇ ਸਾਡੇ ਸੂਬੇ ਦਾ ਦਿਮਾਗ ਅਤੇ ਅਰਬਾਂ ਰੁਪਏ ਵਿਦੇਸ਼ਾਂ ਵਿਚ ਜਾ ਰਹੇ ਨੇ, ਉੱਥੇ ਹੀ ਆਈਲਟਸ ਸੈਂਟਰਾਂ ਦੇ ਮਾਲਕ ਅਤੇ ਏਜੰਟ ਵੀ ਹੱਥ ਰੰਗ ਰਹੇ ਨੇ। ਰਹਿੰਦੀ ਕਸਰ ਹੁਣ ਜੋਤਸ਼ੀਆਂ ਨੇ ਕੱਢ ਦੇਣੀ ਹੈ। ਕੀ ਬਣੂ ਸਾਡੇ ਸੂਬੇ ਦਾ ? ਇਹ ਸੋਚਦਿਆਂ ਰਿਸ਼ਤੇਦਾਰ ਦੇ ਚਿਹਰੇ 'ਤੇ ਚਿੰਤਾ ਦੀਆਂ ਰੇਖਾਵਾਂ ਉੱਭਰ ਆਈਆਂ ਸਨ।




## ਤਨਾਅ ਦੂਰ ਕਰਨ ਦੇ



ਲਿਖਤ
ਗਗਨਪ੍ਰੀਤ ਸੱਪਲ
62801-57535



ਅੱਜ ਕੱਲ੍ਹ ਲਗਭਗ ਹਰ ਇੱਕ ਇਨਸਾਨ ਤਨਾਅ ਵਿੱਚ ਹੈ। ਤਨਾਅ ਇੱਕ ਮਾਨਸਿਕ ਬਿਮਾਰੀ ਹੈ ਤੇ ਅਸੀਂ ਨਾ ਚਾਹੁੰਦੇ ਹੋਏ ਵੀ ਇਸ ਦਾ ਸ਼ਿਕਾਰ ਹੋ ਜਾਂਦੇ ਹਾ। ਚਿੰਤਾ ਤੇ ਤਨਾਅ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੇ ਹਨ। ਅਕਸਰ ਅਸੀਂ ਤਨਾਅ ਦਾ ਸ਼ਿਕਾਰ ਹੋ ਜਾਂਦੇ ਉਦੋਂ ਹੁੰਦੇ ਹਾ। ਜਦੋਂ ਅਸੀਂ ਸਾਰਿਆ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਦੇ ਹਾ ਤੇ ਆਪਣੀਆ ਇੱਛਾਵਾਂ ਮਾਰ ਦਿੰਦੇ ਹਾ ਤੇ ਆਪਣੇ ਆਪ ਨੂੰ ਦੁੱਖੀ ਕਰਦੇ ਹਾਂ । ਘਰ ਪਰਿਵਾਰ ਵਿੱਚ ਰਹਿ ਕੇ ਔਰਤਾਂ ਦੀ ਬੈਂਡ ਵੱਜੀ ਪਈ ਹੈ। ਘਰ ਦੇ ਹਾਲਾਤਾਂ ਵਿੱਚ ਤਨਾਅ ਹੋਣਾ ਲਾਜ਼ਮੀ ਹੈ।ਪਰ ਤਨਾਅ ਲੈ ਕੇ ਵੀ ਇਸ ਸਭ ਦਾ ਕੋਈ ਹੱਲ ਨਹੀਂ ਹੈ। ਮੈਨੂੰ ਵੀ ਤਨਾਅ ਹੋ ਜਾਂਦਾ ਹੈ। ਪਰ ਮੈਂ ਇਸ ਤੋਂ ਛੁਟਕਾਰਾ ਪਾਉਣ ਲਈ ਕੁਛ ਟਿਪਸ ਵਰਤਦੀ ਹਾਂ । ਉਹ ਟਿਪਸ ਮੈਂ ਤੁਹਾਡੇ ਨਾਲ ਸਾਂਝੇ ਕਰਨ ਜਾ ਰਹੀ ਹਾਂ ।

### ਟਿਪਸ

1 ਸੰਗੀਤ - ਜਦੋਂ ਮੈਨੂੰ ਤਨਾਅ ਹੁੰਦਾ ਹੈ। ਤਾਂ ਮੈਂ ਆਪਣੀ ਪਸੰਦ ਦਾ ਸੰਗੀਤ ਸੁਣ ਲੈਂਦੀ ਹਾ।
2 ਮੈਡੀਟੇਸ਼ਨ - ਮੈਡੀਟੇਸਨ ਤਨਾਅ ਦੂਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਮੈਂ ਹਰ ਰੋਜ਼ ਸਵੇਰੇ ਦੱਸ ਮਿੰਟ ਕਰਦੀ ਹਾ।
3 ਜਲਦੀ ਉੱਠਣਾ - ਆਮ ਤੋਰ ਤੇ ਅਸੀਂ ਲੇਟ ਉੱਠਦੇ ਹਾਂ । ਸਾਨੂੰ ਜਲਦੀ ਉੱਠਣਾ ਚਾਹੀਦਾ ਹੈ। ਲੇਟ ਉੱਠਣਾ ਵੀ ਤਨਾਅ ਦਾ ਵੱਡਾ ਕਾਰਨ ਹੈ।
4 ਮਿਲ ਜੁਲ ਕੇ ਕੰਮ ਕਰਨਾ - ਮੇਰਾ ਇਹ ਮੰਨਣਾ ਹੈ ਕਿ ਸਾਨੂੰ ਘਰ ਵਿੱਚ ਮਿਲ ਜੁਲ ਕੇ ਕੰਮ ਕਰਨਾ ਚਾਹੀਦਾ ਹੈ। ਘਰ ਵਿੱਚ ਜਦੋਂ ਇੱਕ ਜਣਾ ਕੰਮ ਕਰਦਾ ਹੈ ਤਾਂ ਥੱਕ ਜਾਦਾ ਹੈ।
5 ਯੋਗਾ - ਆਪਣੇ ਲਈ ਸਾਨੂੰ ਇੱਕ ਘੰਟਾ ਕੱਢੋ ਕੇ ਯੋਗਾ ਕਰੋ ਇਹ ਤਨਾਅ ਦੂਰ ਕਰਨ ਦਾ ਵਧੀਆ ਤਰੀਕਾ ਹੈ। ਉਮੀਦ ਕਰਦੀ ਹਾ ਮੇਰੇ ਟਿਪਸ ਤੁਹਾਡੇ ਕੰਮ ਆਉਣਗੇ।

## ਖੰਘ ਤੋਂ ਛੁਟਕਾਰੇ ਲਈ ਅਪਣਾਓ ਇਹ ਘਰੇਲੂ ਨੁਸਖ਼ੇ

### ਹਲਦੀ

ਜ਼ੁਕਾਮ ਅਤੇ ਖੰਘ ਤੋਂ ਬਚਣ ਲਈ ਹਲਦੀ ਬਹੁਤ ਹੀ ਫ਼ਾਇਦੇਮੰਦ ਹੁੰਦੀ ਹੈ। ਇਹ ਨੱਕ ਅਤੇ ਗਲੇ ਦੀ ਖਾਰਸ਼ ਦੀ ਸਮੱਸਿਆ ਨੂੰ ਵੀ ਦੂਰ ਕਰਦੀ ਹੈ। ਜ਼ੁਕਾਮ ਅਤੇ ਖੰਘ ਹੋਣ 'ਤੇ ਦੋ ਚਮਚੇ ਹਲਦੀ ਪਾਊਡਰ ਨੂੰ ਇਕ ਗਲਾਸ ਗਰਮ ਦੁੱਧ 'ਚ ਮਿਲਾ ਕੇ ਸੇਵਨ ਕਰਨ ਨਾਲ ਕਾਫ਼ੀ ਫ਼ਾਇਦਾ ਹੁੰਦਾ ਹੈ। ਨੱਕ ਦੇ ਇਲਾਜ ਲਈ ਹਲਦੀ ਨੂੰ ਸਾੜ ਕੇ ਇਸ ਦਾ ਧੂੰਆਂ ਲੈਣਾ ਚਾਹੀਦਾ ਹੈ। ਇਸ ਦੇ ਨਾਲ ਨੱਕ 'ਚੋਂ ਪਾਣੀ ਆਉਣ ਦੀ ਸਮੱਸਿਆ ਦੂਰ ਹੋਵੇਗੀ ਅਤੇ ਆਰਾਮ ਮਿਲੇਗਾ।



### ਤੁਲਸੀ

ਖੰਘ ਦੇ ਇਲਾਜ ਲਈ ਤੁਲਸੀ ਬੇਹੱਦ ਫ਼ਾਇਦੇਮੰਦ ਸਾਬਤ ਹੁੰਦੀ ਹੈ। ਤੁਲਸੀ 'ਚ ਕਾਫ਼ੀ ਗੁਣ ਹੁੰਦੇ ਹਨ ਜੋ ਜ਼ੁਕਾਮ ਅਤੇ ਫਲੂ ਆਦਿ ਤੋਂ ਬਚਾਉਂਦੇ ਹਨ। ਤੁਲਸੀ ਦੀਆਂ ਪੱਤੀਆਂ ਖਾਣ ਨਾਲ ਜ਼ੁਕਾਮ ਤੋਂ ਰਾਹਤ ਮਿਲਦੀ ਹੈ। ਖੰਘ ਅਤੇ ਜ਼ੁਕਾਮ 'ਤੇ ਇਨ੍ਹਾਂ ਦੀਆਂ ਪੱਤੀਆਂ ਪੀਸ ਕੇ ਪਾਣੀ 'ਚ ਮਿਲਾਓ ਅਤੇ ਕਾੜ੍ਹਾ ਬਣਾ ਕੇ ਪੀਓ


### ਅਦਰਕ

ਜ਼ੁਕਾਮ ਤੋਂ ਅਦਰਕ ਵੀ ਰਾਹਤ ਦਿਵਾਉਂਦਾ ਹੈ। ਇਸ 'ਚ ਵਿਟਾਮਿਨ ਅਤੇ ਪ੍ਰੋਟੀਨ ਮੌਜੂਦ ਹੁੰਦੇ ਹਨ। ਜ਼ਿਆਦਾ ਖੰਘ ਹੋਣ 'ਤੇ ਰਾਤ ਦੇ ਸਮੇਂ ਦੁੱਧ 'ਚ ਅਦਰਕ ਉਬਾਲ ਕੇ ਪੀਣਾ ਚਾਹੀਦਾ ਹੈ। ਅਦਰਕ ਵਾਲੀ ਚਾਹ ਪੀਣ ਨਾਲ ਜ਼ੁਕਾਮ ਤੋਂ ਛੁਟਕਾਰਾ ਮਿਲਦਾ ਹੈ। ਇਸ ਦੇ ਇਲਾਵਾ ਅਰਦਕ ਦੇ ਰਸ ਨੂੰ ਸ਼ਹਿਦ 'ਚ ਮਿਲਾ ਕੇ ਪੀਣ ਨਾਲ ਵੀ ਕਾਫ਼ੀ ਆਰਾਮ ਮਿਲਦਾ ਹੈ।

### ਕਾਲੀ ਮਿਰਚ ਪਾਊਡਰ

ਜ਼ੁਕਾਮ ਅਤੇ ਖੰਘ ਦੇ ਇਲਾਜ ਲਈ ਇਹ ਬਹੁਤ ਵਧੀਆ ਦੇਸੀ ਇਲਾਜ ਹੈ। ਦੋ ਚੁਟਕੀ ਕਾਲੀ ਮਿਰਚ ਪਾਊਡਰ, ਹਲਦੀ ਪਾਊਡਰ ਦੋ ਚੁਟਕੀ, ਲੌਂਗ ਦਾ ਪਾਊਡਰ ਇਕ ਚੁਟਕੀ, ਵੱਡੀ ਇਲਾਇਚੀ ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਦੁੱਧ 'ਚ ਉਬਾਲ ਲਓ। ਫਿਰ ਦੁੱਧ 'ਚ ਮਿਸ਼ਰੀ ਮਿਲਾ ਕੇ ਪੀਣ ਨਾਲ ਜ਼ੁਕਾਮ ਅਤੇ ਖੰਘ ਤੋਂ ਛੁਟਕਾਰਾ ਮਿਲਦਾ ਹੈ। ਇਸ ਤੋਂ ਇਲਾਵਾ ਅੱਧਾ ਚਮਚਾ ਕਾਲੀਆਂ ਮਿਰਚਾਂ ਦੇ ਪਾਊਡਰ ਅਤੇ ਇਕ ਚਮਚ ਮਿਸ਼ਰੀ ਨੂੰ ਮਿਲਾ ਕੇ ਇਕ ਕਪ ਗਰਮ ਦੁੱਧ ਦੇ ਨਾਲ ਦਿਨ 'ਚ ਤਿੰਨ ਵਾਰ ਪੀਣ 'ਤੇ ਜ਼ੁਕਾਮ ਅਤੇ ਖੰਘ ਤੋਂ ਆਰਾਮ ਮਿਲਦਾ ਹੈ। ਕਾਲੀਆਂ ਮਿਰਚਾਂ ਨੂੰ ਸ਼ਹਿਦ 'ਚ ਮਿਲਾ ਕੇ ਖਾਣ ਨਾਲ ਸਰਦੀ ਅਤੇ ਜ਼ੁਕਾਮ ਤੋਂ ਰਾਹਤ ਮਿਲਦੀ ਹੈ।

## ਮੌਟਾਪਾ ਬਣਿਆ ਚਿੰਤਾ ਦਾ ਕਾਰਨ



ਲਿਖਤ
ਅਨਿਲ ਧੀਰ
647.853.5800

"ਸਰੀਰ ਦਾ ਭਾਰ ਵੱਧਣ ਨਾਲ ਮਨ ਕਮਜ਼ੋਰ, ਦਿਲ, ਸਟ੍ਰੋਕ, ਸ਼ੂਗਰ, ਕੈਂਸਰ ਅਤੇ ਜੋੜਾਂ ਦਾ ਰੋਗ ਮਸਕੂਲੋਸਕੇਲਟਲ ਆਸਾਨੀ ਨਾਲ ਘੇਰੇ ਵਿਚ ਲੈ ਲੈਂਦਾ ਹੈ। ਬਚਪਨ ਦਾ ਮੋਟਾਪਾ ਭਵਿੱਖ ਵਿਚ ਸਾਹ ਲੈਣ ਵਿਚ ਮੁਸ਼ਕਲ, ਹੱਡੀਆਂ ਦਾ ਫ੍ਰੈਕਚਰ, ਹਾਈਪਰਟੈਨਸ਼ਨ, ਕੈਂਸਰ, ਦਿਲ ਅਤੇ ਦਿਮਾਗ ਦੇ ਰੋਗ ਪੈਦਾ ਕਰ ਸਕਦਾ ਹੈ"-

ਅਨਿਲ ਧੀਰ. ਕਾਲਮਨਿਸਟ.ਥੈਰਾਪਿਸਟ.ਸੋਸ਼ਲ ਐਕਟੀਵਿਸਟ

4 ਮਾਰਚ ਵਾਲੇ ਦਿਨ ਵਿਸ਼ਵ ਭਰ 'ਚ ਸਰਕਾਰੀ, ਗੈਰ-ਸਰਕਾਰੀ ਪੱਧਰ 'ਤੇ ਓਵਰਵੇਟ ਦੀ ਵੱਧ ਰਹੀ ਸਮੱਸਿਆ ਨੂੰ ਕੰਟ੍ਰੋਲ ਕਰਨ ਲਈ ਲੋਕਾਂ ਨੂੰ ਜਾਗਰੁਕ ਕੀਤਾ ਗਿਆ। ਮੋਟਾਪਾ ਯਾਨਿ ਓਵਰਵੇਟ ਦੀ ਵੱਧ ਰਹੀ ਸਮੱਸਿਆ ਖਤਰਨਾਕ ਬਿਮਾਰੀਆਂ ਦੇ ਨਾਲ ਮੌਤ ਦਾ ਦਰਬਾਜਾ ਵੀ ਓਪਨ ਕਰ ਰਹੀ ਹੈ। ਤੰਦਰੁਸਤੀ ਦੇ ਲੈਵਲ ਤੋਂ ਵੱਧ ਵਜ਼ਨ ਨੂੰ ਓਵਰਵੇਟ ਜਾਂ ਮੋਟਾਪਾ ਕਹਿ ਦਿੱਤਾ ਜਾਂਦਾ ਹੈ। ਸਰੀਰ ਦਾ ਵੱਧ ਰਿਹਾ ਵਜ਼ਨ ਸਮੱਸਿਆ ਦਾ ਰੂਪ ਲੈ ਰਿਹਾ ਹੈ। ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਯਾਨਿ ਹਰ ਉਮਰ ਦਾ ਵਿਅਕਤੀ ਓਵਰਵੇਟ ਦਾ ਸ਼ਿਕਾਰ ਹੋ ਰਿਹਾ ਹੈ। ਬਾਡੀ ਮਾਸ ਇੰਡੈਕਸ, ਜਾਂ ਬੀਐਮਆਈ ਨੂੰ ਓਵਰਵੇਟ ਜਾਂ ਮੋਟਾਪੇ ਲਈ ਸਕ੍ਰੀਨਿੰਗ ਟੂਲ ਦੇ ਤੌਰ ਤੇ ਵਰਤਿਆ ਜਾਂਦਾ ਹੈ। ਹਾਈਟ 5 ਫੀਟ 9 ਇੰਚ :

| ਵਜ਼ਨ ਰੇਂਜ਼ | ਬੀਐਮਆਈ | ਮੰਨਿਆ ਜਾਂਦਾ ਹੈ |
|---|---|---|
| 124 ਪੌਂਡ ਜਾਂ ਘੱਟ | 18.5 ਤੋਂ ਘੱਟ | ਅੰਡਰਵੇਟ |
| 125 ਤੋਂ 168 ਪੌਂਡ | 18.5 - 24.9 | ਹੈਲਦੀ ਵਜ਼ਨ |
| 169 ਤੋਂ 202 ਪੌਂਡ | 25.0 - 29.9 | ਓਵਰਵੇਟ |
| 203 ਤੋਂ ਜ਼ਿਆਦਾ ਪੌਂਡ | 30 ਜਾਂ ਵੱਧ | ਮੋਟਾਪਾ |
| 271 ਪੌਂਡ ਤੋਂ ਵੱਧ | 40 ਜਾਂ ਜ਼ਿਆਦਾ | ਕਲਾਸ -3 ਮੋਟਾਪਾ |

ਵਿਸ਼ਵ ਸਿਹਤ ਸੰਸਥਾ ਦੇ ਮੁਤਾਬਿਕ ਦੁਨਿਆ ਭਰ ਵਿਚ 1975 ਤੋਂ ਮੋਟਾਪੇ ਦੀ ਸਮੱਸਿਆ ਤਿੰਨ ਗੁਣਾਂ ਵੱਧ ਗਈ ਹੈ। ਸਾਲ 2016 ਵਿਚ 5 ਤੋਂ 19 ਸਾਲ ਦੇ 340 ਮਿਲੀਅਨ ਤੋਂ ਵੱਧ ਬੱਚੇ ਜਿਆਦਾ ਭਾਰ ਦੇ ਸ਼ਿਕਾਰ ਸਨ। 18 ਸਾਲ ਅਤੇ ਵੱਧ ਉਮਰ ਦੇ 1.9 ਬਿਲੀਅਨ ਜ਼ਿਆਦਾ ਭਾਰ 'ਤੇ 650 ਮਿਲੀਅਨ ਮੋਟਾਪੇ ਦੇ ਸ਼ਿਕਾਰ ਸਨ। ਸਾਲ 2019 ਵਿਚ 5 ਸਾਲ ਤੋਂ ਘੱਟ ਉਮਰ ਦੇ 38 ਮਿਲੀਅਨ ਬੱਚਿਆਂ ਵਿਚ ਜ਼ਿਆਦਾ ਭਾਰ ਦੇਖਿਆ ਗਿਆ।



ਮੋਟਾਪਾ ਅਤੇ ਜ਼ਿਆਦਾ ਭਾਰ ਦਾ ਮੂਲ ਕਾਰਨ ਸਰੀਰ ਅੰਦਰ ਖਪਤ ਹੋਈ ਕੈਲੋਰੀ ਅਤੇ ਖਰਚੀ ਜਾਣ ਵਾਲੀ ਕੈਲੋਰੀ ਦਰਮਿਆਨ ਐਨਰਜ਼ੀ ਦਾ ਸੰਤੁਲਨ ਬਿਗੜ ਜਾਂਦਾ ਹੈ। ਮਾਡਰਨ ਲਾਈਫ ਸਟਾਇਲ ਨੇ ਇਨਸਾਨ ਦੇ ਖਾਣ-ਪੀਣ, ਅਤੇ ਰਹਿਣ-ਸਹਿਣ ਦੇ ਤੌਰ ਤਰੀਕੇ ਬਦਲ ਕੇ ਰੇਸ ਵੱਧਾ ਦਿੱਤੀ ਹੈ। ਮਾਈਕਰੋਬਾਇਓਮ ਅੰਤੜੀਆਂ ਦੇ ਬੈਕਟਰੀਆ ਖਾਣ ਤੋਂ ਪ੍ਰਭਾਵਤ ਹੋ ਕੇ ਸਰੀਰ ਦਾ ਭਾਰ ਘਟਾਉਣ ਜਾਂ ਵਧਾਉਣ ਵਿਚ ਮੁਸ਼ਕਲ ਦਾ ਕਾਰਨ ਬਣ ਸਕਦੇ ਹਨ। ਸਰੀਰਕ ਐਕਟੀਵਿਟੀ ਘੱਟ ਜਾਣ ਨਾਲ ਵਿਅਕਤੀ ਸਰੀਰਕ 'ਤੇ ਮਾਨਸਿਕ ਤੌਰ ਤੇ ਬਦਲਦਾ ਜਾ ਰਿਹਾ ਹੈ। ਫੂਡ ਪ੍ਰਾਸੈਸਿੰਗ ਵਿਚ ਨੇਚੁਰਲ ਘੱਟ ਅਤੇ ਕੈਮੀਕਲ ਤੱਤ ਜਿਆਦਾ ਇਸਤੇਮਾਲ ਹੋ ਰਹੇ ਹਨ। ਪ੍ਰਾਡਕਟਸ ਵਿਚ ਸੋਡੀਅਮ ਸ਼ੂਗਰ, ਅਤੇ ਆਇਲ ਜ਼ਿਆਦਾ ਹੋਣ ਕਰਕੇ ਵੀ ਮੋਟਾਪਾ ਵੱਧ ਰਿਹਾ ਹੈ। ਸਰੀਰ ਦੇ ਓਵਰਵੇਟ ਕਾਰਨ ਦਿਲ, ਸਟ੍ਰੋਕ, ਸ਼ੂਗਰ, ਕੈਂਸਰ ਅਤੇ ਜੋੜਾਂ ਦਾ ਰੋਗ ਮਸਕੂਲੋਸਕੇਲਟਲ ਆਸਾਨੀ ਨਾਲ ਘੇਰੇ ਵਿਚ ਲੈ ਲੈਂਦਾ ਹੈ। ਬਚਪਨ ਦਾ ਮੋਟਾਪਾ ਭਵਿੱਖ ਵਿਚ ਸਾਹ ਲੈਣ ਵਿਚ ਮੁਸ਼ਕਲ, ਹੱਡੀਆਂ ਦਾ ਫ੍ਰੈਕਚਰ, ਹਾਈਪਰਟੈਨਸ਼ਨ, ਕੈਂਸਰ, ਦਿਲ ਅਤੇ ਦਿਮਾਗ ਦੇ ਰੋਗ ਪੈਦਾ ਕਰ ਸਕਦਾ ਹੈ। ਖਿਆਲ ਰੱਖਣ ਦੀ ਲੋੜ ਹੈ :

- ਤੰਦਰੁਸਤ ਦੁਨੀਆ ਲਈ ਵਿਸ਼ਵ ਸਿਹਤ ਸੰਸਥਾ ਨੇ ਗਲੋਬਲ ਐਕਸ਼ਨ ਪਲਾਨ ਵਿਚ ਸਰੀਰਕ ਗਤੀਵਿਧੀ ਨੂੰ ਅੱਗੇ ਰੱਖਿਆ ਹੋਇਆ ਹੈ। ਮਾਂ-ਬਾਪ ਨੂੰ ਬਚਪਨ ਵਿਚ ਹੀ ਯਾਨਿ 5 ਸਾਲ ਦੀ ਉਮਰ ਤੋਂ ਹੀ ਬੱਚਿਆਂ ਨੂੰ ਵਰਕ-ਆਉਟ, ਖੇਡਾਂ, ਯੋਗਾ, ਦੇ ਨਾਲ ਮਾਨਸਿਕ-ਸਰੀਰਕ ਐਕਟੀਵਿਟੀ ਦੀ ਆਦਤ ਪਾ ਦੇਣੀ ਚਾਹੀਦੀ ਹੈ।
- ਆਪਣੀ ਖੁਰਾਕ ਵਿਚ ਚਰਬੀ, ਸ਼ਕਰ ਦੀ ਮਾਤਰਾ ਨੂੰ ਸੀਮਿਤ ਕਰੋ। ਘੱਟ ਕੈਲੋਰੀ ਵਾਲਾ ਫੂਡ ਲਵੋ। ਪ੍ਰਾਡਕਟ ਇਸਤੇਮਾਲ ਕਰਨ ਤੋਂ ਪਹਿਲਾਂ ਲੇਬਲ 'ਤੇ ਸ਼ੂਗਰ, ਆਇਲ ਅਤੇ ਸੋਡੀਅਮ ਦੀ ਮਾਤਰਾ ਜਰੂਰ ਚੈਕ ਕਰੋ।
- ਖੁਰਾਕ ਵਿਚ ਹੋਲ-ਵੀਟ ਤਾਜ਼ੇ ਫੱਲ, ਜੂਸ, ਹਰੀ ਸਬਜ਼ੀਆਂ, ਸਲਾਦ ਅਤੇ ਮਿਕਸ ਵੇਜ਼ੀਟੇਬਲ ਸੂਪ ਨੂੰ ਸ਼ਾਮਿਲ ਕਰੋ। ਡਾਈਟ ਨੂੰ ਪਲਾਨ ਕਰੋ। ਹੈਲਦੀ ਸਨੈਕਸ ਖਾਓ।
- ਸਰੀਰਕ ਗਤੀਵਿਧੀਆਂ ਯੋਗਾ, ਤੇਜ਼ ਸੈਰ ( ਅੱਧਾ ਘੰਟਾ), ਅਤੇ ਵਰਕ ਆਉਟ ਨੂੰ ਲਾਈਫ ਦਾ ਹਿੱਸਾ ਬਣਾ ਲਵੋ। ਵੱਧ ਰਹੇ ਵਜ਼ਨ ਨੂੰ ਕੰਟ੍ਰੋਲ ਕਰਨ ਲਈ ਹਫਤੇ ਵਿਚ ਘੱਟੋ-ਘੱਟ 5 ਘੰਟੇ ਤੇਜ਼ ਸਰੀਰਕ ਐਕਟੀਵਿਟੀ ਕਰੋ।
- ਪ੍ਰੈਗਨੈਂਸੀ ਦੌਰਾਣ ਭਾਰ ਵੱਧ ਜਾਂਦਾ ਹੈ, ਬੱਚੇ ਦੇ ਜਨਮ ਤੋਂ ਬਾਅਦ ਮਾਂ ਬ੍ਰੈਸਟ-ਫੀਡ ਯਾਨਿ ਆਪਣੀ ਛਾਤੀ ਦਾ ਦੁੱਧ ਚੁੰਘਾਉਣ ਨਾਲ ਭਾਰ ਘਟਾ ਸਕਦੀ ਹੈ।
- ਨੀਂਦ ਘੱਟ ਜਾਂ ਜ਼ਿਆਦਾ ਲੈਣ ਨਾਲ ਹਾਰਮੋਨਜ਼ ਵਿਚ ਤਬਦੀਲੀ ਆਉਣ ਕਰਕੇ ਭੁੱਖ ਵੱਧ ਸਕਦੀ ਹੈ। ਜਿਆਦਾ ਕੈਲੋਰੀ ਵਾਲੇ ਭੋਜਨ ਦੀ ਇੱਛਾ ਬਣੀ ਰਹਿੰਦੀ ਹੈ। ਪੂਰੀ 8 ਘੰਟੇ ਦੀ ਨੀਂਦ ਲਵੋ।
- ਸਟ੍ਰੈਸ ਵਜ਼ਨ ਵੱਧਾ ਸਕਦਾ ਹੈ, ਰੀਲੈਕਸ ਰਹਿਣ ਦਾ ਯਤਨ ਕਰੋ।
- ਸਮੇਂ-ਸਮੇਂ 'ਤੇ ਆਪਣੇ ਵਜ਼ਨ ਤੇ ਨਜ਼ਰ ਵੀ ਰੱਖੋ। ਡੇਲੀ 8-10 ਗਲਾਸ ਪਾਣੀ ਪੀਓ।
- ਜੰਕ-ਫੂਡ ਪਿੱਜ਼ਾ, ਬਰਗਰ, ਫਰਾਈਜ਼, ਪਾਸਤਾ, ਮੀਟ, ਪੋਪਸ, ਅਲਕੋਹਲ ਅਤੇ ਤੇਜ਼ ਮਿਰਚ-ਮਸਾਲੇ ਵਾਲੀ ਖੁਰਾਕ ਸੀਮਤ ਕਰੋ।

ਨੋਟ: ਖਤਰਨਾਕ ਰੋਗਾਂ ਤੋਂ ਬਚਣ ਅਤੇ ਵਜ਼ਨ ਨੂੰ ਕੰਟ੍ਰੋਲ ਜਾਂ ਘੱਟਾਉਣ ਲਈ ਡਾਈਟੀਸ਼ੀਅਨ ਦੀ ਸਲਾਹ ਨਾਲ ਆਪਣੀ ਖੁਰਾਕ ਦੀ ਰਣਨੀਤੀ ਤਿਆਰ ਕਰੋ। ਸਰੀਰਕ 'ਤੇ ਮਾਨਸਿਕ ਬਿਮਾਰੀਆਂ ਦੇ ਚਲਦੇ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।

# ਪੰਜਾਬੀ ਸਮਾਜ ਨੂੰ ਚੁਣੌਤੀਆਂ ਅਤੇ ਹੱਲ

ਡਾ. ਗੁਰਬਖਸ਼ ਸਿੰਘ ਭੰਡਾਲ

ਸਮਾਜਕ ਵਰਤਾਰਾ, ਸਮਾਂ, ਸਥਾਨ, ਸਥਿਤੀ, ਆਲਾ-ਦੁਆਲਾ ਅਤੇ ਸਰੋਕਾਰ ਸਮਾਜਕ ਸੰਦਰਭਾਂ 'ਤੇ ਨਿਰਭਰ। ਹਰੇਕ ਵਕਤ ਵਿਚ ਸਮਾਜ ਨੂੰ ਪ੍ਰਤੱਖ ਅਤੇ ਅਦਿੱਖ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਨਾ ਅਤੇ ਇਸ ਤੋਂ ਉਭਰਨਾ ਹੀ ਸੱਚੇ ਕਰਮੀ ਦਾ ਫਰਜ਼ ਹੁੰਦਾ। ਇਹ ਚੁਣੌਤੀਆਂ ਦੇਸ਼ ਬਦਲਣ ਨਾਲ ਸਿਰਫ ਰੂਪ ਵਟਾਉਂਦੀਆਂ ਨੇ, ਪਰ ਕਦੇ ਵੀ ਮਨਫੀ ਨਹੀਂ ਹੁੰਦੀਆਂ। ਵੱਖਰੇ ਹਾਲਾਤ ਨਾਲ ਸਿੱਝਦਿਆਂ ਸਾਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ। ਦੇਸ਼ ਬਦਲਣ ਨਾਲ ਸਿਰਫ ਚੌਗਿਰਦਾ ਹੀ ਪ੍ਰਭਾਵਿਤ ਨਹੀਂ ਹੁੰਦਾ, ਸਾਡੇ ਸਰੋਕਾਰ, ਸਾਧਨ ਅਤੇ ਸੋਚ ਵਿਚ ਤਬਦੀਲੀ ਸੁਭਾਵਕ ਹੈ। ਜੇ ਇਸ ਤਬਦੀਲੀ ਨੂੰ ਸਮਝਣ, ਸੋਚਣ ਅਤੇ ਇਸ ਨੂੰ ਚੰਗੇਰੇ ਰੂਪ ਵਿਚ ਅਪਨਾਉਣ ਲਈ ਪਹਿਲ-ਕਦਮੀ ਕਰਾਂਗੇ ਤਾਂ ਚੁਣੌਤੀਆਂ ਇੰਨੀਆਂ ਵੱਡੀਆਂ ਅਤੇ ਮਾਰੂ ਨਹੀਂ ਹੋਣਗੀਆਂ। ਅਸੀਂ ਸਹਿਜੇ ਹੀ ਇਨ੍ਹਾਂ ਨੂੰ ਜੀਵਨ ਤਰਕ ਨਾਲ ਨਜਿੱਠ ਨਵੇਂ ਜੀਵਨ-ਦਰਸ਼ਨ ਦਾ ਮਾਰਗ ਬਣਾ ਸਕਦੇ ਹਾਂ।

ਪੰਜਾਬੀਆਂ ਨੇ ਉਤਰੀ ਅਮਰੀਕਾ ਵਿਚ ਆਉਣ ਨੂੰ ਪੰਜਾਬ ਵਿਚਲੀਆਂ ਚੁਣੌਤੀਆਂ ਤੋਂ ਮੁਕਤੀ ਦਾ ਰੂਪ ਸਮਝਿਆ ਸੀ; ਪਰ ਇਹ ਚੁਣੌਤੀਆਂ ਕਿਸੇ ਹੋਰ ਰੂਪ ਵਿਚ ਸਾਨੂੰ ਮੁਖਾਤਬ ਹੋ ਰਹੀਆਂ ਹਨ ਅਤੇ ਅਸੀਂ ਇਸ ਵਿਚੋਂ ਉਭਰਨ ਲਈ ਆਪਣੀ ਪਿੱਛਲ-ਖੁਰੀ ਸੋਚ ਵਿਚ ਹੀ ਉਲਝੇ ਹੋਏ ਹਾਂ। ਇਹ ਚੁਣੌਤੀਆਂ ਪ੍ਰਮੁੱਖ ਰੂਪ ਵਿਚ ਦੋ ਕਿਸਮ ਦੀਆਂ ਹਨ-ਨਵੇਂ ਆਏ ਪਰਵਾਸੀਆਂ ਦੀਆਂ ਅਤੇ ਪੁਰਾਣੇ ਸਥਾਪਤ ਹੋ ਚੁਕੇ ਪਰਵਾਸੀਆਂ ਦੀਆਂ ਚੁਣੌਤੀਆਂ। ਇਨ੍ਹਾਂ ਦੀਆਂ ਅਗਾਂਹ ਦੋ ਕਿਸਮਾਂ ਹਨ-ਚੰਗੀ ਵਿਦਿਆ ਪ੍ਰਾਪਤ ਕਰਕੇ ਪਰਵਾਸ ਕਰਨ ਵਾਲੇ ਅਤੇ ਦੂਜੇ ਘੱਟ ਪੜ੍ਹੇ-ਲਿਖੇ, ਜੋ ਪਰਿਵਾਰਾਂ ਨਾਲ ਆਏ ਸਨ।

ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਚਾਰ ਹਿੱਸਿਆਂ ਵਿਚ ਵੰਡ ਸਕਦੇ ਹਾਂ। ਕੁਝ ਜਿਨ੍ਹਾਂ ਨੇ ਨਿਰੋਲ ਇਥੇ ਹੀ ਪੜ੍ਹਾਈ ਕੀਤੀ ਹੈ। ਕੁਝ ਜਿਨ੍ਹਾਂ ਨੇ ਕੁਝ ਪੜ੍ਹਾਈ ਪੰਜਾਬ ਅਤੇ ਕੁਝ ਇਥੇ ਕੀਤੀ ਹੈ। ਕੁਝ ਅਜਿਹੇ ਜਿਨ੍ਹਾਂ ਨੇ ਸਾਰੀ ਪੜ੍ਹਾਈ ਪੰਜਾਬ ਵਿਚ ਕੀਤੀ ਹੈ, ਪਰ ਆਪਣੇ ਕਿੱਤੇ ਵਿਚ ਨੌਕਰੀ ਪ੍ਰਾਪਤ ਕਰਨ ਤੋਂ ਅਸਮਰਥ ਨੇ। ਕੁਝ ਜੋ ਪੜ੍ਹਾਈ ਅੱਧ-ਵਿਚਾਲੇ ਛੱਡ ਕੇ, ਜ਼ਿੰਦਗੀ ਵਿਚ ਸਥਾਪਤ ਹੋਣ ਲਈ ਜਦੋਜਹਿਦ ਕਰ ਰਹੇ ਹਨ।

ਹਰ ਕਿਸਮ ਦੀਆਂ ਵੱਖੋ-ਵੱਖਰੀਆਂ ਚੁਣੌਤੀਆਂ ਅਤੇ ਇਨ੍ਹਾਂ ਦੀ ਤਹਿ ਵਿਚ ਜਾ ਕੇ ਹੀ ਇਨ੍ਹਾਂ ਨੂੰ ਹੱਲ ਕੀਤਾ ਜਾ ਸਕਦਾ।


ਵਿਸ਼ੇ ਦੀ ਵਿਸ਼ਾਲਤਾ ਨੂੰ ਮੁੱਖ ਰੱਖਦਿਆਂ ਸਿਰਫ ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਤੀਕ ਹੀ ਇਹ ਗੱਲਬਾਤ ਸੀਮਤ ਰਹੇਗੀ।

ਸਭਿਆਚਾਰਕ ਵਖਰੇਵਿਆਂ ਵਿਚ ਪਿਸਣਾ: ਨੌਜਵਾਨਾਂ ਨੂੰ ਘਰ ਵਿਚ ਅਤੇ ਸਕੂਲ/ਕਾਲਜ/ਕੰਮ 'ਤੇ ਵੱਖ-ਵੱਖ ਸਭਿਆਚਾਰਕ ਮਾਹੌਲ ਮਿਲਦਾ ਹੈ। ਉਨ੍ਹਾਂ ਦੀ ਸੋਚ ਵਿਚ ਦੁਚਿੱਤੀ ਪੈਦਾ ਹੁੰਦੀ ਹੈ ਕਿ ਕਿਸ ਨੂੰ ਅਪਨਾਉਣ ਅਤੇ ਕਿਸ ਨੂੰ ਨਕਾਰਨ? ਲੋੜ ਹੈ, ਮਾਪੇ ਬੱਚਿਆਂ ਨੂੰ ਹਰ ਸਭਿਆਚਾਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੱਸਣ, ਜਿਨ੍ਹਾਂ ਨਾਲ ਚੰਗੇ ਪ੍ਰਭਾਵ ਪੈਦਾ ਹੋਣਗੇ ਅਤੇ ਜਿਨ੍ਹਾਂ ਨੂੰ ਅਪਨਾਉਣ ਨਾਲ ਸਮਾਜਕ ਵਿਗਾੜ ਪੈਦਾ ਹੋਵੇਗਾ। ਹਰ ਸਭਿਆਚਾਰ ਦਾ ਵੱਖਰਾ ਪਹਿਰਾਵਾ, ਖਾਣਾ-ਪੀਣਾ, ਰਸਮੋ-ਰਿਵਾਜ਼ ਅਤੇ ਕਦਰਾਂ-ਕੀਮਤਾਂ ਹੁੰਦੀਆਂ ਹਨ। ਜੇ ਬੱਚਿਆਂ ਨੂੰ ਇਹ ਗੱਲ ਸਮਝਾਈ ਜਾਵੇ ਤਾਂ ਉਹ ਦੂਸਰੇ ਸਭਿਆਚਾਰ ਨੂੰ ਅਪਨਾਉਣ ਵੇਲੇ ਜ਼ਰੂਰ ਇਸ ਗੱਲ ਨੂੰ ਵਿਚਾਰ ਕੇ ਹੀ ਸਹੀ ਫੈਸਲਾ ਕਰਨਗੇ। ਪਰ ਸਮਾਂ ਵਿਹਾਉਣ ਪਿਛੋਂ ਸਿਰਫ ਪਛਤਾਵਾ ਹੀ ਰਹਿ ਜਾਂਦਾ। ਬੱਚਾ ਪਰਿਵਾਰ ਵਿਚੋਂ ਬਹੁਤ ਕੁਝ ਅਚੇਤ ਅਤੇ ਸੁਚੇਤ ਰੂਪ ਵਿਚ ਗ੍ਰਹਿਣ ਕਰਦਾ। ਬੱਚੇ ਨਾਲ ਦੋਸਤੀ ਪਾਓ ਅਤੇ ਉਸ ਨੂੰ ਆਪਣੇ ਸਭਿਆਚਾਰ ਨਾਲ ਜੋੜ ਕੇ ਭਾਈਚਾਰਕ ਸਾਂਝ ਵਧਾਉਣ ਤੇ ਪਰਿਵਾਰਕ ਮੇਲ-ਜੋਲ ਲਈ ਉਤਸ਼ਾਹਿਤ ਕਰੋ। ਬੱਚੇ ਦਾ ਮਨ ਦੂਸਰੇ ਸਭਿਆਚਾਰ ਦੇ ਚੰਗੇ ਪੱਖਾਂ ਨੂੰ ਅਪਨਾਉਣ ਦੇ ਨਾਲ-ਨਾਲ ਆਪਣੇ ਸਭਿਆਚਾਰ ਤੋਂ ਵੀ ਬੇਮੁਖ ਨਹੀਂ ਹੋਵੇਗਾ।

ਪੀੜ੍ਹੀ-ਪਾੜਾ: ਪੀੜ੍ਹੀਆਂ ਦਾ ਪਾੜਾ ਸੋਚ, ਦ੍ਰਿਸ਼ਟੀ ਅਤੇ ਸੁਪਨਿਆਂ ਵਿਚਲਾ ਪਾੜਾ ਹੁੰਦਾ। ਇਸ ਪਾੜੇ ਨੂੰ ਦੂਰ ਕਰਨ ਲਈ ਮਾਪਿਆਂ ਅਤੇ ਬੱਚਿਆਂ ਵਿਚ ਇਕਸੁਰਤਾ ਜਰੂਰੀ ਹੈ। ਮਾਪਿਆਂ ਨੂੰ ਬੱਚੇ ਦੀਆਂ ਭਾਵਨਾਵਾਂ ਅਤੇ ਉਸ ਦੀਆਂ ਚੁਣੌਤੀਆਂ ਨੂੰ ਸਮਝ ਕੇ, ਆਪਣੀ ਸੋਚ ਨੂੰ ਸਮੇਂ ਦਾ ਹਾਣੀ ਕਰਨ ਦੀ ਲੋੜ ਹੈ। ਬੱਚੇ 'ਤੇ ਕੁਝ ਥੋਪਿਆ ਨਾ ਜਾਵੇ ਸਗੋਂ ਉਸ ਦੇ ਸਨਮੁੱਖ ਸਾਰੀਆਂ ਸੰਭਾਵਨਾਵਾਂ ਨੂੰ ਰੱਖਿਆ ਜਾਵੇ। ਬੱਚੇ ਦੀ ਦਿਲਚਸਪੀ ਅਤੇ ਸਮਰੱਥਾ ਮੁਤਾਬਕ ਉਸ ਨੂੰ ਮਰਜ਼ੀ ਦਾ ਕੁਝ ਵੀ ਕਰਨ ਦੀ ਖੁੱਲ੍ਹ ਮਿਲੇਗੀ ਤਾਂ ਨਤੀਜੇ ਬਹੁਤ ਉਤਸ਼ਾਹਜਨਕ ਹੋਣਗੇ। ਬੱਚਿਆਂ ਦੀਆਂ ਰੁਚੀਆਂ ਦੀ ਪ੍ਰਫੁਲਤਾ ਲਈ ਸਹਿਯੋਗ ਦਿਓ। ਉਸ ਦੀਆਂ ਗਲਤੀਆਂ ਨੂੰ ਸੁਧਾਰੋ। ਬੱਚਿਆਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਦੇ ਸੱਚੇ ਸਨੇਹੀ ਉਨ੍ਹਾਂ ਦੇ ਮਾਪੇ ਹੀ ਹੁੰਦੇ, ਜੋ ਬੱਚੇ ਦੀ ਖੁਸ਼ੀ ਅਤੇ ਉਦਾਸੀ ਵਿਚ ਹਰ ਦਮ ਨਾਲ ਰਹਿੰਦੇ। ਉਹ ਤਾਂ ਬੱਚਿਆਂ ਦੀਆਂ ਬਲਾਵਾਂ ਉਤਾਰਨ ਲਈ ਖੁਦ ਨੂੰ ਵੀ ਦਾਅ 'ਤੇ ਲਾਉਣ ਤੋਂ ਗੁਰੇਜ਼ ਨਹੀਂ ਕਰਦੇ। ਮਾਪੇ ਵੀ ਬੱਚਿਆਂ ਦੇ ਨੈਣਾਂ ਵਿਚੋਂ ਆਪਣੇ ਸੁਪਨਿਆਂ ਦੀ ਕੁਝ ਕੁ ਪੂਰਨਤਾ ਤਾਂ ਚਾਹੁੰਦੇ ਨੇ।

ਰੋਲ ਮਾਡਲ ਦੀ ਘਾਟ: ਪੰਜਾਬੀ ਸਮਾਜ ਵਿਚ ਵੱਖ-ਵੱਖ ਖੇਤਰਾਂ ਵਿਚ ਰੋਲ ਮਾਡਲਾਂ ਦੀ ਬਹੁਤ ਘਾਟ ਹੈ, ਜੋ ਬੱਚਿਆਂ ਲਈ ਪ੍ਰੇਰਨਾ ਸਰੋਤ ਬਣ ਸਕਣ। ਪੁਰਾਣੇ ਸਮਿਆਂ ਦੇ ਰੋਲ ਮਾਡਲ ਉਸ ਸਮੇਂ ਉਭਰੇ ਸਨ, ਜਦ ਦਰਪੇਸ਼ ਸਮੱਸਿਆਵਾਂ ਅਤੇ ਸਰੋਕਾਰ ਹੋਰ ਸਨ। ਬਦਲਦੇ ਸਮੇਂ ਨਾਲ ਬਹੁਤ ਕੁਝ ਬਦਲ ਗਿਆ। ਅਜੋਕੇ ਮਾਹੌਲ ਵਿਚੋਂ ਉਠ ਕੇ ਆਪਣੀ ਹਿੰਮਤ, ਮਿਹਨਤ ਅਤੇ ਸਿਰੜ ਨਾਲ ਵੱਖਰੀ ਅਤੇ ਵਿਲੱਖਣ ਹੈਸੀਅਤ ਸਿਰਜਣ ਵਾਲੇ ਲੋਕ ਹੀ ਇਥੇ ਜੰਮੇ ਜਾਂ ਪਰਵਾਸ ਕਰ ਕੇ ਆਏ ਨੌਜਵਾਨਾਂ ਲਈ ਰੋਲ-ਮਾਡਲ ਬਣ ਸਕਦੇ ਨੇ। ਇਹ ਰੋਲ ਮਾਡਲ ਰਾਜਨੀਤੀ ਵਿਚੋਂ ਹੀ ਨਹੀਂ, ਸਗੋਂ ਵੱਖ ਵੱਖ ਖੇਤਰਾਂ-ਖੇਡਾਂ, ਵਿਗਿਆਨ, ਐਡਮਨਿਸਟਰੇਸ਼ਨ, ਬਿਜਨਸ, ਕਾਰਪੋਰੇਟ ਅਦਾਰੇ, ਮੀਡੀਆ, ਖੋਜ, ਅਧਿਆਪਨ ਆਦਿ ਵਿਚੋਂ ਤਲਾਸ਼ਣ ਦੀ ਲੋੜ ਹੈ। ਅਜਿਹੇ ਲੋਕਾਂ ਵਲੋਂ ਨਵੀਂ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਲਈ ਪੰਜਾਬੀ ਸਮਾਜ ਵਿਚ ਵਿਚਰਨ ਦੀ ਲੋੜ ਹੈ। ਦੁੱਖ ਇਹ ਹੈ ਕਿ ਅਜਿਹੇ ਬਹੁਤੇ ਲੋਕ ਪੰਜਾਬੀ ਸਮਾਜ ਤੋਂ ਟੁੱਟੇ ਹੋਏ ਹਨ। ਅਜਿਹੇ ਲੋਕ ਜਦ ਆਪਣੀ ਕਹਾਣੀ ਅਤੇ ਜਦੋਜਹਿਦ ਨੂੰ ਨਵੀਂ ਸੋਚ ਵਿਚ ਧਰ ਕੇ ਸੇਧ ਪ੍ਰਦਾਨ ਕਰਨਗੇ ਤਾਂ ਬੱਚੇ ਨਵੀਆਂ ਪ੍ਰਾਪਤੀਆਂ ਦਾ ਸਿਰਲੇਖ ਬਣ ਸਕਦੇ ਹਨ।

ਸੁਪਨਿਆਂ ਦੀ ਘਾਟ: ਬੱਚਿਆਂ ਦੀ ਪ੍ਰਗਤੀ ਲਈ ਜਰੂਰੀ ਹੈ ਕਿ ਬੱਚਿਆਂ ਨੂੰ ਸੁਪਨੇ ਲੈਣ ਦਿਓ। ਸੁਪਨੇ ਸਮੇਂ ਦੇ ਹਾਣੀ ਹੋਣੇ ਚਾਹੀਦੇ, ਜੋ ਸਮਾਜ ਦਾ ਮੁਹਾਂਦਰਾ ਨਿਖਾਰ ਸਕਣ। ਇਸ ਲਈ ਸੁਪਨਿਆਂ ਦੀ ਗੁਣਵਤਾ ਬ ਹ੍ ਤ



ਜ਼ਰੂਰੀ ਹੈ। ਜਦ ਬੱਚਿਆਂ ਦੇ ਸੁਪਨੇ ਥੋੜ੍ਹ-ਚਿਰੀ ਖੁਸ਼ੀ, ਐਸ਼ ਜਾਂ ਰਾਤੋ-ਰਾਤ ਅਮੀਰ ਬਣਨ ਦੀ ਲਾਲਸਾ ਵਿਚ ਗਲਤਾਨ ਹੁੰਦੇ ਤਾਂ ਇਹ ਰਾਹ ਅਧੋਗਤੀ ਨੂੰ ਜਾਂਦਾ। ਬੱਚੇ ਗੈਂਗ ਵਾਰ ਜਾਂ ਨਸ਼ਿਆਂ ਪ੍ਰਤੀ ਉਲਾਰ ਹੋ ਜਾਂਦੇ। ਬੱਚਿਆਂ ਨੂੰ ਦੱਸੋ ਕਿ ਸਫਲਤਾ ਲਈ ਸੁਪਨਾ, ਸੇਧ, ਸਿਰੜ, ਸਾਧਨਾ ਅਤੇ ਸਮਰਪਣ ਜਰੂਰੀ ਹੈ। ਕੋਈ ਰਸਤਾ ਛੋਟਾ ਨਹੀਂ। ਲੰਮੀ ਘਾਲਣਾ ਦੌਰਾਨ ਸਹਿਜ ਰਹਿ ਕੇ ਹੀ ਸਥਾਈ ਸਫਲਤਾ ਮਨੁੱਖ ਦਾ ਹਾਸਲ ਹੁੰਦੀ, ਜੋ ਸਮਾਜ ਲਈ ਵੀ ਮਾਣ ਹੁੰਦੀ। ਕਿਸੇ ਵੀ ਸਫਲ ਵਿਅਕਤੀ ਨੂੰ ਨਾ ਦੇਖੋ ਸਗੋਂ ਉਸ ਦੀ ਸਫਲਤਾ ਪਿਛੇ ਉਸ ਦੀ ਮਿਹਨਤ ਨੂੰ ਸਲਾਮ ਕਰੋਗੇ ਤਾਂ ਬੱਚਿਆਂ ਦੇ ਮਨ ਵਿਚ ਅਜਿਹੀ ਪਗਡੰਡੀ ਨੂੰ ਮਾਰਗ ਬਣਾਉਣ ਦੀ ਤਮੰਨਾ ਮਨ ਵਿਚ ਪੈਦਾ ਹੋਵੇਗੀ। ਡਾ. ਅਬਦੁਲ ਕਲਾਮ ਦਾ ਕਹਿਣਾ ਸੀ, ਬੱਚਿਆਂ ਨੂੰ ਸੁਪਨੇ ਜਰੂਰ ਦਿਓ, ਪੂਰੇ ਉਹ ਆਪੇ ਕਰ ਲੈਣਗੇ।

ਭਟਕਣ ਅਤੇ ਉਦਾਸੀਨਤਾ: ਬੱਚਿਆਂ ਵਿਚ ਸਹਿਜ, ਧੀਰਜ ਅਤੇ ਠਰੰਮੇ ਦੀ ਬਹੁਤ ਘਾਟ ਹੈ। ਤੇਜ-ਤਰਾਰੀ ਉਨ੍ਹਾਂ ਦੇ ਜੀਵਨ ਦਾ ਸੱਚ ਬਣ ਚੁਕਾ ਏ। ਉਹ ਇਸ ਦੌੜ ਵਿਚ ਫਾਡੀ ਰਹਿਣ ਤੋਂ ਤ੍ਰਹਿੰਦੇ ਮਾਨਸਿਕ ਭਟਕਣਾ ਦਾ ਸ਼ਿਕਾਰ ਹੋ ਰਹੇ ਹਨ। ਉਹ ਦਰਪੇਸ਼ ਚੁਣੌਤੀਆਂ ਨੂੰ ਸਮਝਣ ਅਤੇ ਇਨ੍ਹਾਂ ਨਾਲ ਸਿੱਝਣ ਲਈ ਚੁਣੌਤੀਆਂ ਦੇ ਨੈਣਾਂ ਵਿਚ ਝਾਕਣ ਤੇ ਇਸ ਨੂੰ ਹਰਾਉਣ ਲਈ ਹਿੰਮਤ ਜੁਟਾਉਣ ਲਈ ਬੇਹਿੰਮਤੇ ਨੇ। ਬੱਚਿਆਂ ਨੂੰ ਸਮਾਜ ਵਿਚ ਵਿਚਰਦਿਆਂ ਜਾਂ ਕੰਮ ਕਾਜ ਦੌਰਾਨ ਪੈਰ ਪੈਰ 'ਤੇ ਪੈਦਾ ਹੋਣ ਵਾਲੀਆਂ ਰੁਕਾਵਟਾਂ ਨੂੰ ਦੇਖਣ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਜੀਵਨੀ ਝੰਜਟਾਂ ਨੂੰ ਸਮਝਣ ਦੀ ਸੋਚ ਮਨ ਵਿਚ ਪੈਦਾ ਕਰਨ ਲਈ ਉਤਸ਼ਾਹਿਤ ਕਰੋ। ਬੱਚੇ ਜੀਵਨ ਸੰਗਰਾਮ ਵਿਚ ਨਿਰਾਸ਼ ਅਤੇ ਹਤਾਸ਼ ਨਹੀਂ ਹੋਣਗੇ, ਸਗੋਂ ਇਸ ਨੂੰ ਜੀਵਨ ਦਾ ਹਿੱਸਾ ਸਮਝ ਕੇ ਇਸ ਵਿਚੋਂ ਆਪਣੀ ਸ਼ਖਸੀਅਤ ਨੂੰ ਸਿਰਜ, ਨਵੇਂ ਦਿਸਹੱਦਿਆਂ ਦਾ ਸਿਰਲੇਖ ਬਣਨਗੇ। ਬੱਚੇ ਨੂੰ ਧਨ/ਸਹੂਲਤਾਂ ਦੀ ਬਹੁਤਾਤ ਨਹੀਂ ਚਾਹੀਦੀ, ਸਗੋਂ ਸਮਾਂ ਦਿਓ। ਕਈ ਵਾਰ ਘੱਟ ਸਹੂਲਤਾਂ ਅਤੇ ਤੰਗੀ-ਤੁਰਸ਼ੀ ਨਾਲ ਯੁੱਧ ਕਰਨ ਵਾਲੇ ਬੱਚੇ ਨਵੀਆਂ ਪ੍ਰਾਪਤੀਆਂ ਦਾ ਸਿਖਰ ਸਿਰਜ ਜਾਂਦੇ। ਸਿਰਫ ਮਨ ਵਿਚ ਲੋਅ ਪੈਦਾ ਕਰਨ ਦੀ ਲੋੜ ਹੈ। ਮਨ ਤੋਂ ਕਰਮ ਨੂੰ ਜਾਂਦਾ ਰਸਤਾ ਬੱਚੇ ਨੇ ਆਪਣੇ ਆਪ ਹੀ ਤਲਾਸ਼ ਲੈਣਾ ਹੈ। ਅਜਿਹੇ ਬੱਚਿਆਂ ਨੂੰ ਥੋੜ੍ਹ-ਚਿਰੇ ਪ੍ਰਚਲਿਤ ਨਸ਼ੇ ਦੀ ਲੋੜ ਹੀ ਨਹੀਂ ਰਹਿੰਦੀ। ਉਨ੍ਹਾਂ ਨੂੰ ਲਗਨ ਅਤੇ ਕੰਮ ਦਾ ਹ ੀ ਅਜਿਹਾ ਨਸ਼ਾ ਹੁੰਦਾ ਕਿ ਉਹ ਜੀਵਨ ਦਾ ਸੁਗੰਧਤ ਰੰਗ ਬਣ ਜਾਂਦੇ।

ਪਿੱਤਰੀ ਹਉਮੈ ਦਾ ਤਿਆਗ: ਮਾਪੇ ਕਈ ਵਾਰ ਹਉਮੈ ਦਾ ਸ਼ਿਕਾਰ ਹੁੰਦੇ ਹਨ, ਉਨ੍ਹਾਂ ਨੂੰ ਲੱਗਦਾ ਕਿ ਉਹ ਹੀ ਸਹੀ ਹਨ। ਬੱਚਿਆਂ ਦੀ ਸੁਣੋ, ਉਹ ਵੀ ਸਹੀ ਹੋ ਸਕਦੇ, ਕਿਉਂਕਿ ਉਹ ਨਵੇਂ ਸਮੇਂ ਦੀ ਪੈਦਾਇਸ਼ ਹਨ ਅਤੇ ਉਨ੍ਹਾਂ ਨੂੰ ਨਵੀਆਂ ਉਲਝਣਾਂ, ਸਰੋਕਾਰਾਂ ਅਤੇ ਸੰਭਾਵਨਾਵਾਂ ਦਾ ਵੱਧ ਗਿਆਨ ਹੈ। ਆਪਣੀ ਹਉਮੈ ਨੂੰ ਹਾਵੀ ਨਾ ਹੋਣ ਦਿਓ। ਸਗੋਂ ਕਿਸੇ ਵੀ ਮਸਲੇ ਅਤੇ ਇਸ ਦੀਆਂ ਬਹੁ-ਪਰਤਾਂ ਨੂੰ ਪਰਿਵਾਰ ਵਿਚ ਵਿਚਾਰੋ ਤੇ ਫਿਰ ਕਿਸੇ ਸਿੱਟੇ 'ਤੇ ਪਹੁੰਚੋ। ਤਾਨਾਸ਼ਾਹੀ ਵਤੀਰੇ ਕਾਰਨ ਕਈ ਵਾਰ ਬੱਚੇ ਬਗਾਵਤ ਕਰ ਜਾਂਦੇ ਨੇ। ਬੱਚਿਆਂ ਦੀ ਊਰਜਾ ਨੂੰ ਉਸਾਰੂ ਗਤੀਵਿਧੀਆਂ ਜਿਵੇਂ ਖੇਡਾਂ, ਚਿੱਤਰਕਾਰੀ ਆਦਿ ਜਾਂ ਹੋਰ ਕਲਾ-ਬਿਰਤੀ ਵਾਲੇ ਪਾਸੇ ਲਾਓ, ਨਾ ਕਿ ਉਨ੍ਹਾਂ ਨੂੰ ਨਾਕਾਰਾਤਮਕ ਰਾਹਾਂ ਦੀ ਧੂੜ ਬਣਨ ਲਈ ਉਕਸਾਓ। ਬੱਚੇ ਬਹੁਤ ਕੋਮਲ ਹੁੰਦੇ, ਇਨ੍ਹਾਂ ਨੂੰ ਕਿਸੇ ਵੀ ਰੰਗ ਅਤੇ ਰੂਪ ਵਿਚ ਢਾਲਿਆ ਜਾ ਸਕਦਾ। ਲੋੜ ਹੈ, ਇਨ੍ਹਾਂ ਵਰਗਾ ਬਣ ਕੇ ਇਨ੍ਹਾਂ ਦੀ ਸੋਚ ਨੂੰ ਹਲੂਣੋ। ਬੱਚਿਆਂ ਨਾਲ ਕਦਰਾਂ-ਕੀਮਤਾਂ, ਸਮਾਜਕ ਸੰਦਰਭਾਂ, ਵਿਅਕਤੀਤਵ ਵਿਕਾਸ ਅਤੇ ਸੋਚ ਨੂੰ ਝੰਜੋੜਨ ਵਾਲੀਆਂ ਗੱਲਾਂ ਕਰੋ, ਉਹ ਸੁਣਦੇ ਨੇ।

ਫਿਜ਼ਿਕਸ ਪੜ੍ਹਾਉਂਦਿਆਂ ਜਦ ਮੈਂ ਉਨ੍ਹਾਂ ਦੇ ਸੁਪਨਿਆਂ ਅਤੇ ਉਨ੍ਹਾਂ ਦੀ ਪੂਰਤੀ ਜਾਂ ਸਰਬ-ਵਿਆਪੀ ਸਰੋਕਾਰਾਂ ਬਾਰੇ ਗੱਲ ਕਰਦਾ ਹਾਂ ਤਾਂ ਸੁਚੇਤ ਰੂਪ ਵਿਚ ਵਿਦਿਆਰਥੀ ਸੁਣਦੇ ਨੇ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੜ੍ਹਾਈ ਦੇ ਨਾਲ ਨਾਲ ਜੀਵਨ-ਜਾਚ ਵੀ ਸਿੱਖੀ ਹੈ, ਜੋ ਅੱਜੇ ਤੱਕ ਅਧਿਆਪਕ ਜਾਂ ਮਾਪੇ ਨਹੀਂ ਸਿਖਾ ਸਕੇ।

ਤੜਕ-ਭੜਕ ਵਾਲੀ ਜੀਵਨ-ਲਾਲਸਾ: ਬੱਚਿਆਂ ਦਾ ਸੋਹਲ ਮਨ ਮੀਡੀਆ ਦੇ ਪ੍ਰਭਾਵ ਕਾਰਨ ਤੜਕ-ਭੜਕ ਵਾਲੇ ਜੀਵਨ ਪ੍ਰਤੀ ਬਹੁਤ ਜਲਦੀ ਉਤੇਜਿਤ ਹੋ ਜਾਂਦਾ ਹੈ। ਤੜਕ-ਭੜਕ ਪਿਛੇ ਛੁਪੀ ਹਕੀਕਤ, ਸੱਚਾਈ ਅਤੇ ਕੋਹਝ ਬਾਰੇ ਵੀ ਬੱਚਿਆਂ ਨੂੰ ਦੱਸੋ ਤਾਂ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਜੋ ਨਜ਼ਰ ਆ ਰਿਹਾ ਹੈ, ਇਹ ਪੂਰਾ ਸੱਚ ਨਹੀਂ। ਇਸ ਦੀ ਪੀੜਾ, ਜਦੋਜਹਿਦ ਅਤੇ ਤਿਲਕਣ ਦੀ ਚੀਸ ਨੂੰ ਮਨ ਵਿਚ ਵਸਾ ਕੇ ਜਿਉਣ ਵਾਲੇ ਇਹ ਲੋਕ, ਸੱਚ ਜਿਉਂਦੇ ਲੋਕਾਂ ਤੋਂ ਵੱਖਰੇ ਹਨ। ਸਿਰਫ ਧਨ, ਸ਼ੁਹਰਤ ਜਾਂ ਰੁਤਬਾ ਹੀ ਸਭ ਕੁਝ ਨਹੀਂ ਹੁੰਦਾ, ਸਭ ਤੋਂ ਅਮੁੱਲ ਇੱਜਤ, ਇਤਬਾਰ, ਇਖਲਾਕ ਅਤੇ ਇਨਸਾਨੀਅਤ ਹੁੰਦੀ ਹੈ, ਜੋ ਜੀਵਨ ਦੀ ਸਭ ਤੋਂ ਸੱਚੀ-ਸੱਚੀ ਇਬਾਦਤ ਤੇ ਇਬਾਰਤ ਹੈ। ਇਸ ਇਬਾਰਤ ਨੂੰ ਮਨ ਵਿਚ ਵਸਾ ਕੇ ਹੀ ਬੱਚਾ ਇਨਸਾਨ ਬਣਨ ਦੇ ਰਾਹ ਦਾ ਮਾਰਗੀ ਬਣ ਸਕਦਾ। ਬੱਚੇ ਨੂੰ ਰੋਬੋਟ ਨਾ ਬਣਾਓ, ਸਗੋਂ ਭਾਵਨਾਵਾਂ ਅਤੇ ਸੂਖਮ ਸੋਚ ਦਾ ਚਿਰਾਗ ਬਣਾਓ। ਇਸ ਦੀ ਰੋਸ਼ਨੀ ਵਿਚ ਘਰ ਤੇ ਸਮਾਜ ਦਾ ਨਾਂ ਜਗਮਗ ਕਰੇਗਾ।

ਸੋਸ਼ਲ ਮੀਡੀਆ ਦੇ ਪ੍ਰਭਾਵ: ਅਜੋਕੇ ਯੁੱਗ ਵਿਚ ਸੋਸ਼ਲ ਮੀਡੀਆ ਦਾ ਕਾਫੀ ਬੋਲਬਾਲਾ ਹੈ। ਨੌਜਵਾਨ ਪੀੜ੍ਹੀ ਇਸ ਦੀ ਗੁਲਾਮ ਬਣ ਚੁਕੀ ਹੈ। ਇਸ ਨੂੰ ਸੁਚਾਰੂ ਰੂਪ ਵਿਚ ਵਰਤਣ ਦੀ ਥਾਂ ਨੌਜਵਾਨ ਚੈਟਿੰਗ ਕਰਨ, ਸੰਪਰਕ ਬਣਾਉਣ ਅਤੇ ਬੇਅਰਥ ਸਮਾਂ ਗਵਾਉਣ ਆਦਿ ਤੀਕ ਸੀਮਤ ਹੋ ਚੁਕੇ ਹਨ। ਇਸ ਕਾਰਨ ਊਲ ਜਲੂਲ ਜਿਹੀ ਨਵੀਂ ਭਾਸ਼ਾ ਸੋਸ਼ਲ ਮੀਡੀਏ ਵਿਚ ਵਰਤੀ ਜਾ ਰਹੀ ਹੈ। ਇਕ ਟੇਬਲ 'ਤੇ ਬੈਠਿਆਂ ਵੀ ਬੱਚੇ ਇਕ ਦੂਜੇ ਨਾਲ ਗੱਲ ਕਰਨ ਦੀ ਥਾਂ ਮੈਸੇਜ ਰਾਹੀਂ ਗੱਲਾਂ ਕਰਦੇ ਨੇ। ਅਜਿਹਾ ਹਾਲ ਰਿਹਾ ਤਾਂ ਬੱਚਿਆਂ ਨੂੰ ਬੋਲਣਾ ਭੁੱਲ ਜਾਵੇਗਾ। ਉਹ ਸਮਾਜ ਵਿਚ ਵਿਚਰਨ ਅਤੇ ਗੱਲਬਾਤ ਰਾਹੀਂ ਆਪਣੀ ਗੱਲ ਕਹਿਣ ਤੋਂ ਮੁਥਾਜ ਹੋ ਜਾਣਗੇ। ਲੋੜ ਹੈ, ਮਾਪੇ ਪਹਿਲ ਕਰਨ ਅਤੇ ਖੁਦ ਪਹਿਲਾਂ ਸੋਸ਼ਲ ਮੀਡੀਏ ਦੀ ਬੇਲੋੜੀ ਵਰਤੋਂ ਨੂੰ ਸੀਮਤ ਕਰਨ। ਬੱਚੇ ਆਪਣੇ ਆਪ ਹੀ ਉਨ੍ਹਾਂ ਦੀ ਗੱਲ ਮੰਨਣਗੇ। ਹੁਣ ਤਾਂ ਰੋਂਦੇ ਬੱਚੇ ਨੂੰ ਵਰਾਉਣ ਲਈ ਵੀ ਫੋਨ ਦਾ ਹੀ ਸਹਾਰਾ ਲਿਆ ਜਾਂਦਾ। ਭਾਵੇਂ ਇਹ ਘਰ, ਗੁਰਦੁਆਰਾ ਜਾਂ ਕੋਈ ਫੰਕਸ਼ਨ ਹੋਵੇ। ਇਸ ਤੋਂ ਨਿਜ਼ਾਤ ਪਾਉਣਾ ਬਹੁਤ ਜ਼ਰੂਰੀ। ਬੱਚਿਆਂ ਨੂੰ ਲਿਖਣਾ ਭੁੱਲ ਚੁੱਕਾ ਏ ਅਤੇ ਜੇ ਬੋਲਣਾ ਵੀ ਭੁੱਲ ਗਿਆ ਤਾਂ ਗੁੰਗੇ ਬੱਚਿਆਂ ਦੀ ਔਲਾਦ ਗੁੰਗੀ ਹੋਵੇਗੀ। ਬਹੁਤ ਗੰਭੀਰ ਹੈ ਇਹ ਸਮੱਸਿਆ। ਇਸ ਲਈ ਮਾਪਿਆਂ ਨੂੰ ਚੇਤੰਨ ਹੋਣ ਅਤੇ ਇਸ 'ਤੇ ਕਾਬੂ ਪਾਉਣ ਦੀ ਲੋੜ। ਬੱਚੇ ਜਰੂਰ ਮੰਨਦੇ ਹਨ, ਜੇ ਤੁਸੀਂ ਆਪ ਰੋਲ ਮਾਡਲ ਬਣੋ।

ਧਰਮ ਤੇ ਬੋਲੀ ਨਾਲ ਜੁੜਨਾ: ਵਿਦੇਸ਼ਾਂ ਵਿਚ ਆ ਕੇ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਹਰ ਪਰਵਾਸੀ ਨੂੰ ਜੂਝਣਾ ਪੈਂਦਾ, ਪਰ ਕੁਝ ਕੁ ਅਸੀਂ ਖੁਦ ਪੈਦਾ ਕਰਦੇ ਹਾਂ। ਬੱਚਿਆਂ ਨਾਲ ਘਰ ਵਿਚ ਪੰਜਾਬੀ ਵਿਚ ਗੱਲ ਕਰੋ, ਗੁਰਦੁਆਰੇ ਲੈ ਕੇ ਜਾਓ। ਉਨ੍ਹਾਂ ਨੂੰ ਗੁਰਬਾਣੀ ਸਮਝ ਆਵੇਗੀ, ਕਿਉਂਕਿ ਪੰਜਾਬੀ ਸਮਝੇ ਬਿਨਾ ਗੁਰਬਾਣੀ ਸਮਝ ਹੀ ਨਹੀਂ ਸਕਦੇ। ਅੰਗਰੇਜ਼ੀ ਬੋਲਣ 'ਤੇ ਜੋਰ ਨਾ ਦਿਓ। ਬੱਚਿਆਂ ਨੇ ਸਕੂਲਾਂ ਵਿਚ ਅਤੇ ਆਪਣੇ ਸਾਥੀਆਂ ਤੋਂ ਅੰਗਰੇਜ਼ੀ ਤਾਂ ਸਿੱਖ ਲੈਣੀ ਹੈ। ਜੇ ਉਹ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਸਮਝਣ ਅਤੇ ਬੋਲਣਾ ਸਿੱਖ ਜਾਣਗੇ ਤਾਂ ਉਹ ਆਪਣੇ ਧਰਮ ਨੂੰ ਸਮਝਣ ਤੇ ਭਾਈਚਾਰਕ ਸਾਂਝ ਵਧਾਉਣ ਵਿਚ ਕਾਮਯਾਬ ਹੋਣਗੇ। ਵੱਧ ਬੋਲੀਆਂ ਸਿੱਖਣਾ ਯੋਗਤਾ ਹੀ ਹੁੰਦੀ ਹੈ। ਮਨੁੱਖੀ ਦਿਮਾਗ ਦੀ ਅਸੀਮਤ ਸਮਰੱਥਾ ਹੁੰਦੀ ਬਹੁਤ ਕੁਝ ਸਿੱਖਣ ਦੀ। ਜੇ ਪੰਜਾਬੀ ਬੋਲੀ ਜਿਉਂਦੀ ਰਹੀ ਤਾਂ ਧਰਮ ਬਚੇਗਾ। ਧਰਮ ਮਨ ਵਿਚ ਜਿਉਂਦਾ ਰਿਹਾ ਤਾਂ ਬੱਚਿਆਂ ਵਿਚ ਧਾਰਮਿਕਤਾ ਜਿਉਂਦੀ ਰਹੇਗੀ, ਜੋ ਉਨ੍ਹਾਂ ਦੀਆਂ ਆਦਤਾਂ ਵਿਚ ਬੰਦਿਆਈ, ਭਲਿਆਈ ਅਤੇ ਚੰਗਿਆਈ ਦੀਆਂ ਕਲਮਾਂ ਲਾਵੇਗੀ। ਉਹ ਕਿਸੇ ਦੇ ਹੰਝੂਆਂ ਦੀ ਤਫਸੀਲ ਪੜ੍ਹ ਸਕਣਗੇ। ਕਿਸੇ ਦੀ ਪੀੜਾ ਨੂੰ ਅੰਤਰੀਵ ਵਿਚ ਉਤਾਰ, ਪੀੜ ਹਰਨ ਲਈ ਓਹੜ-ਪੋਹੜ ਜਰੂਰ ਕਰਨਗੇ।

ਵਿਰਾਸਤ ਨੂੰ ਵਿਸਾਰਨਾ: ਉਤਰੀ ਅਮਰੀਕਾ ਵਿਚ ਬਹੁਤੇ ਬੱਚੇ ਵਿਰਾਸਤ ਤੋਂ ਬੇਮੁੱਖ ਹੋ ਕੇ ਇਸ ਤੋਂ ਦੂਰ ਹੋ ਰਹੇ ਹਨ। ਇਸ ਲਈ ਸਮੁੱਚਾ ਪੰਜਾਬੀ ਸਮਾਜ ਅਤੇ ਇਸ ਦੇ ਮੋਹਤਬਰ ਜਿੰਮੇਵਾਰ ਹਨ, ਜੋ ਵੱਖ-ਵੱਖ ਖੇਤਰਾਂ ਵਿਚ ਮੋਹਰੀ ਹਨ, ਜਿਨ੍ਹਾਂ ਦੇ ਮੁਖੌਟੇ ਬਹੁਤੀ ਵਾਰ ਜਲਦੀ ਹੀ ਜੱਗ ਜਾਹਰ ਹੋ ਜਾਂਦੇ ਹਨ। ਇਹ ਮੁਖੌਟਾਧਾਰੀ ਹਰ ਖੇਤਰ ਵਿਚ ਹਨ। ਜਦ ਕਥਨੀ ਅਤੇ ਕਰਨੀ ਵਿਚ ਪਾੜਾ ਵਧੇਗਾ ਤਾਂ ਨੌਜਵਾਨ ਪੀੜ੍ਹੀ ਨੂੰ ਬਹੁਤ ਅੱਖਰੇਗਾ। ਇਸ ਅੱਖਰਤਾ ਵਿਚੋਂ ਹੀ ਨੌਜਵਾਨ ਸੋਚ ਨੂੰ ਆਪਣੇ ਵਡੇਰਿਆਂ ਨਾਲ ਨਫਰਤ ਪੈਦਾ ਹੁੰਦੀ। ਜੋ ਕੁਝ ਵੀ ਧਾਰਮਿਕ, ਸਮਾਜਕ, ਸਾਹਿਤਕ ਤੇ ਸਭਿਆਚਾਰਕ ਅਦਾਰਿਆਂ, ਖੇਡ ਮੇਲਿਆਂ, ਸਭਿਆਚਾਰ ਨੂੰ ਬਚਾਉਣ ਦੀ ਆੜ ਹੇਠ ਮੇਲੇ ਰੂਪੀ ਖਿਲਵਾੜ, ਗਾਇਕੀ ਦੇ ਨਾਂ ਹੇਠ ਪਲੀਤ ਹੋ ਰਹੀ ਪੰਜਾਬੀਅਤ, ਨਸ਼ਿਆਂ ਤੇ ਗੈਂਗ ਵਾਰ ਦੀ ਅਲਾਮਤ ਅਤੇ ਰਾਜਸੀ ਲਾਲਸਾਵਾਂ ਨੂੰ ਵਿਦੇਸ਼ਾਂ ਵਿਚ ਲਿਆਉਣ ਕਾਰਨ ਹੋ ਰਿਹਾ ਹੈ, ਬਹੁਤ ਬੁਰਾ ਲੱਗਦਾ ਹੈ ਇਥੇ ਜਨਮੇ ਬੱਚਿਆਂ ਨੂੰ।

ਪੰਜਾਬੀ ਵਿਰਾਸਤ ਨੂੰ ਗਿੱਧੇ-ਭੰਗੜੇ, ਸਾਗ ਤੇ ਮੱਕੀ ਦੀ ਰੋਟੀ ਆਦਿ ਤੀਕ ਹੀ ਸੀਮਤ ਨਾ ਕਰੋ। ਸਿਰਫ ਇਹੀ ਵਿਰਸਾ ਨਹੀਂ। ਵਿਰਸਾ ਤਾਂ ਬਹੁਤ ਵਸੀਹ ਅਤੇ ਵਿਲੱਖਣ ਏ, ਇਸ ਵਿਚ ਕਦਰਾਂ-ਕੀਮਤਾਂ, ਰਹੁ-ਰੀਤਾਂ, ਅਦਬ, ਸਤਿਕਾਰ, ਨਿਰਮਲ ਭੈਅ, ਪਰਿਵਾਰਕ ਸਾਂਝ ਵਿਚਲੀ ਪਾਕੀਜ਼ਗੀ ਤੇ ਪੀਡਾਪਨ, ਸੱਚ, ਸਮਰਪਣ, ਸਾਦਗੀ, ਸੁਹੰਢਣੀ ਜੀਵਨ-ਜਾਚ ਅਤੇ ਕਿਸੇ ਦੇ ਕੰਮ ਆਉਣ ਦਾ ਚਾਅ ਵੀ ਹੁੰਦਾ ਹੈ। ਲੋੜ ਹੈ, ਅਸੀਂ ਸਰਬੱਤ ਦੇ ਭਲੇ ਨੂੰ ਅੰਤਰੀਵ ਵਿਚ ਵਸਾ, ਕਿਰਤ ਕਰਨ ਅਤੇ ਵੰਡ ਛਕਣ ਦਾ ਸੁੱਚਾ ਸੁਨੇਹਾ ਨਵੀਂ ਪੀੜ੍ਹੀ ਨੂੰ ਦੇਈਏ। ਫਿਰ ਸਾਡੇ ਬੱਚੇ ਇਸ ਦੇਸ਼ ਨੂੰ ਭਾਗ ਲਾ, ਇਸ ਦੀ ਬੁਲੰਦੀ ਦੇ ਮੀਨਾਰ ਬਣਨਗੇ, ਜਿਨ੍ਹਾਂ 'ਤੇ ਅਸੀਂ ਪੰਜਾਬੀ ਹੋਣ ਦੇ ਨਾਤੇ ਫਖਰ ਵੀ ਕਰ ਸਕਾਂਗੇ। ਪੰਜਾਬੀਅਤ ਦੀ ਬੁਲੰਦਗੀ ਵਿਦੇਸ਼ੀ ਧਰਤੀ 'ਤੇ ਵੀ ਲਹਿਰਾ ਸਕਾਂਗੇ। ਪਹਿਲ ਤਾਂ ਮਾਪਿਆਂ ਨੂੰ ਕਰਨੀ ਪੈਣੀ ਹੈ, ਬੱਚਿਆਂ ਨੇ ਆਪੇ ਹੀ ਮਗਰ ਆ ਜਾਣਾ ਹੈ।





# ਸ਼ਹਿਦ ਦੀਆਂ ਮੱਖੀਆਂ ਦਾ ਰੌਚਿਕ ਸੰਸਾਰ


ਸ਼ਹਿਦ ਦੀਆਂ ਮੱਖੀਆਂ ਦਾ ਸੰਸਾਰ ਬੜਾ ਹੀ ਰੌਚਕ ਹੈ। ਮੱਖੀਆਂ ਦੇ ਛੱਤੇ ਦਾ ਜੀਵਨ ਬੜਾ ਤਰਤੀਬਵਾਰ ਹੁੰਦਾ ਹੈ। ਹਰ ਮੱਖੀ ਆਪਣਾ ਕੰਮ ਭਲੀ-ਭਾਂਤ ਜਾਣਦੀ ਹੈ ਅਤੇ ਲਗਨ ਨਾਲ ਕਰਦੀ ਹੈ। ਮੱਖੀਆਂ ਦੇ ਛੱਤੇ ਵਿੱਚ ਤਿੰਨ ਪ੍ਰਕਾਰ ਦੀਆਂ ਮੱਖੀਆਂ ਹੁੰਦੀਆਂ ਹਨ। ਸਭ ਤੋਂ ਮੁੱਖ ਰਾਣੀ ਮੱਖੀ ਹੁੰਦੀ ਹੈ। ਇਹ ਚਾਰ-ਪੰਜ ਸਾਲ ਤਕ ਜਿਉਂਦੀ ਰਹਿੰਦੀ ਹੈ। ਇਸ ਦਾ ਕੰਮ ਅੰਡੇ ਦੇਣਾ ਹੁੰਦਾ ਹੈ। ਇਹ ਇੱਕ ਦਿਨ ਵਿੱਚ 2,000 ਦੇ ਕਰੀਬ ਅਤੇ ਪੂਰੀ ਜ਼ਿੰਦਗੀ ਵਿੱਚ 1,000,000 ਅੰਡੇ ਦਿੰਦੀ ਹੈ। ਇਹ ਆਕਾਰ ਵਿੱਚ ਦੂਜੀਆਂ ਮੱਖੀਆਂ ਤੋਂ ਵੱਡੀ ਹੁੰਦੀ ਹੈ ਅਤੇ ਆਸਾਨੀ ਨਾਲ ਪਛਾਣੀ ਜਾ ਸਕਦੀ ਹੈ। ਰਾਣੀ ਮੱਖੀ ਇੱਕ ਖ਼ਾਸ ਰਸਾਇਣ ਛੱਡਦੀ ਹੈ ਜਿਸ ਨਾਲ ਉਹ ਛੱਤੇ ਦੇ ਕੰਮ ਨੂੰ ਨਿਯਮਿਤ ਕਰਦੀ ਹੈ। ਜਦੋਂ ਉਹ ਬੁੱਢੀ ਹੋ ਜਾਂਦੀ ਹੈ ਅਤੇ ਰਸਾਇਣ ਦਾ ਨਿਰਮਾਣ ਪੂਰੀ ਤਰ੍ਹਾਂ ਨਹੀਂ ਕਰ ਪਉਂਦੀ ਤਾਂ ਕਰਮਚਾਰੀ ਮੱਖੀਆਂ ਉਸ ਨੂੰ ਬੇਰਹਿਮੀ ਨਾਲ ਮਾਰ ਕੇ ਲਾਰਵਾ ਵਿੱਚੋਂ ਹੋਰ ਰਾਣੀ ਮੱਖੀ ਤਿਆਰ ਕਰ ਲੈਂਦੀਆਂ ਹਨ। ਮੱਖੀਆਂ ਦੇ ਛੱਤੇ ਵਿੱਚ ਦੂਜੀਆਂ ਹੁੰਦੀਆਂ ਹਨ ਨਰ ਮੱਖੀਆਂ ਜਿੰਨਾਂ ਨੂੰ 'ਡਰੋਨ' ਕਿਹਾ ਜਾਂਦਾ ਹੈ। ਇਨ੍ਹਾਂ ਦੇ ਡੰਗ ਨਹੀਂ ਹੁੰਦਾ। ਇਨ੍ਹਾਂ ਦਾ ਕੰਮ ਸਿਰਫ਼ ਰਾਣੀ ਮੱਖੀ ਨੂੰ ਅੰਡੇ ਦੇਣ ਵਿੱਚ ਮਦਦ ਕਰਨਾ ਹੁੰਦਾ ਹੈ। ਛੱਤੇ ਵਿੱਚ ਇਨ੍ਹਾਂ ਦੀ ਗਿਣਤੀ 15 ਫ਼ੀਸਦ ਦੇ ਕਰੀਬ ਹੁੰਦੀ ਹੈ। ਤੀਜੀ ਕਿਸਮ ਹੁੰਦੀ ਹੈ ਮਾਦਾ ਮੱਖੀਆਂ ਦੀ ਜੋ ਕਰਮਚਾਰੀ ਮੱਖੀਆਂ ਹੁੰਦੀਆਂ ਹਨ। ਇਹ ਅਕਾਰ ਵਿੱਚ ਛੋਟੀਆਂ ਹੁੰਦੀਆਂ ਹਨ। ਇਨ੍ਹਾਂ ਦੀ ਉਮਰ ਕਰੀਬ ਛੇ ਹਫ਼ਤੇ ਹੁੰਦੀ ਹੈ। ਜਦੋਂ ਇਹ ਕਿਸੇ ਨੂੰ ਡੰਗ ਮਾਰਦੀਆਂ ਹਨ ਤਾਂ ਮਰ ਜਾਂਦੀਆਂ ਹਨ। ਛੱਤੇ ਦੇ ਰੱਖ-ਰਖਾਵ ਦੇ ਸਾਰੇ ਕੰਮ ਜਿਵੇਂ- ਛੱਤੇ ਦੀ ਸਫ਼ਾਈ ਅਤੇ ਮੁਰੰਮਤ ਕਰਨਾ, ਛੱਤੇ ਨੂੰ ਠੰਢਾ ਰੱਖਣਾ, ਛੱਤੇ ਦੀ ਨਿਗਰਾਨੀ ਕਰਨਾ, ਲਾਰਵਾ ਦੀ ਪਾਲਣਾ, ਰਾਣੀ ਮੱਖੀ ਦੀ ਸੇਵਾ ਤੇ ਖਾਣ-ਪੀਣ ਅਤੇ ਸ਼ਹਿਦ ਇਕੱਠਾ ਕਰਨ ਦਾ ਸਭ ਕੰਮ ਕਰਮਚਾਰੀ ਮੱਖੀਆਂ ਹੀ ਕਰਦੀਆਂ ਹਨ।

ਮੱਖੀਆਂ ਬਾਰੇ ਕੁਝ ਹੋਰ ਰੌਚਿਕ ਤੱਥ:-


1. ਸ਼ਹਿਦ ਦੀਆਂ ਮੱਖੀਆਂ ਦੀ ਜ਼ਿੰਦਗੀ ਵਿੱਚ ਚਾਰ ਪੜਾਅ ਆਉਂਦੇ ਹਨ- ਅੰਡਾ, ਲਾਰਵਾ, ਪਿਉਪਾ ਅਤੇ ਮੱਖੀ।
2. ਰਾਣੀ ਮੱਖੀ ਨੂੰ ਇੱਕ ਖ਼ਾਸ ਪਦਾਰਥ ਖਾਣ ਲਈ ਦਿੱਤਾ ਜਾਂਦਾ ਹੈ ਜਿਸ ਨੂੰ ਰਾਇਲ ਜੈਲੀ ਕਹਿੰਦੇ ਹਨ। ਇਹ ਦੁੱਧ ਵਰਗਾ ਪਦਾਰਥ ਹੁੰਦਾ ਹੈ ਜੋ ਕਰਮਚਾਰੀ ਮੱਖੀਆਂ ਦੇ ਸਿਰ ਵਿੱਚ ਖ਼ਾਸ ਗਲੈਂਡ ਵਿੱਚ ਬਣਦਾ ਹੈ।
3. ਮੱਖੀਆਂ ਦੇ ਛੇ ਲੱਤਾਂ ਅਤੇ ਦੋ ਜੋੜੇ ਖੰਭ ਹੁੰਦੇ ਹਨ।
4. ਮੱਖੀਆਂ ਦੇ ਦੋ ਢਿੱਡ ਹੁੰਦੇ ਹਨ, ਇੱਕ ਖਾਣੇ ਲਈ ਅਤੇ ਦੂਜਾ ਫੁੱਲਾਂ ਤੋਂ ਇਕੱਠਾ ਕੀਤਾ ਰਸ ਸਾਂਭਣ ਲਈ।
5. ਸ਼ਹਿਦ ਦੀਆਂ ਮੱਖੀਆਂ ਇਕੱਲੀਆਂ ਇਹੋ ਜਿਹੀਆਂ ਕੀਟ ਹਨ ਜੋ ਮਨੁੱਖ ਦੇ ਖਾਣ ਵਾਲਾ ਪਦਾਰਥ ਪੈਦਾ ਕਰਦੀਆਂ ਹਨ।
6. ਸ਼ਹਿਦ ਦੀਆਂ ਮੱਖੀਆਂ ਦੇ ਪੰਜ ਅੱਖਾਂ ਹੁੰਦੀਆਂ ਹਨ, ਦੋ ਵੱਡੀਆਂ ਅੱਖਾਂ ਅਤੇ ਉਨ੍ਹਾਂ ਦੇ ਵਿਚਕਾਰ ਮੱਥੇ ਉੱਤੇ ਤਿੰਨ ਛੋਟੀਆਂ ਅੱਖਾਂ।
7. ਸ਼ਹਿਦ ਵਿੱਚ ਕੁਦਰਤੀ ਰੱਖਿਆਤਮਕ ਤੱਤ ਹੁੰਦੇ ਹਨ ਜੋ ਇਸ ਵਿੱਚ ਬੈਕਟੀਰੀਆ ਪੈਦਾ ਹੋਣ ਤੋਂ ਰੋਕਦੇ ਹਨ।
8. ਇਹ ਮੱਖੀਆਂ 15 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉੱਡਦੀਆਂ ਹਨ।
9. ਸ਼ਹਿਦ ਦੀਆਂ ਮੱਖੀਆਂ ਦੀ ਸੁੰਘਣ ਸ਼ਕਤੀ ਮਨੁੱਖ ਨਾਲੋਂ ਹਜ਼ਾਰਾਂ ਗੁਣਾ ਤੇਜ਼ ਹੁੰਦੀ ਹੈ।
10. ਜੇ ਤੁਸੀਂ ਆਪਣੇ ਹੱਥਾਂ ਉੱਤੇ ਪੁਦੀਨੇ ਦੇ ਪੱਤੇ ਮਲ ਲਓਗੇ ਤਾਂ ਮੱਖੀਆਂ ਤੁਹਾਨੂੰ ਨਹੀਂ ਕੱਟਣਗੀਆਂ।
11. ਸ਼ਹਿਦ ਕਈ ਸਵਾਦਾਂ ਅਤੇ ਰੰਗਾਂ ਵਿੱਚ ਮਿਲਦਾ ਹੈ। ਇਹ ਉਨ੍ਹਾਂ ਫੁੱਲਾਂ ਉੱਤੇ ਨਿਰਭਰ ਕਰਦਾ ਹੈ, ਜਿੰਨਾ ਤੋਂ ਇਸ ਨੂੰ ਇਕੱਠਾ ਕੀਤਾ ਜਾਂਦਾ ਹੈ।
12. ਮੱਖੀਆਂ ਨੱਚ ਕੇ ਇੱਕ ਦੂਜੇ ਨਾਲ ਗੱਲਬਾਤ ਕਰਦੀਆਂ ਹਨ।
13. ਮੱਖੀਆਂ ਆਪਣੇ ਖੰਭ ਇੱਕ ਸੈਕਿੰਡ ਵਿੱਚ 200 ਤੋਂ 230 ਵਾਰ ਫਰਕਾਉਂਦੀਆਂ ਹਨ।
14. ਮੱਖੀਆਂ ਆਪਣੀ ਲੋੜ ਤੋਂ 45 ਕਿਲੋ ਵੱਧ ਸ਼ਹਿਦ ਪੈਦਾ ਕਰਦੀਆਂ ਹਨ, ਮੱਖੀ ਪਾਲਕ ਇਹੀ ਵਾਧੂ ਸ਼ਹਿਦ ਚੋਂਦੇ ਹਨ।

**-ਸ਼ਮਿੰਦਰ ਕੌਰ, ਸੰਪਰਕ: 98157-15357**

## ਰਸਤਾ ਲੱਭੋ



## ਬਿੰਦੂ ਮਿਲਾਓ



**ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?**






# ਡੱਡੂ ਪਾਣੀ ਕਿਵੇਂ ਪੀਂਦਾ ਹੈ ?

ਡੱਡੂ ਇੱਕ ਜਲਥਲੀ ਜੀਵ ਹੈ। ਇਸ ਦੀਆਂ ਲਗਪਗ 500 ਕਿਸਮਾਂ ਹਨ। ਇਹ ਠੰਢੇ ਲਹੂ ਵਾਲਾ ਜੀਵ ਹੈ। ਇਸ ਦੀ ਉਮਰ ਲਗਪਗ 15 ਸਾਲ ਹੁੰਦੀ ਹੈ। ਡੱਡੂ, ਕਦੇ ਮੂੰਹ ਰਾਹੀਂ ਪਾਣੀ ਨਹੀਂ ਪੀਂਦਾ ਅਤੇ ਹਮੇਸ਼ਾਂ ਚਮੜੀ ਰਾਹੀਂ ਪਾਣੀ ਨੂੰ ਸੋਖਦਾ ਹੈ। ਇਸ ਦੀ ਚਮੜੀ ਗਿੱਲੀ ਪਤਲੀ ਲੇਸਦਾਰ ਅਤੇ ਮੁਸਾਮਦਾਰ ਹੁੰਦੀ ਹੈ। ਡੱਡੂ ਹਰ ਰੋਜ਼ ਜਾਂ ਹਫ਼ਤੇ ਬਾਅਦ ਚਮੜੀ ਨੂੰ ਉਤਾਰ ਦਿੰਦਾ ਹੈ। ਇਸ ਦੀ ਚਮੜੀ ਵਿੱਚ ਗ੍ਰੰਥੀਆਂ ਹਨ ਜਿਹੜੀਆਂ ਇੱਕ ਪਦਾਰਥ ਪੈਦਾ ਕਰਦੀਆਂ ਹਨ ਜਿਸ ਕਾਰਨ ਇਸ ਦੀ ਚਮੜੀ ਲੇਸਦਾਰ ਅਤੇ ਗਿੱਲੀ ਰਹਿੰਦੀ ਹੈ। ਡੱਡੂ ਦੇ ਸਰੀਰ 'ਤੇ ਇੱਕ ਧੱਬਾ ਜਾਂ ਖ਼ਾਸ ਖੇਤਰ ਹੁੰਦਾ ਹੈ ਜੋ ਇਸ ਦੇ ਪੇਟ ਅਤੇ ਪਿਛਲੀਆਂ ਲੱਤਾਂ ਦੇ ਪੱਟਾਂ ਹੇਠ ਹੁੰਦਾ ਹੈ। ਇਹ ਧੱਬੇ ਦਾ ਰੰਗ ਡੱਡੂ ਦੀ ਚਮੜੀ ਤੋਂ ਬਹੁਤ ਹਲਕਾ ਹੁੰਦਾ ਹੈ। ਇਸ ਧੱਬੇ ਨੂੰ ਡਰਿਕਿੰਗ ਪੈਚ ਜਾਂ ਪਾਣੀ ਸੋਖਣ ਵਾਲਾ ਧੱਬਾ ਕਹਿੰਦੇ ਹਨ। ਇਹ ਧੱਬਾ 70 ਫ਼ੀਸਦੀ ਪਾਣੀ ਨੂੰ ਸੋਖਦਾ ਹੈ ਅਤੇ ਬਾਕੀ 30 ਫ਼ੀਸਦੀ ਪਾਣੀ ਡੱਡੂ ਬਾਕੀ ਚਮੜੀ ਰਾਹੀਂ ਸੋਖਦਾ ਹੈ। ਜੇ ਡੱਡੂ ਦੀ ਚਮੜੀ ਖ਼ੁਸ਼ਕ ਹੋ ਜਾਵੇ ਤਾਂ ਉਹ ਜਿਉਂਦਾ ਨਹੀਂ ਰਹਿ ਸਕਦਾ ਕਿਉਂਕਿ ਉਹ ਚਮੜੀ ਰਾਹੀਂ ਪਾਣੀ ਸੋਖਦਾ ਹੈ ਅਤੇ ਸਾਹ ਵੀ ਲੈਂਦਾ ਹੈ। ਚਮੜੀ ਅਤੇ ਧੱਬਾ ਹਵਾ ਵਿਚਲੀ ਨਮੀ ਨੂੰ ਵੀ ਸੋਖ ਲੈਂਦਾ ਹੈ।

**- ਕਰਨੈਲ ਸਿੰਘ ਰਾਮਗੜ੍ਹ, ਸੰਪਰਕ: 81948-43195**






# ਕਾਵਿ-ਲਹਿਰਾਂ

## ਕੁੜੀਓ ਨੀਂ...

ਕੁੜੀਓ ਨੀਂ ਸਮਝਦਾਰ ਬਣੋ,
ਤਿੱਖੀਆਂ ਤੇਜ਼ ਤਰਾਰ ਬਣੋ।
ਭੁੰਡ ਆਸ਼ਿਕ ਜੋ ਮਗਰ ਲਗਾਉਂਦੇ,
ਪੜ੍ਹ ਲਿਖ ਕੇ ਨਾ ਗਵਾਰ ਬਣੋ।
ਕੁੜੀਓ ਨੀਂ......
ਡਰ ਕੇ ਘਰ ਤੁਸਾਂ ਬਹਿਣਾ ਨਹੀਂ,
ਮੰਦਾ ਕਿਸੇ ਨੂੰ ਕਹਿਣਾ ਨਹੀਂ।
ਜ਼ੁਲਮ ਕਿਸੇ ਤੇ ਕਰਨਾ ਨਹੀਂ,
ਤੇ ਜ਼ੁਲਮ ਕਿਸੇ ਦਾ ਸਹਿਣਾ ਨਹੀਂ।
ਮਿੱਠੀਆਂ ਬੇਸ਼ੱਕ ਨਾਜ਼ੁਕ ਤੁਸੀਂ,
ਪਰ ਦੁਸ਼ਟਾਂ ਲਈ ਤਲਵਾਰ ਬਣੋ।
ਕੁੜੀਓ ਨੀਂ........
ਆਪਣੀ ਇੱਜ਼ਤ ਸਾਂਭੋ ਆਪੇ,
ਦੁੱਖਾਂ ਵਿੱਚ ਨਾ ਪਾਓ ਮਾਪੇ।
ਲਾਡਾਂ ਨਾਲ਼ ਉਹ ਪਾਲ਼ ਤੜਪਦੇ,
ਧੀਆਂ ਨੂੰ ਜਦ ਦਰਦ ਬਿਆਪੇ।
ਜੀਵਨ ਸਾਥੀ ਨਾ਼ਲ ਨਿਭਾ ਕੇ,
ਓਸਦਾ ਸੋਹਣਾ ਜਿਹਾ ਪਰਿਵਾਰ ਬਣੋ।
ਕੁੜੀਓ ਨੀਂ......
ਕੋਈ ਭਾਰ ਕਹੇ,ਕੋਈ ਮਾਰ ਦਵੇ,
ਕੋਈ ਇੱਜ਼ਤ ਤਾਰੋ ਤਾਰ ਕਰੇ।
ਬੇਟੀ ਪੜ੍ਹਾਓ,ਬੇਟੀ ਬਚਾਓ,
ਹਰ ਕੋਈ ਬੇਸ਼ੱਕ ਪ੍ਰਚਾਰ ਕਰੇ।
ਇਹਨਾਂ ਰਾਕਸ਼ਾਂ ਦੇ ਸੰਘਾਰ ਲਈ,
ਮਨਜੀਤ 'ਚੰਡੀ' ਦਾ ਅਵਤਾਰ ਬਣੋ।
ਕੁੜੀਓ ਨੀਂ ਸਮਝਦਾਰ ਬਣੋ,
ਤਿੱਖੀਆਂ ਤੇਜ਼ ਤਰਾਰ ਬਣੋ।

**ਲਿਖਤ : ਗੁਰਪ੍ਰੀਤ ਸਿੰਘ**
**ਸੰਪਰਕ :** 6280305654

## ਧੀ

ਜਿਸ ਘਰ ਵਿੱਚ ਨਹੀਂ ਹੁੰਦੀ ਕੋਈ ਧੀ,
ਯਾਰੋ, ਉਹ ਘਰ ਹੁੰਦਾ ਖੰਡਰ ਹੀ।

ਆਪਣੇ ਪੇਕੇ ਘਰ ਦਾ ਸਦਾ ਭਲਾ ਮੰਗੇ,
ਸਹੁਰੇ ਘਰ ਵਿੱਚ ਬੈਠੀ ਕੱਲੀ ਧੀ।

ਆਪਣੇ ਦੁੱਖ ਉਹ ਦੱਸੇ ਨਾ ਕਿਸੇ ਨੂੰ,
ਆਪਣੇ ਦੁੱਖ ਜਰਦੀ ਉਹ ਕਰੇ ਨਾ ਸੀ ।

ਕਿਸੇ ਦੇ ਦੁੱਖ ਵੰਡਾਵਣ ਦੀ ਖਾਤਰ,
ਉਹ ਤੁਰ ਪਵੇ ਵੇਲੇ, ਕੁਵੇਲੇ ਵੀ।

ਧੀ ਨੂੰ ਤੋਲੀਏ ਕਾਹਦੇ ਬਰਾਬਰ,
ਧੀ ਬਰਾਬਰ ਤਾਂ ਹੈ ਨ੍ਹੀ ਸੋਨਾ ਵੀ।

ਧੀ ਨੂੰ ਖੁਸ਼ ਰੱਖੀਏ ਘਰ ਖੁਸ਼ ਰੱਖਣ ਲਈ,
ਜੇ ਧੀ ਰੋਈ, ਘਰ ਲੱਗੂ ਬੰਜ਼ਰ ਹੀ।

ਉਸ ਜਾਏ ਮਹਾਂਯੋਧੇ,ਬਲਕਾਰੀ,
ਉਸ ਜਾਏ ਗੁਰੂ, ਪੀਰ, ਪੈਗੰਬਰ ਵੀ।

ਇਹ ਜੱਗ ਤਾਂ ਹੀ ਚਲਦਾ ਰਹਿ ਸਕਦੈ,
ਜੇ ਹਰ ਘਰ ਵਿੱਚ ਹੋਵੇ ਜ਼ਰੂਰ ਇੱਕ ਧੀ।

**ਲਿਖਤ : ਮਹਿੰਦਰ ਸਿੰਘ ਮਾਨ**
**ਨਵਾਂ ਸ਼ਹਿਰ**-9915803554

## ਕਲਯੁੱਗ

ਦੱਸ ਬਾਪੂ ਤੇਰਾ ਕੀ ਏ ਮਸਲਾ
ਕਿਵੇਂ ਬਿਰਧ ਘਰ ਆਇਆ?
ਪੁੱਛ ਨਾ ਧੀਏ ਮਸਲੇ ਮੁਸਲੇ
ਢਿੱਡੋਂ ਜੰਮੀਆਂ ਔਲਾਦਾਂ ਸਾਨੂੰ
ਜਿਉਂਦੇ ਮਾਰ ਮੁਕਾਇਆ
ਨਾ ਕੰਮ ਧੰਦਾਂ ਕੋਈ ਕਰਦੈਂ ਬੁੜਿਆ
ਕਿੱਥੋਂ ਰੱਬ ਨੇ ਦੱਦ ਸਾਨੂੰ ਲਾਇਆ
ਦੱਸਦਾ ਦੱਸਦਾ ਬਾਪੂ ਮਸਲੇ
ਅੱਖੀਓ ਨੀਰ ਵਹਾਇਆ
ਪੁੱਤ !ਪੈ ਗਏ ਅੱਟਣ ਹੱਥਾਂ ਦੇ ਵਿੱਚ
ਖੇਤੀ ਹਲ ਬੜਾ ਵਾਹਿਆ
ਜਿਸ ਔਲਾਦ ਨੂੰ ਚੱਕ ਗਧੇੜੇ
ਪਾ ਬੁਰਕੀਆਂ ਮੂੰਹ ਵਿੱਚ
ਸੀ ਲਾਡਾਂ ਨਾਲ ਖਿਡਾਇਆ
ਬਣੂ ਸਹਾਰਾ ਬੁੱਢੇ ਵਾਰੇ
ਮਨ ਨੂੰ ਵਹਿਮ ਸੀ ਪਾਇਆ
ਦੋ ਵੇਲੇ ਦੇ ਟੁੱਕਰ ਪਿੱਛੇ
ਮੈਨੂੰ ਬਿਰਧ ਘਰ ਵਿੱਚ ਪਹੁੰਚਾਇਆ
ਤੁਰ ਗਈ ਜਦ ਦੀ ਬੇਬੇ ਤੇਰੀ
ਬਾਤ ਕੋਈ ਨਾ ਪੁੱਛੇ
ਕੀ ਦੱਸਾਂ ਤੈਨੂੰ ਮਸਲੇ ਧੀਏ
ਬਾਪੂ ਇੱਕਦਮ ਹੋ ਗਿਆ ਚੁੱਪੇ
ਖੂਨ ਸਫ਼ੇਦ ਹੋ ਗਿਆ ਸਭ ਦਾ
ਕਲਯੁੱਗ ਹਨ੍ਹੇਰੀ ਝੁੱਲੀ
ਆਪਣਿਆਂ ਮੈਨੂੰ ਘਰੋਂ ਵਗਾਇਆ
ਮੈਂ ਤਰਸਾਂ ਗੁੱਲੀ, ਕੁੱਲੀ
ਸੁਣਕੇ "ਸਰਬ" ਵੀ ਸੁੰਨ ਜਿਹੀ ਹੋ ਗਈ
ਸੋਚੇ! ਕੈਸਾ ਵੇਲਾ ਆਇਆ
ਆਪਣਿਆਂ ਨੂੰ ਲੁੱਟਣ ਆਪਣੇ
ਘੋਰ ਹੈ ਕਲਯੁੱਗ ਛਾਇਆ
ਲਗਦੈ...ਘੋਰ ਹੈ ਕਲਯੁੱਗ ਛਾਇਆ

**ਲਿਖਤ : ਡਾ ਸਰਬਜੀਤ ਕੌਰ ਬਰਾੜ**
**ਸੰਪਰਕ :** 79866-52927

## ਸਮਰੱਥ ਕਲਮ

ਐ ਬੁਰਜੁਆ
ਤੂੰ ਖ਼ੌਫ ਦੀਆਂ ਲਕੀਰਾਂ ਖਿਚ ਕੇ
ਚੁੱਪ 'ਤੇ ਪੈਂਤੜੇ ਨਾ ਅਜ਼ਮਾ
ਤੂੰ ਨਹੀਂ ਜਾਣਦਾ
ਹਨ੍ਹੇਰਾ ਹੋਰ ਡੂੰਘਾ ਹੋ ਜਾਂਦਾ
ਤੇ ਚੁੱਪ ਦਾ ਸ਼ੋਰ
ਵੀ ਬੜਾ ਖ਼ੌਫ਼ਨਾਕ ਹੁੰਦਾ
ਦਿਲ-ਓ ਦਿਮਾਗ ਦੀ ਲੋਅ
ਲਟ ਲਟ ਬਲਦੀ ਆ
ਕਦਰਾਂ ਕੀਮਤਾਂ ਦੀ ਹਿਫਾਜ਼ਤ
ਕਰਨ ਦਾ ਜਜ਼ਬਾ
ਮੁੱਢ ਕਦੀਮਾਂ ਤੋਂ ਹੀ
ਹੈ ਸਾਡੇ ਖੂਨ ਅੰਦਰ
ਤੇ ਸਮਰੱਥ ਕਲਮ ਸਦਾ
ਉਮੀਦ ਨੂੰ ਰੱਖਦੀ ਏ ਜ਼ਿੰਦਾ
ਤੇ ਲਗਾਤਾਰ ਸੰਘਰਸ਼ ਦੇ
ਰਾਹੇ ਤੋਰਦੀ ਆ।

**ਲਿਖਤ : ਅਮਨਦੀਪ ਕੌਰ ਜੋਗਾ**

## ਹੱਲਾਸ਼ੇਰੀ

ਸਾਂਭ ਰੱਖੀਂ ਕਲਮ ਕਰ ਤਿੱਖੀ,
ਮਾਈਕ ਉੱਤੇ ਕਰੀਂ ਨਾ ਢਿੱਲ ਬੇਲੀ,
ਪਹਿਰਾ ਸੱਚ ਦਾ ਸਦਾ ਦੇਈ ਚੱਲੀਂ,
ਰੱਖੀਂ ਝੂਠ ਦੀ ਬਣਾ ਕੇ ਖਿੱਲ ਬੇਲੀ।
ਨਾ ਡੋਲੀਂ ਨਾ ਘਬਰਾਹਟ ਮੰਨੀ,
ਕਰ ਤਕੜਾ ਰੱਖੀਂ ਦਿਲ ਬੇਲੀ।
ਐਸਾ ਖਿੱਚ ਨਿਸ਼ਾਨਾ ਬਿੰਨ੍ਹ ਰੱਖੀਂ,
ਭੋਰਾ ਜਾਣ ਨਾ ਘਮੰਡੀ ਹਿੱਲ ਬੇਲੀ।
ਰੱਖੀਂ ਕਰਕੇ ਸਦਾ ਬੰਦ ਘੁੱਤੀ,
ਖੇਡ ਸਕਣ ਨਾ ਚੋਟ ਪਿੱਲ ਬੇਲੀ,
ਹੋ ਕੇ ਬੇ-ਡਰ ਡੂੰਘਾ ਗੱਡ ਰੱਖੀਂ,
ਟੋਪੀ ਵਾਲਾ ਜੜ ਕੇ ਕਿੱਲ ਬੇਲੀ।
ਖੰਘ ਖੁਸ਼ਕੀ ਦੇਵੀਂ ਚੁੱਕ 'ਭਗਤਾ',
ਅੱਖਾਂ ਕਰ ਦੇਈਂ ਗਿੱਲੋ ਗਿੱਲ ਬੇਲੀ।
ਧਰੇ ਪੈਰ ਨਾ ਕੋਈ ਭੱਖੜੇ 'ਤੇ,
ਖੱਲ ਵਾਲ ਦੀ ਦੇਵੀਂ ਛਿੱਲ ਬੇਲੀ।

**ਲਿਖਤ : ਬਰਾੜ-ਭਗਤਾ ਭਾਈ ਕਾ**
**ਸੰਪਰਕ :** 001-604-751-1113

## ਨਕਲੀ ਚਿਹਰੇ

ਪਹਿਲਾਂ ਵਰਗੇ ਲੋਕ ਰਹੇ ਨਾ,
ਨਾ ਪਹਿਲਾਂ ਵਰਗੀਆਂ ਪ੍ਰੀਤਾਂ।
ਨਕਲੀ ਨਕਲੀ ਚਿਹਰੇ ਨੇ ਤੇ,

ਖੋਟੀਆਂ ਜਿਹੀਆਂ ਨੀਤਾਂ।
ਪਹਿਲਾਂ ਵਰਗੇ....

ਪਹਿਲੋਂ ਪਿਆਰ ਸੀ ਸੱਚੇ ਸੁੱਚੇ,
ਇਬਾਦਤ ਵਰਗੀਆਂ ਯਾਰੀਆਂ।
ਹੁਣ ਤਾਂ ਛੁਰੀਆਂ ਪਿੱਠਾਂ ਦੇ ਵਿੱਚ,
ਭਾਈਆਂ ਯਾਰਾਂ ਮਾਰੀਆਂ।

ਜ਼ਹਿਰ ਮਿਲਾ ਦੇ ਗਏ ਚੂਰੀ,
ਤਰਸ ਨਾ ਮਨ ਵਿੱਚ ਮੀਤਾਂ।
ਪਹਿਲਾਂ ਵਰਗੇ.....

ਮਾਇਆ ਪਿੱਛੇ ਪਾਗ਼ਲ ਹੋਏ,
ਛੋਟੇ ਵੱਡੇ ਕਰ ਲਏ ਕਾਰੇ।
ਝੂਠੀਆਂ ਕਸਮਾਂ ਖਾ ਕੇ ਮੁੱਕਰੇ,
ਤੇਰੇ ਮੇਰੇ ਸੱਭ ਡਕਾਰੇ।

ਝੂਠੇ ਖ਼ੁਸ਼ੀ ਗਮੀ ਦੇ ਚੋਜ ਤੇ,
ਦਿਖਾਵੇ ਰਹਿ ਗਈਆਂ ਰੀਤਾਂ।
ਪਹਿਲਾਂ ਵਰਗੇ.....

ਤੁਰ ਗਏ ਕਈ 'ਕੱਠੀ ਕਰਦੇ,
ਹੁਣ ਨਵਿਆਂ ਕੁੰਡਲੀ ਮਾਰੀ।
ਸਾਰਾ ਜਹਾਨ ਜਿੱਤ ਕੇ ਏਸ,
ਮਾਇਆ ਤੋਂ ਦੁਨੀਆਂ ਹਾਰੀ।

ਰੋਂਦੇ ਹਉਕੇ ਲੈ ਕੇ ਰਿਸ਼ਤੇ,
ਵਿੱਚ ਮਨਜੀਤ ਦੇ ਗੀਤਾਂ।
ਪਹਿਲਾਂ ਵਰਗੇ.....

**ਲਿਖਤ : ਮਨਜੀਤ ਕੌਰ ਧੀਮਾਨ,**
**ਸੰਪਰਕ :** 94646-33059

## ਗ਼ਜ਼ਲ

ਹਰ ਕਦਮ ਤੇ ਭਾਵੇਂ ਮੇਰੇ ਰਾਹ ਵਿੱਚ ਔਕੜ ਖੜੀ ਹੈ,
ਫਿਰ ਵੀ ਮੈਂ ਅੱਗੇ ਕਦਮ ਰੱਖਾਂਗਾ, ਮੇਰੀ ਇਹ ਅੜੀ ਹੈ।
ਸੱਚ ਬੋਲਣ ਵਾਲੇ ਖ਼ਬਰੇ ਕਿੱਥੇ ਗਾਇਬ ਹੋ ਗਏ ਨੇ,
ਝੂਠ ਬੋਲਣ ਵਾਲਿਆਂ ਦੀ ਚੜ੍ਹ ਮਚੀ ਅੱਜ ਕੱਲ੍ਹ ਬੜੀ ਹੈ।

ਰੱਬ ਦੇ ਰੰਗਾਂ ਦਾ ਇਸ ਜੱਗ ਵਿੱਚ ਹੈ ਕਿਸ ਨੇ ਭੇਤ ਪਾਇਆ,
ਔੜ ਲਾਂਦਾ ਹੈ ਕਦੇ ਉਹ ਤੇ ਕਦੇ ਲਾਂਦਾ ਝੜੀ ਹੈ।
ਆਪਣੇ ਜੀਵਨ ਦੇ ਬਿਤਾ ਕੇ ਸਾਲ ਪੰਜਾਹ ਜਾਣਿਆ ਹੈ,
ਇੱਥੇ ਧਨਵਾਨਾਂ ਤੇ ਬੇਈਮਾਨਾਂ ਦੀ ਚਲਦੀ ਬੜੀ ਹੈ।

ਮੇਰੇ ਕੋਲੋਂ ਆਸ ਰੱਖੇਗਾ ਕਿਵੇਂ ਸਤਿਕਾਰ ਦੀ ਉਹ,
ਮੇਰੇ ਚਾਵਾਂ ਦੀ ਕਲੀ ਜਿਸ ਦੇ ਦਗੇ ਸਦਕਾ ਸੜੀ ਹੈ।
ਕਿਸ ਤਰ੍ਹਾਂ ਭੁੱਲ ਜਾਵਾਂ ਮੈਂ ਉਹਨਾਂ ਨੂੰ ਕੇਵਲ ਤੇਰੇ ਕਰਕੇ,
ਜਿਹਨਾਂ ਨੇ ਔਖੇ ਦਿਨਾਂ ਦੇ ਵਿੱਚ ਮੇਰੀ ਬਾਂਹ ਫੜੀ ਹੈ।

ਲੋੜ ਸੀ ਜਦ ਤੇਰੀ ਗੋਡੇ, ਗੋਡੇ ਮੇਰੀ ਜ਼ਿੰਦਗੀ ਨੂੰ,
ਇੱਕ ਦਿਆਲੂ ਸਾਥੀ ਸਦਕਾ ਬੀਤ ਚੁੱਕੀ ਉਹ ਘੜੀ ਹੈ।

**ਲਿਖਤ : ਮਹਿੰਦਰ ਸਿੰਘ ਮਾਨ**
**ਫੋਨ** 9915803554

## ਬਹੁਰੰਗੇ

ਨਟਾਂ ਦਾ ਨਾਚ,
ਨਕਲੀਆਂ ਦਾ ਕਿਰਦਾਰ,
ਕੌਣ ਅਦਾ ਕਰਦਾ ਹੈ ?

ਅਸਲ ਵਿਚ,
ਅਸਲ ਕਿਰਦਾਰ।
ਗਿੱਠ-ਗਿੱਠ ਜ਼ਮੀਨਾਂ ਦੇ ਟੁਕੜੇ,
ਵਿਹੜੇ ਵਿਚ ਦੀਵਾਰ।

ਜਿਊਂਦਿਆਂ ਨੂੰ ਨਾ ਕਿਸੇ ਨੇ ਪੁੱਛਣਾ,
ਅਫ਼ਸੋਸ ਮੁਰਦਿਆਂ ਦਾ,
ਕਿ ਫੇਰ ਜਨਾਬ।

ਰੱਬ-ਰੱਬ ਕਰਨਾ,
ਲੋਕਾਂ ਨੂੰ ਠੱਗਣਾ,
ਮਸਤਕ ਵਿਚ ਜੁਗਤਾਂ ਦੇ ਭੰਡਾਰ।

ਕਦੇ ਸ਼ਰਬਤੀ ਨੋਟਾਂ ਦਾ ਜਾਦੂ,
ਕਦੇ ਲੁੱਟ ਲੈਣਾ, ਬਣ ਕੇ ਭਾਈਵਾਲ।
ਬਿਨ ਅਵਾਜ਼ੋਂ, ਵੱਜਦੇ ਨੇ ਸਾਜ਼,
ਮੁਰਦੇ ਜਿਊਂਦੇ ਨੇ,
ਜਿਊਂਦਿਆਂ ਦੇ,ਜਹਿਨ ਵਿਚ ਸਰਕਾਰ।

ਬਨਵਾਸ ਜ਼ਿੰਦਗੀ ਦਾ ਨਾ ਮੁੱਕੇ,
ਰਹਿਕੇ ਬਸਤੀ ਵਿਚ ਵੀ ਕਈ ਸਾਲ।
ਚੀਰਦੀਆਂ ਹਵਾਵਾਂ ਮੌਸਮ ਨੂੰ ,
ਬਣਕੇ ਤਿੱਖੀ ਤਲਵਾਰ,
ਸੁੱਕ ਗਏ ਸਾਰੇ ਅਰਮਾਨ,
ਪੁੱਠੇ ਟੰਗੇ ਰਹੇ ਜਦ,ਖ਼ਾਬਾਂ ਵਿਚ ਖਾਸੇ ਸਾਲ।

ਈਮਾਨ ਡੋਲ ਜਾਂਦੇ ਨੇ ਸਭ ਦੇ,
ਜਦੋਂ ਨਾਅਰੇ ਗੂੰਜਦੇ ਨੇ ਸਵਾਰਥ ਦੇ,
ਚਹੁੰ ਦਿਸ਼ਾਵਾਂ ਵਿਚ ਬਣਕੇ ਬਲਵਾਨ।
ਸੱਚ ਕਹਿਣੋਂ ਕਿਸੇ ਤੋਂ ਨਹੀਂ ਡਰਦੇ,
ਫੇਰ ਉਹ ਹੋਵੇ ਕਾਜ਼ੀ,
ਜਾਂ ਹੋਵੇ ਜੱਲਾਦ।

**ਲਿਖਤ : ਨੀਰ ਪੰਜਾਬੀ ਯੂ ਐਸ ਏ**

## ਪੰਜਾਬੀ ਸਿੱਖੀਏ

ਆਓ ਮੇਰੇ ਆੜੀਓ ਪੰਜਾਬੀ ਸਿੱਖੀਏ,
ਸੋਹਣੇ ਅੱਖਰਾਂ 'ਚ ਵਰਨਮਾਲਾ ਲਿਖੀਏ।
ਗੁਰਮੁਖੀ ਵਿਚ ਲਿਖੀਏ ਪੰਜਾਬੀ ਵਿੱਚ ਬੋਲੀਏ,
ਗੁਰਮੁਖੀ ਏ ਲਿਪੀ ਤੇ ਪੰਜਾਬੀ ਸਾਡੀ ਬੋਲੀ ਏ।
ਇਹਦੇ ਮੂਹਰੇ ਹਰ ਇਕ ਜ਼ੁਬਾਨ ਪੈਂਦੀ ਫਿੱਕੀ ਏ,
ਆਓ ਮੇਰੇ ਆੜੀਓ...
ਵਿਅੰਜਨ ਅਠੱਤੀ ਇਹਦੇ ਸੂਰ ਤਿੰਨ ਨੇ,
ਲਗਾਂ ਉਂਝ ਦਸ ਪਰ ਨੌਂ ਚਿੰਨ੍ਹ ਨੇ।
ਮੁਕਤੇ ਦੀ 'ਵਾਜ਼ ਅੜੇ ਨਾਲ ਲਿਖੀਏ,
ਆਓ ਮੇਰੇ ਆੜੀਓ...
ੳ, ਅ, ੲ ਨੇ ਸੂਰ ਇਹਦੇ ਤਿੰਨ,
ਬਿੰਦੀ,ਟਿੱਪੀ, ਅੱਧਕ ਲਗਾਖਰ ਵੀ ਤਿੰਨ।
ਸਾਰਿਆਂ ਦੀ ਵੱਖ ਪਹਿਚਾਣ ਰੱਖੀਏ,
ਆਓ ਮੇਰੇ ਆੜੀਓ...
ਹ, ਰ, ਵ, ਤਿੰਨ ਅੱਖਰ ਨੇ ਦੁੱਤ,
ਕਿਤੇ ਕਿਤੇ ਤਿੰਨਾਂ ਨੂੰ ਲਿਖਦੇ ਸੰਯੁਕਤ।
ਪੈਰ 'ਚ ਵੀ ਪੈਣ ਇਹ ਪਛਾਣ ਪੱਕੀ ਐ,
ਆਓ ਮੇਰੇ ਆੜੀਓ...
ਙ, ਞ, ਣ, ਨ, ਮੰਮੇ ਦੀ ਆਵਾਜ਼,
ਗਿਣਤੀ 'ਚ ਪੰਜ ਕਰਨ ਹੁਣ ਤਿੰਨ ਕਾਜ।
ਨਾਸਿਕੀ ਸ੍ਵਰਾਂ ਦਾ ਫਰਕ ਸਿੱਖੀਏ,
ਆਓ ਮੇਰੇ ਆੜੀਓ...

**ਲਿਖਤ : ਮਾਸਟਰ ਪ੍ਰੇਮ ਸਰੂਪ ਛਾਜਲੀ**
**ਸੰਪਰਕ :** 9417134982

## ਗ਼ਜ਼ਲ

ਦਰਿਆ ਕੋਲ ਪਿਆਸ ਖੜ੍ਹੀ ਸੀ
ਨਿੰਮੋਝਾਣੀਂ ਹੋ ਕੇ।
ਲਹਿਰਾਂ ਏਨਾਂ ਸ਼ੋਰ ਮਚਾਇਆ
ਹਸ-ਹਸ ਕੇ ਰੋ-ਰੋ ਕੇ।
ਨੇਰ੍ਹਾਂ ਫਿਰ ਵੀ ਨੇਰ੍ਹੇ ਜੋਗਾ
ਨੇਰ੍ਹੇ ਦੇ ਗੁਣ ਗਾਏ,
ਜੁਗਨੂੰ ਐਵੇਂ ਕਾਲਿਖ ਲਾਵ੍ਹੇ
ਮਲ-ਮਲ ਕੇ ਧੋ-ਧੋ ਕੇ।
ਬੱਦਲ ਦੀ ਬੇਰਹਿਮੀ ਨੇ
ਐਸਾ ਕਹਿਰ ਜਮਾਇਆ,
ਛੱਤ ਹਾਲੋਂ-ਬੇਹਾਲ ਸੀ ਹੋਈ
ਬਾਰਿਸ਼ ਵਿਚ ਚੋ-ਚੋ ਕੇ।
ਬੱਤੀ ਨੇ ਮਜ਼ਬੂਤੀ ਦੇ ਨਾਲ
ਲੋਅ ਨਾ ਬੁਝਣ ਦਿੱਤੀ,
ਤੇਜ਼ ਹਵਾਵਾਂ ਦੀਵੇ ਉਪਰ
ਆਈਆਂ ਨੇ ਹੋ-ਹੋ ਕੇ।
ਉਜਰਤ ਦੇ ਨਾਲ ਤਨ ਦੇ
ਉਤੋਂ ਮੁੜਕਾ ਵੀ ਨਾ ਸੁੱਕਾ,
ਸਾਰੇ ਕਾਮੇਂ ਪੱਥਰ ਰੋੜੇ ਮਰ
ਗਏ ਨੇ ਢੋਹ-ਢੋਹ ਕੇ।
ਪ੍ਰਸ਼ਾਸਨ ਤਕ ਆਏ ਸੀ
ਜੋ ਲੋਕ ਸ਼ਿਕਾਇਤ ਕਰਤਾ,
ਝੂਠੇ ਇੱਕ ਮੁਕਦਮੇ ਅੰਦਰ
ਮਾਰੇ ਨੇ ਕੋਹ-ਕੋਹ ਕੇ।
ਝੁੱਗੀਆਂ ਦੇ ਵਿਚ ਭੁੱਖ ਵਿਚਾਰੀ
ਤੜਪ-ਤੜਪ ਕੇ ਮੋਈ,
ਰੱਜੇ ਲੋਕੀਂ ਲੈ ਗਏ ਰਾਸ਼ਨ
ਹੱਥੋਂ-ਹੱਥੀਂ ਖੋਹ ਕੇ।
ਪੀੜ ਪਿਆਰੀ ਨੇ ਤਾਂ ਬਿਲਕੁਲ
ਉਗ ਸੁਗ ਵੀ ਨਾ ਕੱਢੀ,
ਹੰਝੂਆਂ ਆਤਮ ਹੱਤਿਆ
ਕੀਤੀ ਅੱਖਾਂ ਵਿੱਚ ਸਮੋ ਕੇ।
ਬਾਲਮ ਕਿਧਰੇ ਦੱਸ ਨਾ
ਬੈਠੀਂ ਲੋਕੀਂ ਵਿੱਚੋਂ ਖਚਰੇ,
ਅਪਣੇ ਦਿਲ ਦੇ ਅੰਦਰ
ਰੱਖੀਂ ਖੁਸ਼ੀਆਂ ਜ਼ਖ਼ਮ ਲੁਕੋ ਕੇ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਮੋ.** 98156-25409



# ਨਾਰੀ ਸੰਸਾਰ



## ਨਜ਼ਰਅੰਦਾਜ਼ ਨਾ ਕਰੋ ਬੱਚਿਆਂ ਦੀਆਂ ਗ਼ਲਤੀਆਂ

**ਇਕਵਾਕ ਸਿੰਘ ਪੱਟੀ**

**ਧੰਨਵਾਦ ਕਹਿਣ ਦੀ ਆਦਤ :** ਅਕਸਰ ਹੀ ਛੋਟੇ ਬੱਚਿਆਂ ਦੇ ਜਨਮ ਦਿਨ ਮੌਕੇ ਜਾਂ ਵੈਸੇ ਵੀ ਜਦ ਮਹਿਮਾਨ ਘਰ ਆਉਂਦੇ ਹਨ ਤਾਂ ਘਰ ਵਿਚ ਛੋਟੇ ਬੱਚੇ ਹੋਣ ਕਰਕੇ ਉਨ੍ਹਾਂ ਲਈ ਕੁਝ ਤੋਹਫੇ, ਚਾਕਲੇਟ, ਟਾਫੀਆਂ ਜਾਂ ਹੋਰ ਸੌਗਾਤਾਂ ਲੈ ਕੇ ਆਉਂਦੇ ਹਨ ਤਾਂ ਬੱਚਿਆਂ ਕੋਲੋਂ ਮਹਿਮਾਨਾਂ ਨੂੰ ਧੰਨਵਾਦ, ਮਿਹਰਬਾਨੀ ਕਹਿਣ ਦੀ ਆਦਤ ਪਾਉਣੀ ਚਾਹੀਦੀ ਹੈ, ਕਿਉਂਕਿ ਕਈ ਵਾਰ ਦੇਖਣ ਵਿਚ ਆਉਂਦਾ ਹੈ ਬੱਚੇ ਕਹਿ ਦਿੰਦੇ ਹਨ ਕਿ ਇਹ ਤੋਹਫਾ ਉਨ੍ਹਾਂ ਨੂੰ ਪਸੰਦ ਨਹੀਂ ਹੈ ਜਾਂ ਇਸ ਨੂੰ ਬਦਲ ਕੇ ਦੂਜਾ ਲੈ ਕੇ ਦਿਓ ਜਾਂ ਕਈ ਵਾਰ ਆਪ ਹੀ ਮਹਿਮਾਨਾਂ ਕੋਲੋਂ ਪੈਸੇ ਜਾਂ ਤੋਹਫੇ ਮੰਗਦੇ ਹਨ। ਬੱਚੇ ਹੋਣ ਕਰਕੇ ਸਾਹਮਣੇ ਤਾਂ ਕੋਈ ਕੁਝ ਨਹੀਂ ਕਹਿੰਦਾ ਪਰ ਪਿੱਠ ਪਿੱਛੇ ਜ਼ਰੂਰ ਗੱਲਾਂ ਬਣ ਜਾਂਦੀਆਂ ਹਨ ਅਤੇ ਬੱਚਿਆਂ ਲਈ ਵੀ ਅਜਿਹੀ ਆਦਤ ਅੱਗੇ ਜਾ ਕੇ ਨੁਕਸਾਨ ਵਾਲੀ ਹੋ ਸਕਦੀ ਹੈ। ਇਸ ਲਈ ਬੱਚਿਆਂ ਨੂੰ ਚੰਗੀ ਸਿੱਖਿਆ ਉਨ੍ਹਾਂ ਦੇ ਵੱਡੇ ਹੋਣ ਦੇ ਨਾਲ-ਨਾਲ ਹੀ ਦਿੰਦੇ ਰਹਿਣਾ ਚਾਹੀਦਾ ਹੈ ਅਤੇ ਹਰ ਮਿਲਣ ਵਾਲੀ ਸ਼ੈਅ ਲਈ ਧੰਨਵਾਦ ਬੱਚਿਆਂ ਕੋਲੋਂ ਕਹਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਵੱਡਿਆਂ ਦਾ ਨਾਂਅ ਨਾ ਲੈਣਾ :** ਜਦ ਬੱਚੇ ਘਰ ਵਿਚ ਵੱਡਿਆਂ ਦਾ ਨਾਂਅ ਲੈਂਦੇ ਹਨ ਤਾਂ ਅਸੀਂ ਅਣਦੇਖਾ ਕਰ ਜਾਂਦੇ ਹਾਂ ਅਤੇ ਵੱਡੇ ਹੋਣ 'ਤੇ ਉਨ੍ਹਾਂ ਦੀ ਇਹੀ ਆਦਤ ਪੱਕ ਜਾਂਦੀ ਹੈ, ਜਿਸ ਨੂੰ ਬਦਲਣਾ ਬਾਅਦ ਵਿਚ ਮੁਸ਼ਕਿਲ ਹੋ ਜਾਂਦਾ ਹੈ। ਜਦ ਅਸੀਂ ਵੱਡਿਆਂ (ਰਿਸ਼ਤੇਦਾਰਾਂ) ਨਾਲ ਬੱਚਿਆਂ ਨੂੰ ਮਿਲਵਾਉਂਦੇ ਹਾਂ ਤਾਂ ਬੱਚਿਆਂ ਨੂੰ ਇਹ ਜ਼ਰੂਰ ਦੱਸਿਆ ਜਾਵੇ ਕਿ ਉਹ ਸਾਡੇ ਰਿਸ਼ਤੇ ਵਿਚ ਕੀ ਲੱਗਦੇ ਹਨ, ਤਾਂ ਕਿ ਬੱਚੇ ਨੂੰ ਛੇਤੀ ਨਾਲ ਵੱਡਿਆਂ ਨੂੰ ਕਿਵੇਂ ਅਤੇ ਕਿਸ ਰਿਸ਼ਤੇ ਦੇ ਨਾਂਅ 'ਤੇ ਸੰਬੋਧਨ ਹੋਣਾ ਹੈ, ਪਤਾ ਲੱਗ ਜਾਏ।

**ਬੂਹੇ 'ਤੇ ਇੰਤਜ਼ਾਰ ਕਰਨਾ :** ਛੋਟੀ ਉਮਰ ਦੇ ਬੱਚਿਆਂ ਨੂੰ ਕਿਸੇ ਦੇ ਘਰ ਦੇ ਬਾਹਰ ਦਰਵਾਜ਼ੇ 'ਤੇ ਲੱਗੀ ਘੰਟੀ ਵਜਾਉਣਾ ਬਹੁਤ ਅਨੰਦਿਤ ਕਰਦਾ ਹੈ। ਉਹ ਵਾਰ-ਵਾਰ ਉਸ ਘੰਟੀ ਨੂੰ ਵਜਾਉਂਦੇ ਹਨ, ਜੋ ਕਿ ਬਹੁਤ ਭੱਦਾ ਲੱਗਦਾ ਹੈ, ਕਿਉਂਕਿ ਅੰਦਰ ਬੈਠਾ ਬੰਦਾ ਖਿਝ ਜਾਂਦਾ ਹੈ ਅਤੇ ਬੁਰਾ-ਭਲਾ ਕਹਿੰਦਾ ਹੋਇਆ ਬਾਹਰ ਬੂਹਾ ਖੋਲ੍ਹਣ



ਆਉਂਦਾ ਹੈ, ਜੋ ਕਿ ਚੰਗੀ ਗੱਲ ਨਹੀਂ। ਇਸ ਦੇ ਨਾਲ ਦਰਵਾਜ਼ਾ ਖੁੱਲ੍ਹਦੇ ਹੀ ਸਾਡੇ ਬੱਚੇ ਬਿਨਾਂ ਸਲਾਮ-ਦੁਆ ਕੀਤੇ ਇਕਦਮ ਭੱਜ ਕੇ ਅੰਦਰ ਵੱਲ ਨੂੰ ਭੱਜ ਜਾਂਦੇ ਹਨ, ਜੋ ਕਿ ਵੱਡਿਆਂ ਲਈ ਵੀ ਨਮੋਸ਼ੀ ਭਰਿਆ ਹੁੰਦਾ ਹੈ। ਦੋਸਤ-ਮਿੱਤਰ, ਰਿਸ਼ਤੇਦਾਰ ਜਾਂ ਕਿੰਨਾ ਵੀ ਨਜ਼ਦੀਕੀ ਕਿਉਂ ਨਾ ਹੋਵੇ, ਸ਼ਿਸ਼ਟਾਚਾਰ ਹਰ ਥਾਂ ਓਨਾ ਹੀ ਜ਼ਰੂਰੀ ਹੁੰਦਾ ਹੈ।

**ਪ੍ਰਾਹੁਣਿਆਂ ਦੀ ਤਰ੍ਹਾਂ ਰਹਿਣਾ :** ਰਿਸ਼ਤੇਦਾਰਾਂ ਦੇ ਘਰ ਜਾਂ ਕੁਝ ਥਾਵਾਂ 'ਤੇ ਜਾ ਕੇ ਬੱਚੇ ਬਹੁਤ ਜਲਦੀ ਘੁਲ-ਮਿਲ ਜਾਂਦੇ ਹਨ ਅਤੇ ਫਿਰ ਆਪਣੀ ਮਰਜ਼ੀ ਕਰਦੇ ਹੋਏ ਜਿਧਰ ਮਰਜ਼ੀ ਬਿਨਾਂ ਦੇਖੇ ਜਾਂ ਸੋਚੇ-ਸਮਝੇ ਭੱਜੇ ਫਿਰਦੇ ਹਨ, ਜਿਵੇਂ ਮਰਜ਼ੀ ਕਿਸੇ ਚੀਜ਼ ਨੂੰ ਬਿਨਾਂ ਇਜਾਜ਼ਤ ਦੇ ਚੁੱਕ ਲੈਂਦੇ ਹਨ। ਕਈ ਵਾਰ ਕੁਝ ਚੀਜ਼ਾਂ ਜਾਂ ਖਿਡੌਣੇ ਟੁੱਟ ਵੀ ਜਾਂਦੇ ਹਨ। ਉਸ ਵੇਲੇ ਮੌਕੇ 'ਤੇ ਹੀ ਅਸੀਂ ਬੱਚਿਆਂ ਨੂੰ ਝਿੜਕ ਦਿੰਦੇ ਹਾਂ ਜਾਂ ਕਈ ਵਾਰ ਥੱਪੜ ਵੀ ਜੜ ਦਿੰਦੇ ਹਾਂ। ਇਸ ਨਾਲੋਂ ਚੰਗਾ ਹੈ ਕਿ ਬੱਚਿਆਂ ਨੂੰ ਘਰ ਵਿਚ ਹੀ ਜਾਂ ਘਰ ਆ ਕੇ ਹਰ ਚੀਜ਼ ਪ੍ਰਤੀ ਉਨ੍ਹਾਂ ਦੀ ਜਵਾਬਦੇਹੀ ਦੀ ਆਦਤ ਸਿਖਾਈ ਜਾਵੇ।

**ਮਦਦਗਾਰ ਬਣਨ ਦੀ ਪ੍ਰੇਰਨਾ :** ਕਿਸੇ ਦੇ ਘਰ ਪ੍ਰਾਹੁਣੇ ਬਣ ਕੇ ਜਾਣ ਤੋਂ ਬਾਅਦ ਉੱਥੇ ਖਾਣਾ ਪ੍ਰੋਸਣ ਵੇਲੇ ਇਕ-ਦੂਜੇ ਦੀ ਮਦਦ ਕਰਨ ਦੀ ਜਾਚ ਸਿਖਾਈ ਜਾਵੇ। ਇਹ ਆਦਤ ਆਪਣੇ ਘਰ, ਸਕੂਲ, ਪਾਰਕ ਬਾਜ਼ਾਰ ਆਦਿ ਹੋਰ ਥਾਵਾਂ 'ਤੇ ਕਾਰ-ਵਿਹਾਰ ਕਰਦੇ ਹੋਏ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰੇਗੀ ਅਤੇ ਮਾਤਾ-ਪਿਤਾ ਦਾ ਵੀ ਨਾਂਅ ਚਮਕੇਗਾ। ਘਰੇਲੂ ਕੰਮਾਂ ਵਿਚ ਵੀ ਬੱਚਿਆਂ ਨੂੰ ਆਪਣੇ ਮਾਤਾ-ਪਿਤਾ, ਦਾਦਾ-ਦਾਦੀ, ਭੈਣ-ਭਰਾ ਨਾਲ ਛੋਟੇ-ਮੋਟੇ ਕੰਮਾਂਕਾਰਾਂ ਵਿਚ ਹੱਥ ਵਟਾਉਣ ਦੀ ਜਾਚ ਸਿਖਾਈ ਜਾਵੇ।

ਅਜਿਹੇ ਹੋਰ ਵੀ ਬਹੁਤ ਸਾਰੇ ਨੁਕਤੇ ਹਨ, ਜਿਨ੍ਹਾਂ ਨੂੰ ਅਜ਼ਮਾ ਕੇ ਅਸੀਂ ਆਪਣੇ ਬੱਚਿਆਂ ਨੂੰ ਚੰਗੀ ਤਹਿਜ਼ੀਬ ਸਿਖਾ ਸਕਦੇ ਹਾਂ। ਇਹ ਕੇਵਲ ਬਚਪਨ ਵਿਚ ਹੀ ਨਹੀਂ, ਸਗੋਂ ਉਮਰ ਦੇ ਹਰ ਪੜਾਅ ਵਿਚ ਉਨ੍ਹਾਂ ਦੀ ਮਦਦ ਕਰੇਗੀ ਅਤੇ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਬਣੇਗੀ। ਜਿਹੋ ਜਿਹਾ ਵਿਹਾਰ ਅਸੀਂ ਬੱਚਿਆਂ ਕੋਲੋਂ ਚਾਹੁੰਦੇ ਹਾਂ, ਉਹੋ ਜਿਹਾ ਵਿਵਹਾਰਕ ਜੀਵਨ ਸਾਨੂੰ ਵੀ ਜਿਊਣਾ ਪਵੇਗਾ। ਆਓ! ਬੱਚਿਆਂ ਨੂੰ ਚੰਗੇ ਨਾਗਰਿਕ ਅਤੇ ਸਾਮਜਿਕ ਜੀਵ ਬਣਾਉਣ ਵਿਚ ਉਨ੍ਹਾਂ ਦੀ ਮਦਦ ਕਰੀਏ।

## ਕਬਾੜ ਤੋਂ ਛੁਟਕਾਰਾ ਪਾਓ

**ਲਿਖਤ : ਓਮ ਪ੍ਰਕਾਸ਼ ਬਜਾਜ**

ਕਿਸੇ ਵੀ ਘਰ ਵਿਚ ਦੇਖ ਲਓ। ਅਲਮਾਰੀਆਂ ਵਿਚ, ਰੈਕਾਂ ਵਿਚ, ਦਰਾਜਾਂ ਵਿਚ, ਜਿਥੇ ਕਿਤੇ ਹਰ ਜਗ੍ਹਾ ਢੇਰ ਸਾਰੀਆਂ ਅਜਿਹੀਆਂ ਬਚੀਆਂ-ਖੁਚੀਆਂ, ਬੇਮਤਲਬ ਦੀਆਂ ਬੇਕਾਰ ਚੀਜ਼ਾਂ ਸੰਭਾਲ ਕੇ ਰੱਖੀਆਂ ਮਿਲਣਗੀਆਂ, ਜਿਨ੍ਹਾਂ ਦੀ ਸਾਲਾਂ ਤੋਂ ਨਾ ਕੋਈ ਵਰਤੋਂ ਹੋਈ ਹੈ ਅਤੇ ਨਾ ਸ਼ਾਇਦ ਕਦੇ ਹੋਣ ਦੀ ਕੋਈ ਸੰਭਾਵਨਾ ਹੈ ਪਰ ਅਸੀਂ ਫਿਰ ਵੀ ਇਸ ਕਬਾੜ ਨੂੰ ਸੀਨੇ ਨਾਲ ਲਗਾਈ ਬੈਠੇ ਹਾਂ, ਢੋਈ ਜਾ ਰਹੇ ਹਾਂ। ਅੱਜਕਲ੍ਹ ਮਕਾਨਾਂ ਦੀ ਜਗ੍ਹਾ ਦੀ ਬੇਹੱਦ ਤੰਗੀ ਹੁੰਦੀ ਹੈ। ਜ਼ਰੂਰੀ ਸਾਮਾਨ ਰੱਖਣ ਲਈ ਵੀ ਪੂਰੀ ਜਗ੍ਹਾ ਨਹੀਂ ਮਿਲਦੀ। ਕਿਸੇ ਨਾ ਕਿਸੇ ਤਰ੍ਹਾਂ ਬਸ ਜੁਗਾੜ ਬਣਾਉਣਾ ਪੈਂਦਾ ਹੈ ਪਰ ਫਿਰ ਵੀ ਫਜ਼ੂਲ ਦੇ ਬੇਕਾਰ ਕੂੜਾ-ਕਬਾੜ ਤੋਂ ਛੁਟਕਾਰਾ ਪਾਉਣ ਦਾ ਹੌਸਲਾ ਅਸੀਂ ਨਹੀਂ ਕਰ ਸਕਦੇ। ਇਹ ਕਿਸੇ ਇਕ ਦੀ ਗੱਲ ਨਹੀਂ, ਘਰ-ਘਰ ਦੀ, ਮੇਰੀ, ਤੁਹਾਡੀ, ਹਰ ਘਰ ਦੀ ਦਾਸਤਾਨ ਹੈ। ਤੁਸੀਂ ਖ਼ੁਦ ਆਪਣੇ ਘਰ ਵਿਚ ਹੀ ਇਕ ਨਜ਼ਰ ਮਾਰ ਕੇ ਦੇਖ ਲਓ, ਕਿਉਂ ਹੈ ਨਾ ਸਹੀ ਗੱਲ। ਸੋਚ ਕੇ ਦੇਖੋ। ਲੋੜ ਪੈਣ 'ਤੇ ਕੀ ਕਦੇ ਸਾਲਾਂ ਤੋਂ ਸੰਭਾਲ ਕੇ ਰੱਖੀਆਂ ਇਨ੍ਹਾਂ ਚੀਜ਼ਾਂ ਵਿਚੋਂ ਕੋਈ ਇਕ ਵੀ ਚੀਜ਼ ਕੰਮ ਆਈ ਹੈ? ਸ਼ਾਇਦ ਕਦੇ ਨਹੀਂ। ਉਸ ਸਮੇਂ ਜਾਂ ਤਾਂ ਉਨ੍ਹਾਂ ਵੱਲ ਧਿਆਨ ਹੀ ਨਹੀਂ ਜਾਂਦਾ ਜਾਂ ਫਿਰ ਲੱਭਣ 'ਤੇ ਵੀ ਉਹ ਸਮੇਂ ਸਿਰ ਲੱਭਦੀਆਂ ਨਹੀਂ। ਉਸ ਸਮੇਂ ਤਾਂ ਤੁਰੰਤ ਬਾਜ਼ਾਰੋਂ ਲੋੜ ਵਾਲੀ ਚੀਜ਼ ਮੰਗਵਾ ਲਈ ਜਾਂਦੀ ਹੈ ਅਤੇ ਇਹ ਰੱਖੀਆਂ ਹੋਈਆਂ ਚੀਜ਼ਾਂ ਉਵੇਂ ਦੀਆਂ ਉਵੇਂ ਹੀ ਰੱਖੀਆਂ ਰਹਿ ਜਾਂਦੀਆਂ ਹਨ। ਅਤੇ ਇਨ੍ਹਾਂ ਵਿਚ ਜ਼ਿਆਦਾਤਰ ਹੁੰਦਾ ਕੀ ਹੈ, ਖਰਾਬ ਹੋਏ ਬਿਜਲੀ ਦੇ ਪਲੱਗ ਅਤੇ ਸਵਿੱਚ ਵਿਚੋਂ ਸ਼ਾਇਦ ਉਨ੍ਹਾਂ ਦਾ ਕੋਈ ਹਿੱਸਾ ਕਦੇ ਕੰਮ ਆ ਜਾਵੇ, ਬਚੀਆਂ ਹੋਈਆਂ ਦਵਾਈਆਂ, ਖਾਲੀ ਹੋਏ ਡੱਬੇ, ਸ਼ੀਸ਼ੀਆਂ, ਬੋਤਲਾਂ, ਗੱਤੇ ਦੇ ਉਹ ਖਾਲੀ ਡੱਬੇ, ਜਿਨ੍ਹਾਂ ਵਿਚ ਕਦੇ ਸਾੜ੍ਹੀਆਂ ਆਈਆਂ ਸੀ, ਵੱਖ-ਵੱਖ ਨਾਪ ਦੇ ਬਚੇ-ਖੁਚੇ, ਟੁੱਟੇ-ਭੱਜੇ ਕਿੱਲ, ਨਟ-ਬੋਲਟ, ਕਬਜ਼ੇ, ਕੁੰਡੇ, ਪੇਚ, ਮੈਗਜ਼ੀਨਾਂ ਵਿਚੋਂ ਕੱਟ ਕੇ ਰੱਖੇ ਹੋਏ ਸਿਲਾਈ-ਕਢਾਈ ਦੇ ਡਿਜ਼ਾਈਨ, ਖਰਾਬ ਹੋਏ ਟਾਈਮਪੀਸ, ਟੁੱਟੇ ਹੋਏ ਚਸ਼ਮੇ, ਬਿਨਾਂ ਰੀਫਿਲ ਦੇ ਪੈੱਨ, ਬਿਨਾਂ ਹੈਂਡਲ ਵਾਲੀਆਂ ਛਤਰੀਆਂ, ਦਸ ਸਾਲ ਪਹਿਲਾਂ ਬਣਵਾਏ ਮੇਜ਼ ਦੇ ਬਚੇ ਹੋਏ ਲੱਕੜੀ ਅਤੇ ਸਨਮਾਈਕਾ ਦੇ ਟੁਕੜੇ ਅਤੇ ਇਸੇ ਤਰ੍ਹਾਂ ਦੀ ਹੋਰ ਟੁੱਟ-ਭੱਜ। ਪੁਰਾਣੇ ਜ਼ਮਾਨੇ ਵਿਚ ਘਰ ਵੱਡੇ-ਵੱਡੇ ਹੁੰਦੇ ਸੀ ਤੇ ਇਹ ਸਭ ਚੱਲ ਜਾਂਦਾ ਸੀ ਪਰ ਅੱਜ ਦੇ ਫਲੈਟਾਂ ਦੇ ਯੁੱਗ ਵਿਚ ਬਸ ਉਹੀ ਰੱਖੋ, ਜੋ ਜ਼ਰੂਰੀ ਹੈ। ਪੁਰਾਣੀਆਂ ਬੇਕਾਰ ਚੀਜ਼ਾਂ ਨੂੰ ਥੋੜ੍ਹਾ ਜਿਹਾ ਬਦਲ ਦਿਓ। ਜਿਸ ਚੀਜ਼ ਦੀ ਸਾਲਾਂ ਤੋਂ ਕੋਈ ਲੋੜ ਵਰਤੋਂ ਨਹੀਂ ਹੋਈ, ਉਸ ਨੂੰ ਸੰਭਾਲ ਕੇ ਰੱਖਣ ਦੀ ਭਲਾ ਕੀ ਤੁਕ ਹੈ? ਉਸ ਨੂੰ ਵਿਦਾ ਕਰ ਦਿਓ। ਸੁੱਟਣ ਨੂੰ ਮਨ ਨਾ ਵੀ ਕਰੇ ਤਾਂ ਕਬਾੜੀਏ ਨੂੰ ਵੇਚ ਦਿਓ। ਕੁਝ ਜਗ੍ਹਾ ਵੀ ਖਾਲੀ ਹੋ ਜਾਵੇਗੀ ਅਤੇ ਥੋੜ੍ਹੇ ਹੀ ਸਹੀ ਪਰ ਕੁਝ ਪੈਸੇ ਵੀ ਹੱਥ ਆ ਜਾਣਗੇ। ਫਿਰ ਬਸ ਇਸ ਵਾਰ ਹਿੰਮਤ ਕਰ ਹੀ ਦਿਓ। ਤੁਸੀਂ ਖ਼ੁਦ ਦੇਖੋਗੇ ਕਿ ਫਾਲਤੂ ਕਬਾੜ ਨਿਕਲ ਜਾਣ ਨਾਲ ਤੁਹਾਡਾ ਘਰ ਕਿੰਨਾ ਸਾਫ਼-ਸੁਥਰਾ, ਖੁੱਲ੍ਹਾ-ਡੁੱਲ੍ਹਾ, ਨਿਖਰਿਆ-ਨਿਖਰਿਆ, ਪਿਆਰਾ ਜਿਹਾ ਦਿਸਣ ਲੱਗਾ ਹੈ।

## ਮਰਦ ਪ੍ਰਧਾਨ



**ਲਿਖਤ**

**ਰਾਜਿੰਦਰ ਰਾਣੀ**
**ਸੰਗਰੂਰ**

ਔਰਤ ਨੇ ਆਪਣੀ ਮਿਹਨਤ ਸਦਕਾ ਉੱਚੇ ਮੁਕਾਮ ਪ੍ਰਾਪਤ ਕਰ ਲਏ ਹਨ ਪਰ ਉਸ ਨੂੰ ਮਰਦ ਪ੍ਰਧਾਨ ਸਮਾਜ ਅੱਜ ਵੀ ਗੁਲਾਮ ਸਮਝਦਾ ਹੈ। ਅੱਜ ਦੀ ਔਰਤ ਜਿਹੜੀ ਗੁਲਾਮੀ ਹੰਢਾ ਰਹੀ ਹੈ, ਇਹ ਅਣਦਿਸਦੀ ਗੁਲਾਮੀ ਹੈ। ਔਰਤਾਂ ਨੂੰ ਬਰਾਬਰ ਸਿੱਖਿਆ ਤੇ ਮਿਹਨਤਾਨੇ, ਵੋਟ ਦਾ ਅਧਿਕਾਰ ਪ੍ਰਾਪਤ ਹਨ ਪਰ ਹਕੀਕਤ ਵਿਚ ਅੱਜ ਵੀ ਔਰਤਾਂ ਇਨ੍ਹਾਂ ਹੱਕਾਂ ਲਈ ਮਰਦਾਂ ਉੱਤੇ ਨਿਰਭਰ ਹਨ। ਔਰਤ ਸਿੱਖਿਅਤ ਤਾਂ ਹੈ ਪਰ ਉਸ ਦੀ ਜ਼ਿੰਦਗੀ ਦੀ ਲਗਾਮ ਮਰਦ ਦੇ ਹੱਥ ਵਿਚ ਹੈ। ਵਿੱਦਿਅਕ ਢਾਂਚਾ ਵੀ ਉਸ ਦੀ ਜ਼ਿੰਦਗੀ ਵਿਚ ਕੋਈ ਹਕੀਕੀ ਸਾਕਾਰਤਮਕ ਤਬਦੀਲੀ ਲਿਆਉਣ ਦੀ ਬਜਾਏ ਮਰਦ ਪ੍ਰਧਾਨ ਸਮਾਜ ਦੇ ਹੱਕ ਵਿਚ ਹੀ ਭੁਗਤ ਜਾਂਦਾ ਹੈ। ਮਜ਼ਦੂਰ ਔਰਤਾਂ, ਮਰਦਾਂ ਬਰਾਬਰ ਮਿਹਨਤ ਕਰਦੀਆਂ ਹਨ ਪਰ ਉਨ੍ਹਾਂ ਨੂੰ ਮਰਦਾਂ ਦੇ ਮੁਕਾਬਲੇ ਘੱਟ ਉਜਰਤ ਮਿਲਦੀ ਹੈ। ਔਰਤ ਨੌਕਰੀਸ਼ੁਦਾ ਤਾਂ ਹੈ ਪਰ ਉਸ ਦੀ ਤਨਖ਼ਾਹ ਤੇ ਏਟੀਐੱਮ ਉੱਤੇ ਹੱਕ ਉਸ ਦੇ ਪਤੀ ਦਾ ਹੈ। ਉਸ ਨੂੰ ਵੋਟ ਪਾਉਣ ਦਾ ਕਾਨੂੰਨੀ ਅਧਿਕਾਰ ਤਾਂ ਮਿਲਿਆ ਹੈ ਪਰ ਉਸ ਨੇ ਵੋਟ ਕਿਸ ਨੂੰ ਪਾਉਣੀ ਹੈ, ਇਹ ਉਸ ਦਾ ਪਤੀ ਜਾਂ ਪਰਿਵਾਰ ਦਾ ਮੁਖੀ ਮਰਦ ਤੈਅ ਕਰਦਾ ਹੈ। ਔਰਤ ਸਰਪੰਚ ਤਾਂ ਬਣਦੀ ਹੈ ਪਰ ਸਰਪੰਚੀ ਉਸ ਦਾ ਪਤੀ ਕਰਦਾ ਹੈ। ਇਉਂ ਹੱਕ ਪ੍ਰਾਪਤ ਹੋਣ ਦੇ ਬਾਵਜੂਦ ਦਬਦਬਾ ਮਰਦ ਪ੍ਰਧਾਨ ਸਮਾਜ ਦਾ ਹੀ ਹੈ। ਜਿਹੜੀ ਗੱਲ ਹੈਰਾਨ ਕਰਨ ਵਾਲੀ ਹੈ, ਉਹ ਇਹ ਕਿ ਔਰਤ ਇਸ ਅਰਧ ਗੁਲਾਮੀ ਤੋਂ ਸੁਚੇਤ ਨਹੀਂ। ਉਸ ਨੂੰ ਇਹ ਗੁਲਾਮੀ ਮਹਿਸੂਸ ਹੀ ਨਹੀਂ ਹੁੰਦੀ। ਅੱਜ ਵੀ ਔਰਤਾਂ ਘਰ ਦੇ ਕੰਮਾਂ, ਬੱਚੇ ਪਾਲਣ, ਪਰਿਵਾਰਕ ਜ਼ਿੰਮੇਵਾਰੀਆਂ ਚੁੱਕਣ ਨੂੰ ਹੀ ਆਪਣਾ ਅਸਲ ਧਰਮ ਮੰਨਦੀਆਂ ਹਨ। ਉਹ ਆਪਣੇ ਅਸਲ ਹੱਕਾਂ ਤੋਂ ਜਾਣੂੰ ਨਹੀਂ ਜਾਂ ਇਉਂ ਕਹਿਣਾ ਜ਼ਿਆਦਾ ਸਹੀ ਹੈ ਕਿ ਰੂੜ ਸਭਿਆਚਾਰਕ ਮਾਨਤਾਵਾਂ ਦੇ ਬਹਾਨੇ ਉਨ੍ਹਾਂ ਨੂੰ



ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਦੇ ਮੌਕੇ ਨਹੀਂ ਦਿੱਤੇ ਜਾਂਦੇ। ਹੁਣ ਪ੍ਰਸ਼ਨ ਹੈ ਕਿ ਔਰਤ ਦੀ ਅਜਿਹੀ ਹਾਲਤ ਦਾ ਅਸਲ ਜ਼ਿੰਮੇਵਾਰ ਕੌਣ ਹੈ? ਕੀ ਸਮਾਜ ਜ਼ਿੰਮੇਵਾਰ ਹੈ ਜਾਂ ਇਸ ਦੀ ਜ਼ਿੰਮੇਵਾਰੀ ਖ਼ੁਦ ਔਰਤ ਉੱਤੇ ਵੀ ਹੈ?

ਔਰਤ ਦੀ ਇਸ ਗੁਲਾਮੀ ਦਾ ਕਾਰਨ ਮਰਦ ਪ੍ਰਧਾਨ ਸਮਾਜ ਹੈ। ਔਰਤ ਹੋਣਾ ਕੋਈ ਜੁਰਮ ਨਹੀਂ। ਕੁਦਰਤ ਮੁੰਡੇ ਕੁੜੀ ਵਿਚ ਕੋਈ ਭੇਦਭਾਵ ਨਹੀਂ ਕਰਦੀ ਪਰ ਸਮਾਜ ਵਿਚ ਔਰਤਾਂ ਲਈ ਵਿਤਕਰੇ ਵਾਲਾ ਦ੍ਰਿਸ਼ਟੀਕੋਣ ਹੀ ਅਪਨਾਇਆ ਜਾਂਦਾ ਹੈ। ਔਰਤ ਦੇ ਗਰਭਵਤੀ ਹੋਣ ਤੇ ਪੁੱਤਰ ਦੀ ਆਸੀਸ 'ਦੁੱਧੋ ਨਹਾਉ, ਪੁੱਤੋ ਫਲੋ' ਦਿੱਤੀ ਜਾਂਦੀ ਹੈ। ਪੁੱਤਰ ਪ੍ਰਾਪਤੀ ਲਈ ਪਰਿਵਾਰ ਸੌ ਤਰ੍ਹਾਂ ਦੇ ਆਡੰਬਰ ਕਰਦਾ ਹੈ। ਕੁੜੀ ਦੇ ਜਨਮ ਉੱਤੇ ਘਰਾਂ ਵਿਚ ਸੋਗ ਛਾ ਜਾਂਦਾ ਹੈ। ਕੁੜੀ ਤੇ ਮੁੰਡੇ ਵਿਚਲਾ ਫਰਕ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਕੁੜੀ ਨੂੰ ਜਨਮ ਤੋਂ ਹੀ ਔਰਤ ਬਣਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸੁਮੋਨ ਦਾ ਬੂਵੇਅਰ ਦਾ ਕਥਨ ਬਿਲਕੁਲ ਸੱਚ ਹੈ ਕਿ 'ਔਰਤ ਜੰਮਦੀ ਨਹੀਂ, ਉਸ ਨੂੰ ਔਰਤ ਬਣਾਇਆ ਜਾਂਦਾ ਹੈ।' ਮਾਪਿਆਂ ਦੁਆਰਾ ਕੁੜੀ ਉੱਤੇ ਉੱਚੀ ਬੋਲਣ, ਹੱਸਣ, ਅੰਦਰ ਬਾਹਰ ਆਉਣ ਜਾਣ 'ਤੇ ਪਾਬੰਦੀ, ਘਰ ਦੇ ਕੰਮ ਸਿੱਖਣ ਆਦਿ ਬੰਦਿਸ਼ਾਂ ਲਗਾਈਆਂ ਜਾਂਦੀਆਂ ਹਨ। ਉਸ ਨੂੰ ਜਨਮ ਤੋਂ ਹੀ ਬੇਗ਼ਾਨੇ ਘਰ ਜਾਣ ਲਈ ਤਿਆਰ ਕੀਤਾ ਜਾਂਦਾ ਹੈ ਅਤੇ ਦੂਜੇ ਉੱਪਰ ਨਿਰਭਰ ਰਹਿਣ ਦੀ ਆਦਤ ਪਾਈ ਜਾਂਦੀ ਹੈ ਜਿਸ ਕਾਰਨ ਉਸ ਦੇ ਨਾਰੀਤਵ ਦਾ ਘਾਣ ਹੁੰਦਾ ਹੈ। ਕੁੜੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਤਾਂ ਦਿੱਤਾ ਜਾਂਦਾ ਹੈ ਪਰ ਨਾਲ ਹੀ ਉਨ੍ਹਾਂ ਨੂੰ ਸਮਝਾਇਆ ਜਾਂਦਾ ਹੈ ਕਿ ਇਹ ਸਭ ਸਹੁਰੇ ਘਰ ਜਾਣ ਲਈ ਹੈ। ਉਸ ਨੂੰ ਸਿਖਾਇਆ ਜਾਂਦਾ ਹੈ ਕਿ ਪਤੀ ਤੇ ਸਹੁਰੇ ਪਰਿਵਾਰ ਦੀ ਸੇਵਾ ਹੀ ਉਸ ਲਈ ਸਭ ਕੁੱਝ ਹੈ। ਕੁੜੀ ਨੂੰ ਆਪਣੇ ਅਸਲ ਅਧਿਕਾਰਾਂ ਤੋਂ ਸੁਚੇਤ ਹੋਣ ਹੀ ਨਹੀਂ ਦਿੱਤਾ ਜਾਂਦਾ। ਮੰਨੂ ਦੇ ਸਮਾਜਿਕ ਕਾਨੂੰਨ ਅਨੁਸਾਰ ਔਰਤ ਬਚਪਨ ਤੋਂ ਬੁਢਾਪੇ ਤੱਕ ਮਰਦ ਉੱਤੇ ਨਿਰਭਰ ਰਹਿੰਦੀ ਹੈ। ਉਹ ਬਚਪਨ ਵਿਚ ਪਿਤਾ, ਭਰਾ, ਜਵਾਨੀ ਵਿਚ ਪਤੀ, ਤੇ ਬੁਢਾਪੇ ਵਿਚ ਪੁੱਤਰਾਂ ਦੇ ਅਧੀਨ ਰਹਿੰਦੀ ਹੈ। ਵਰਤਮਾਨ ਸਮਿਆਂ ਵਿਚ ਵੀ ਔਰਤ ਲਈ ਇਹੀ ਦ੍ਰਿਸ਼ਟੀਕੋਣ ਅਪਣਾਇਆ ਜਾਂਦਾ ਹੈ। ਕਿਸੇ ਵੀ ਤਰ੍ਹਾਂ ਦੇ ਹਾਲਾਤ ਲਈ ਕੋਈ ਇਕ ਧਿਰ ਪੂਰੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋ ਸਕਦੀ। ਜਿੱਥੇ ਔਰਤ ਦੀ ਅਜਿਹੀ ਹਾਲਤ ਲਈ ਸਮਾਜ ਜ਼ਿੰਮੇਵਾਰ ਹੈ, ਉੱਥੇ ਖ਼ੁਦ ਔਰਤ ਵੀ ਆਪਣੀ ਅੰਸ਼ਕ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੀ। ਮਾਵਾਂ ਸੁਚੇਤ ਹੋਣ ਦੇ ਬਾਵਜੂਦ ਧੀਆਂ ਨੂੰ ਉਹੀ ਤ੍ਰਾਸਦੀਆਂ ਹੰਢਾਉਣ ਲਈ ਤਿਆਰ ਕਰਦੀਆਂ ਹਨ ਜਿਹੜੀਆਂ ਉਨ੍ਹਾਂ ਨੇ ਆਪ ਹੰਢਾਈਆਂ ਹੁੰਦੀਆਂ ਹਨ। ਅੱਜ ਦੀ ਔਰਤ ਸਿੱਖਿਅਤ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਤਾਂ ਹੈ ਪਰ ਇਸ ਦੇ ਬਾਵਜੂਦ ਉਸ ਦੇ ਜੀਵਨ ਵਿਚ ਕੋਈ ਬਹੁਤਾ ਬਦਲਾਓ ਨਹੀਂ ਆਇਆ। ਉਹ ਅੱਜ ਵੀ ਘਰ ਸੰਭਾਲਣ, ਬੱਚੇ ਪਾਲਣ ਤੇ ਪਰਿਵਾਰਕ ਫ਼ੈਸਲਿਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਨੂੰ ਹੀ ਆਪਣਾ ਅਸਲੀ ਧਰਮ ਸਮਝਦੀ ਹੈ। ਇਸ ਤੋਂ ਬਿਨਾ ਉਸ ਨੂੰ ਆਪਣੀ ਜ਼ਿੰਦਗੀ ਦੇ ਕੋਈ ਮਾਇਨੇ ਨਹੀਂ ਲੱਗਦੇ। ਉਹ ਸਰੀਰਕ ਤੇ ਮਾਨਸਿਕ ਦੋਵਾਂ ਪੱਧਰਾਂ 'ਤੇ ਤ੍ਰਾਸਦੀ ਹੰਢਾਉਂਦੀ ਹੈ। ਔਰਤ ਨੂੰ ਆਜ਼ਾਦੀ ਤੇ ਆਪਣੇ ਹੋਰ ਮਨੁੱਖੀ ਹੱਕ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ ਜਾਗਰੂਕ ਹੋਣ ਦੀ ਜ਼ਰੂਰਤ ਹੈ। ਅਜਿਹਾ ਨਹੀਂ ਕਿ ਔਰਤਾਂ ਵਿਚ ਚੇਤਨਾ ਦੀ ਕਮੀ ਹੈ, ਕੁਝ ਇਸਤਰੀਆਂ ਆਪਣੇ ਹੱਕਾਂ ਲਈ ਚੇਤਨ ਹਨ ਤੇ ਨਿਡਰਤਾ ਨਾਲ ਇਨ੍ਹਾਂ ਦੀ ਪ੍ਰਾਪਤੀ ਲਈ ਸਮਾਜ ਨਾਲ ਦੋ ਹੱਥ ਵੀ ਹੋ ਰਹੀਆਂ ਹਨ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
**604-584-5577**
: infopunjabitribune@gmail.com



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

..............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

BHULLAR
EXCAVATING AND DEMOLITION



- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

We do townhouses
Quality work Reasonable rate
Fast & friendly Service

We Fix All Leaky Basement & Drainage Problems



Vicky Bhullar
778-681-8200



Pavi Bhullar
647-667-9242



Bill Bhulllar
778-891-4556



Jassi Bhullar
604-441-7118



Balraj Bhullar

# ਜਦੋਂ ਸ਼ਹੀਦ ਊਧਮ ਸਿੰਘ ਨੇ ਮਾਈਕਲ ਉਡਵਾਇਰ ਨੂੰ ਸੋਧਿਆ...



ਡਾ. ਗੁਰਵਿੰਦਰ ਸਿੰਘ



BEAR BRAND PURE SILK STOCKINGS

Daily Express

Audience see revolver drama at London lecture

SIR M. O'DWYER SHOT DEAD AT CAXTON HALL

Lord Zetland and Lord Lamington wounded

HIT BY TWO SHOTS

R.A.F.s U-boats then sink

STOP PRESS




ਲੰਡਨ ਨੇ ਕੀਤੇ ਸਦਾ, ਹਮਲੇ ਤਾਬੜਤੋੜ।
ਲੰਡਨ ਜਾ ਕੇ ਸ਼ੇਰ ਨੇ, ਭਾਜੀ ਦਿੱਤੀ ਮੋੜ।

ਮੇਰੇ ਲਈ ਉਹ ਪਲ ਇਤਿਹਾਸਕ ਸਨ, ਜਦੋਂ ਲੰਡਨ ਦੇ ਕੈਕਸਟਨ ਹਾਲ ਦੀ ਜਗ੍ਹਾ 'ਤੇ ਜਾਣ ਦਾ ਸੁਭਾਗ ਮਿਲਿਆ, ਜਿੱਥੇ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਓਡਵਾਇਰ ਨੂੰ ਸੋਧਿਆ ਸੀ। ਚਾਹੇ ਉਸ ਜਗ੍ਹਾ 'ਤੇ ਸ਼ਹੀਦ ਊਧਮ ਸਿੰਘ ਦੀ ਕੋਈ ਯਾਦਗਾਰ ਸਥਾਪਤ ਨਹੀਂ ਹੋ ਸਕੀ, ਪਰ ਉਥੇ ਜਾ ਕੇ ਜੋ ਮਨ ਦੇ ਵਲਵਲੇ ਸਨ, ਉਹ ਇਸ ਵੀਡੀਓ ਰਾਹੀਂ ਕੀਤੇ ਹਨ। ਸਰਦਾਰ ਊਧਮ ਸਿੰਘ ਇਤਿਹਾਸ ਦਾ ਅਜਿਹਾ ਮਹਾਨ ਯੋਧਾ ਹੋਇਆ ਹੈ, ਜਿਸਨੇ ਗੁਲਾਮੀ ਦੀਆਂ ਜੰਜੀਰਾਂ ਤੋੜਨ ਅਤੇ ਬੇਗੁਨਾਹ ਲੋਕਾਂ ਦੇ ਸਮੂਹਿਕ ਕਤਲੇਆਮ ਖਿਲਾਫ਼, ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਇਆ। 26 ਦਸੰਬਰ 1899 ਵਿੱਚ ਪੰਜਾਬ ਦੇ ਸੁਨਾਮ ਨਗਰ ਦੇ ਗਰੀਬ ਪਰਿਵਾਰ 'ਚ ਜਨਮੇ ਊਧਮ ਸਿੰਘ (ਪਹਿਲਾਂ ਨਾਂ ਸ਼ੇਰ ਸਿੰਘ) ਬਚਪਨ ਵਿੱਚ ਹੀ ਮਾਤਾ ਅਤੇ ਪਿਤਾ ਦੇ ਦੇਹਾਂਤ ਮਗਰੋਂ 24 ਅਕਤੂਬਰ 1907 ਵਿੱਚ ਸੈਂਟਰਲ ਸਿੱਖ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ ਤੇ ਇਥੋਂ ਹੀ ਸਿੱਖੀ ਜੀਵਨ, ਸੇਵਾ ਤੇ ਸ਼ਹਾਦਤ ਦੀ ਪ੍ਰੇਰਨਾ ਲੈ ਕੇ ਵੱਡੇ ਹੋਏ।

ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੌਰਾਨ ਮਨੁੱਖਤਾ ਦੇ ਡੁੱਲ੍ਹੇ ਲਹੂ ਦਾ ਹਿਸਾਬ ਚੁਕਾਉਣ ਲਈ ਊਧਮ ਸਿੰਘ ਨੇ 21 ਸਾਲ ਮਗਰੋਂ, 13 ਮਾਰਚ 1940 ਨੂੰ ਲੰਡਨ ਵਿੱਚ ਕੈਕਸਟਨ ਹਾਲ ਚ ਪਹੁੰਚ ਕੇ ਜ਼ਾਲਮ ਓਡਵਾਇਰ ਨੂੰ ਸੋਧਿਆ। ਸਿਤਮਜ਼ਰੀਫੀ ਇਹ ਸੀ ਕਿ ਇਕ ਪਾਸੇ ਪਟਿਆਲੇ ਵਾਲਾ ਰਾਜਾ ਤੇ ਮਜੀਠੀਏ ਡਾਇਰ-ਓਡਵਾਇਰ ਆਦਿ ਨੂੰ ਦਾਅਵਤਾਂ ਦੇ ਰਹੇ ਸੀ, ਦੂਜੇ ਪਾਸੇ ਸ਼ਹੀਦ ਊਧਮ ਸਿੰਘ ਜਾਨ ਦੀ ਬਾਜ਼ੀ ਲਾ ਕੇ ਉਡਵਾਇਰ ਨੂੰ ਸੋਧਣ ਲਈ ਤੱਤਪਰ ਸੀ।

ਊਧਮ ਸਿੰਘ ਉਰਫ਼ ਮੁਹੰਮਦ ਸਿੰਘ ਆਜ਼ਾਦ ਨੇ 31 ਜੁਲਾਈ 1940 ਨੂੰ ਲੰਡਨ 'ਚ ਫਾਂਸੀ ਦਾ ਰੱਸਾ ਚੁੰਮਦਿਆਂ ਸ਼ਹੀਦੀ ਪਾਈ। ਸ਼ਹੀਦ ਊਧਮ ਸਿੰਘ ਸਭ ਤੋਂ ਪਹਿਲਾਂ ਗੁਰਬਾਣੀ ਤੋਂ ਪ੍ਰਭਾਵਿਤ ਸੀ, ਫਿਰ ਉਸ ਨੇ ਗ਼ਦਰ ਲਹਿਰ ਤੋਂ ਅਤੇ ਉਸਤੋਂ ਮਗਰੋਂ ਬੱਬਰ ਅਕਾਲੀ ਲਹਿਰ ਤੋ ਵੀ ਪ੍ਰਭਾਵ ਕਬੂਲਿਆ।ਉਸ ਦੀ ਸ਼ਖਸ਼ੀਅਤ ਉਪਰ ਸ਼ਹੀਦ ਭਗਤ ਸਿੰਘ ਦਾ ਡੂੰਘਾ ਅਸਰ ਸੀ।

ਸ਼ਹੀਦ ਊਧਮ ਸਿੰਘ ਨੇ ਆਪਣੇ ਪੱਤਰਾਂ ਵਿਚ ਆਰੰਭ ਇਕ ਓਂਕਾਰ ਨਾਲ ਕੀਤਾ ਅਤੇ ਗੁਰੂ ਅਰਜਨ ਸਾਹਿਬ ਦੀ ਬਾਣੀ ਦੀਆਂ ਤੁਕਾਂ ਵੀ ਅੰਕਿਤ ਕੀਤੀਆਂ। ਜੇਲ੍ਹ ਚੋਂ ਉਸਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਪੱਤਰ ਵੀ ਲਿਖਿਆ ਕਿ ਉਸ ਨੂੰ ਗੁੱਟਕਾ ਸਾਹਿਬ ਭੇਜੇ ਜਾਣ। ਸ਼ਹੀਦ ਊਧਮ ਸਿੰਘ ਲੰਡਨ ਸਥਿਤ ਗੁਰਦੁਆਰਾ ਸਾਹਿਬ ਵਿਖੇ ਅਕਸਰ ਲੰਗਰ ਦੀ ਸੇਵਾ ਕਰਦਾ। ਸਟਾਕਟਨ ਵਿਖੇ ਵੀ ਉਸ ਦਾ ਗੁਰਦੁਆਰਾ ਸਾਹਿਬ ਜੇ ਗ੍ਰੰਥੀ ਸਿੰਘ ਨਾਲ ਡੂੰਘਾ ਪਿਆਰ ਸੀ ਅਤੇ ਉਸ ਨੂੰ ਲਿਖੀਆਂ ਚਿੱਠੀਆਂ ਵੀ ਮਿਲਦੀਆਂ ਹਨ। ਅਦਾਕਾਰੀ ਦੇ ਸ਼ੌਕ ਅਧੀਨ ਉਸ ਨੇ ਇੰਗਲੈਂਡ ਵਿੱਚ ਦੋ ਫਲਿਮਾਂ ਐਲੀਫੈਂਟ ਦਾ ਬੋਏ ਆਫ ਬਗਦਾਦ ਆਦਿ ਵਿੱਚ ਵੀ ਕੰਮ ਕੀਤਾ, ਜਿਸ ਦੀਆਂ ਤਸਵੀਰਾਂ ਮਿਲਦੀਆਂ ਹਨ।

ਸ਼ਹੀਦ ਊਧਮ ਸਿੰਘ ਦੇ ਅਨੇਕਾਂ ਨਾਵਾਂ 'ਚੋਂ ਇੱਕ ਖ਼ਾਸ ਨਾਮ "ਮੁਹੰਮਦ ਸਿੰਘ ਆਜ਼ਾਦ" ਸੀ, ਪਰ ਆਰੀਆ ਸਮਾਜ ਵਰਗੀਆਂ ਸੰਸਥਾਵਾਂ ਵੱਲੋਂ ਹਿੰਦੂਤਵੀ ਅਤੇ ਕਈ ਹੋਰਨਾਂ ਵਲੋਂ ਅਖੌਤੀ ਸੈਕੁਲਰ ਏਜੰਡੇ ਤਹਿਤ ਨਾਂ ਪ੍ਰਚੱਲਤ ਕਰ ਦਿੱਤਾ ਗਿਆ ਹੈ, "ਰਾਮ ਮੁਹੰਮਦ ਸਿੰਘ ਆਜ਼ਾਦ"। ਪਹਿਲਾਂ ਆਰੀਆ ਸਮਾਜੀ ਅਤੇ ਅਖੌਤੀ ਸੈਕੁਲਰ ਤੇ ਅੱਜ ਕੱਲ੍ਹ ਫਾਸ਼ੀਵਾਦੀ ਅਤੇ ਸ਼ਸ਼ ਏਜੰਡੇ ਅਨੁਸਾਰ "ਰਾਮ ਮੁਹੰਮਦ ਸਿੰਘ ਆਜ਼ਾਦ" ਪ੍ਰਚਾਰਿਆ ਜਾ ਰਿਹਾ ਹੈ, ਜੋ ਕਿ ਗ਼ਲਤ ਹੈ।

ਸ਼ਹੀਦ ਊਧਮ ਸਿੰਘ ਨੇ ਜਦ ਖੁਦ ਆਪਣਾ ਨਾਮ ਮੁਹੰਮਦ ਸਿੰਘ ਆਜ਼ਾਦ ਲਿਖਿਆ ਹੈ, ਤਾਂ ਸਾਨੂੰ ਕੀ ਹੱਕ ਹੈ ਉਸ ਦਾ ਨਾਮ ਵਿਗਾੜਨ ਦਾ? ਮਹਾਨ ਯੋਧੇ ਸ਼ਹੀਦ ਊਧਮ ਸਿੰਘ ਬਨਾਮ ਮੁਹੰਮਦ ਸਿੰਘ ਆਜ਼ਾਦ ਨੂੰ ਇਹ 'ਕਾਵਿ-ਬੰਦ' ਸਮਰਪਿਤ ਕਰ ਰਹੇ ਹਾਂ, ਜੋ ਇਸ ਮਹਾਨ ਯੋਧੇ ਵੱਲੋਂ ਦੁਨੀਆਂ ਦੇ ਸਭ ਤੋਂ ਵੱਡੇ ਬਸਤੀਵਾਦ ਦਾ ਕਿਲਾ ਢਾਹੁਣ ਦੀ ਗਵਾਹੀ ਭਰਦੇ ਹਨ:

ਲੰਡਨ ਬਸਤੀਵਾਦ ਦਾ, ਜਦ ਹੁੰਦਾ ਸੀ ਗੜ੍ਹ।
ਊਧਮ ਸਿੰਘ ਸਰਦਾਰ ਨੇ, ਤਦ ਭੰਨੀ ਸੀ ਤੜ।

# ਮੈਂ ਜਾਣਦਾ ਹਾਂ ਅਰਥਚਾਰੇ ਦੀਆਂ ਦਿੱਕਤਾਂ ਨਾਲ ਕਿਵੇਂ ਨਿਜੱਠਣਾ ਹੈ : ਮਾਰਕ ਕਾਰਨੀ

ਮਾਰਕ ਕਾਰਨੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਲਿਬਰਲ ਪਾਰਟੀ ਦੇ ਆਗੂ ਵਜੋਂ ਜਸਟਿਨ ਟਰੂਡੋ ਦੀ ਜਗ੍ਹਾ ਲੈਣ ਦੀ ਦੌੜ ਜਿੱਤ ਲਈ ਹੈ, ਉਹ ਪ੍ਰਧਾਨ ਮੰਤਰੀ ਵਜੋਂ ਅੱਜ ਸ਼ੁੱਕਰਵਾਰ ਨੂੰ ਸਹੁੰ ਚੁੱਕਣਗੇ। ਕਾਰਨੀ ਨੇ ਆਪਣੇ ਤਿੰਨ ਵਿਰੋਧੀਆਂ ਦੇ ਖਿਲਾਫ ਲੀਡਰਸ਼ਿਪ ਦੀ ਇਹ ਦੌੜ ਆਸਾਨੀ ਨਾਲ ਜਿੱਤ ਲਈ ਅਤੇ 131,674 ਵੋਟਾਂ ਪ੍ਰਾਪਤ ਕੀਤੀਆਂ ਹਨ।


ਹੁਣ ਉਹ ਅਗਲੀਆਂ ਆਮ ਚੋਣਾਂ ਵਿੱਚ ਲਿਬਰਲ ਪਾਰਟੀ ਦੀ ਅਗਵਾਈ ਕਰਨਗੇ। ਇਹ ਚੋਣਾਂ 20 ਅਕਤੂਬਰ ਤੱਕ ਹੋਣੀਆਂ ਚਾਹੀਦੀਆਂ ਹਨ ਪਰ ਇਹ ਇਸੇ ਮਹੀਨੇ ਦੇ ਅੰਤ ਵਿੱਚ ਸ਼ੁਰੂ ਹੋ ਸਕਦੀਆਂ ਹਨ। ਜਿੱਤ ਮਗਰੋਂ ਦਿੱਤੇ ਆਪਣੇ ਭਾਸ਼ਣ ਵਿੱਚ, ਯੂਕੇ ਅਤੇ ਕੈਨੇਡਾ ਦੇ ਕੇਂਦਰੀ ਬੈਂਕਾਂ ਦੇ ਸਾਬਕਾ ਮੁਖੀ ਰਹੇ ਕਾਰਨੀ ਨੇ ਟਰੰਪ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦੇਸ਼ ਨੂੰ "ਕਾਲੇ ਦਿਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਹ ਦਿਨ ਇੱਕ ਅਜਿਹੇ ਦੇਸ਼ ਦੁਆਰਾ ਲਿਆਂਦੇ ਗਏ ਹਨ ਜਿਸ 'ਤੇ ਅਸੀਂ ਹੁਣ ਭਰੋਸਾ ਨਹੀਂ ਕਰ ਸਕਦੇ।"

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਸੰਦੇਸ਼ ਦਿੰਦਿਆਂ ਕਾਰਨੀ ਨੇ ਕਿਹਾ ਕਿ ਕੈਨੇਡਾ ਵੀ ਅਮਰੀਕੀ ਸਾਮਾਨਾਂ 'ਤੇ ਜਵਾਬੀ ਟੈਰਿਫ ਉਦੋਂ ਤੱਕ ਜਾਰੀ ਰੱਖੇਗਾ ਜਦੋਂ ਤੱਕ "ਅਮਰੀਕੀ ਸਾਡਾ ਸਤਿਕਾਰ ਨਹੀਂ ਕਰਦੇ"। ਟਰੂਡੋ ਨੇ ਨੌਂ ਸਾਲਾਂ ਦੇ ਆਪਣੇ ਕਾਰਜਕਾਲ ਤੋਂ ਬਾਅਦ ਜਨਵਰੀ ਵਿੱਚ ਅਸਤੀਫੇ ਦਾ ਐਲਾਨ ਕੀਤਾ ਸੀ। ਉਨ੍ਹਾਂ ਉੱਤੇ ਆਪਣੀ ਹੀ ਪਾਰਟੀ ਅੰਦਰੋਂ ਅਸਤੀਫਾ ਦੇਣ ਲਈ ਦਬਾਅ ਵਧ ਰਿਹਾ ਸੀ। ਬੈਂਕ ਦੇ ਥ੍ਰੈਡਨੀਡਲ ਸਟਰੀਟ ਹੈੱਡਕੁਆਰਟਰ ਵਿਖੇ ਆਪਣੇ ਕਾਰਜਕਾਲ ਦੌਰਾਨ, ਉਨ੍ਹਾਂ ਨੇ ਸੰਸਥਾ ਦੇ ਕੰਮਕਾਜ ਦੇ ਤਰੀਕੇ ਵਿੱਚ ਮਹੱਤਵਪੂਰਨ ਤਬਦੀਲੀਆਂ ਦੀ ਨਿਗਰਾਨੀ ਕੀਤੀ।

ਉਨ੍ਹਾਂ ਨੂੰ ਬੈਂਕ ਦੇ ਆਧੁਨਿਕੀਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ। ਉਹ ਆਪਣੇ ਤੋਂ ਪਹਿਲਾਂ ਵਾਲੇ ਅਧਿਕਾਰੀ ਨਾਲੋਂ ਜ਼ਿਆਦਾ ਵਾਰ ਮੀਡੀਆ ਵਿੱਚ ਦਿਖਾਈ ਦਿੰਦੇ ਸਨ। 2015 ਵਿੱਚ, ਬੈਂਕ ਨੇ ਵਿਆਜ ਦਰ ਸਬੰਧੀ ਮੀਟਿੰਗਾਂ ਦੀ ਗਿਣਤੀ 12 ਤੋਂ ਘਟਾ ਕੇ 8 ਕਰ ਦਿੱਤੀ, ਅਤੇ ਵਿਆਜ ਦਰ ਦੇ ਫੈਸਲਿਆਂ ਦੀ ਘੋਸ਼ਣਾ ਦੇ ਨਾਲ-ਨਾਲ ਮੀਟਿੰਗ 'ਚ ਹੋਈਆਂ ਅਹਿਮ ਗੱਲਾਂ ਦੀ ਜਾਣਕਾਰੀ ਪ੍ਰਕਾਸ਼ਿਤ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਕਾਰਨੀ ਨੇ ਅਹੁਦਾ ਸੰਭਾਲਿਆ ਸੀ ਤਾਂ ਵਿਆਜ ਦਰਾਂ ਇਤਿਹਾਸਕ ਤੌਰ 'ਤੇ ਘੱਟ ਸਨ, ਪਰ ਉਨ੍ਹਾਂ "ਅੱਗੇ ਦੀ ਸੇਧ" ਦੀ ਨੀਤੀ ਪੇਸ਼ ਕੀਤੀ, ਜਿਸ ਦੇ ਤਹਿਤ ਬੈਂਕ ਅਰਥਵਿਵਸਥਾ ਨੂੰ ਹੋਰ ਸਮਰਥਨ ਪ੍ਰਦਾਨ ਕਰਕੇ ਅਤੇ ਬੇਰੁਜ਼ਗਾਰੀ ਦੀ ਦਰ ਨੂੰ 7% ਤੋਂ ਹੇਠਾਂ ਆਉਣ ਤੱਕ ਦਰਾਂ ਨਾ ਵਧਾਉਣ ਦਾ ਵਾਅਦਾ ਕਰਕੇ, ਉਧਾਰ ਦੇਣ ਨੂੰ ਉਤੇਜਿਤ ਕਰਨ ਦੀ ਕੋਸ਼ਿਸ਼ ਕਰੇਗਾ।

ਇਸ ਨੀਤੀ ਬਾਰੇ ਭੰਬਲਭੂਸੇ ਕਾਰਨ ਇੱਕ ਸੰਸਦ ਮੈਂਬਰ ਨੇ ਕਾਰਨੀ ਦੀ ਤੁਲਨਾ ਇੱਕ "ਬੇਭਰੋਸੇਯੋਗ ਪ੍ਰੇਮੀ" ਨਾਲ ਕੀਤੀ, ਇੱਕ ਅਜਿਹਾ ਉਪਨਾਮ ਜੋ ਅਸਲ ਵਿਵਾਦ ਦੇ ਖਤਮ ਹੋਣ ਤੋਂ ਬਾਅਦ ਵੀ ਬਹੁਤ ਸਮੇਂ ਤੱਕ ਚੱਲਦਾ ਰਿਹਾ। ਪਿਛਲੇ ਗਵਰਨਰਾਂ ਦੇ ਉਲਟ, ਜੋ ਆਮ ਤੌਰ 'ਤੇ ਘੱਟ ਹੀ ਅੱਗੇ ਆਉਂਦੇ ਸਨ, ਕਾਰਨੀ ਨੇ ਦੋ ਵੱਡੇ ਸੰਵਿਧਾਨਕ ਜਨਮਤ ਸੰਗ੍ਰਹਿ ਤੋਂ ਪਹਿਲਾਂ ਵਿਵਾਦਪੂਰਨ ਦਖਲਅੰਦਾਜ਼ੀ ਕੀਤੀ।

2014 ਵਿੱਚ ਉਸਨੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਇੱਕ ਸੁਤੰਤਰ ਸਕਾਟਲੈਂਡ ਪੌਂਡ ਦੀ ਵਰਤੋਂ ਜਾਰੀ ਰੱਖਣਾ ਚਾਹੁੰਦਾ ਹੈ ਤਾਂ ਉਸਨੂੰ ਆਪਣੀਆਂ ਸ਼ਕਤੀਆਂ ਯੂਕੇ ਨੂੰ ਸੌਂਪਣੀਆਂ ਪੈ ਸਕਦੀਆਂ ਹਨ। ਇਸੇ ਤਰ੍ਹਾਂ, ਬ੍ਰੈਕਸਿਟ ਜਨਮਤ ਸੰਗ੍ਰਹਿ ਤੋਂ ਪਹਿਲਾਂ ਉਨ੍ਹਾਂ ਨੇ ਚੇਤਾਵਨੀ ਦਿੱਤੀ ਸੀ ਕਿ ਯੂਰੋਪੀਅਨ ਯੂਨੀਅਨ ਛੱਡਣ ਲਈ ਵੋਟ ਪਾਉਣ ਨਾਲ ਮੰਦੀ ਸ਼ੁਰੂ ਹੋ ਸਕਦੀ ਹੈ। ਡੇਵਿਡ ਕੈਮਰੂਨ ਵੱਲੋਂ ਪ੍ਰਧਾਨ ਮੰਤਰੀ ਵਜੋਂ ਅਸਤੀਫਾ ਦੇਣ ਅਤੇ ਪੌਂਡ ਡਿੱਗਣ ਤੋਂ ਬਾਅਦ, ਉਨ੍ਹਾਂ ਨੇ ਦੇਸ਼ ਨੂੰ ਸੰਬੋਧਨ ਕਰਕੇ ਭਰੋਸਾ ਦਿਵਾਇਆ ਸੀ ਕਿ ਦੇਸ਼ ਦੀ ਵਿੱਤੀ ਪ੍ਰਣਾਲੀ ਆਮ ਵਾਂਗ ਕੰਮ ਕਰਦੀ ਰਹੇਗੀ।



ਹਾਲਾਂਕਿ, ਕਾਰਨੀ ਨੇ ਇਸ ਨੂੰ ਆਪਣੀ ਨੌਕਰੀ ਦਾ "ਸਭ ਤੋਂ ਔਖਾ ਦਿਨ" ਦੱਸਿਆ ਸੀ, ਪਰ ਉਨ੍ਹਾਂ ਕਿਹਾ ਸੀ ਕਿ ਬੈਂਕ ਦੁਆਰਾ ਬਣਾਈਆਂ ਗਈਆਂ ਐਮਰਜੈਂਸੀ ਯੋਜਨਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀਆਂ ਹਨ। ਬਾਅਦ ਵਿੱਚ ਬੈਂਕ ਨੇ ਵਿਆਜ ਦਰਾਂ ਨੂੰ 0.5% ਤੋਂ 0.25% ਤੱਕ ਘਟਾ ਦਿੱਤਾ - ਅਤੇ ਅਰਥਵਿਵਸਥਾ ਨੂੰ ਸਮਰਥਨ ਦੇਣ ਲਈ ਆਪਣਾ ਪ੍ਰੋਗਰਾਮ ਦੁਬਾਰਾ ਸ਼ੁਰੂ ਕੀਤਾ।

ਮਾਰਕ ਕਾਰਨੀ ਬੈਂਕ ਆਫ਼ ਇੰਗਲੈਂਡ ਦੇ ਸਾਬਕਾ ਮੁਖੀ ਹਨ ਜੋ ਹੁਣ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ। ਉਨ੍ਹਾਂ ਨੂੰ ਹੁਣ ਵਿਸ਼ਵਵਿਆਪੀ ਆਰਥਿਕ ਸੰਕਟਾਂ ਨਾਲ ਨਜਿੱਠਣ ਲਈ ਆਪਣੇ ਸਾਰੇ ਤਜਰਬੇ ਦੀ ਲੋੜ ਹੋਵੇਗੀ ਕਿਉਂਕਿ ਕੈਨੇਡਾ ਅਮਰੀਕੀ ਰਾਸ਼ਟਰਪਤੀ ਟਰੰਪ ਦੁਆਰਾ ਸ਼ੁਰੂ ਕੀਤੇ ਗਏ ਵਪਾਰ ਯੁੱਧ ਦਾ ਸਾਹਮਣਾ ਕਰ ਰਿਹਾ ਹੈ। ਮਾਰਕ ਕਾਰਨੀ 2013 ਵਿੱਚ ਬੈਂਕ ਆਫ਼ ਇੰਗਲੈਂਡ ਦੇ ਗਵਰਨਰ ਬਣੇ ਸਨ ਅਤੇ ਇਸ ਦੇ 300 ਸਾਲ ਤੋਂ ਵੱਧ ਦੇ ਇਤਿਹਾਸ ਵਿੱਚ ਉਹ ਪਹਿਲੇ ਗੈਰ-ਬ੍ਰਿਟਿਸ਼ ਵਿਅਕਤੀ ਸਨ ਜਿਸ ਨੇ ਇਹ ਅਹੁਦਾ ਸੰਭਾਲਿਆ ਸੀ। ਬ੍ਰਿਟੇਨ ਦੇ ਸਿਖਰਲੇ ਬੈਂਕਿੰਗ ਅਹੁਦੇ ਲਈ ਚੁਣੇ ਜਾਣ ਤੋਂ ਪਹਿਲਾਂ, ਉਨ੍ਹਾਂ ਨੇ ਦੇਸ਼ ਦੇ ਕੇਂਦਰੀ ਬੈਂਕ, ਬੈਂਕ ਆਫ਼ ਕੈਨੇਡਾ ਦੇ ਗਵਰਨਰ ਵਜੋਂ ਕੰਮ ਕੀਤਾ ਅਤੇ ਦੇਸ਼ ਨੂੰ ਮਹਾ ਮੰਦੀ ਝੱਲਣ ਦੀ ਰਾਹ ਦਿਖਾਈ। ਪਰ ਜ਼ਿਆਦਾਤਰ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰਾਂ ਦੇ ਉਲਟ, ਕਾਰਨੀ ਨੇ ਕਦੇ ਵੀ ਸਿਆਸੀ ਅਹੁਦਾ ਨਹੀਂ ਸੰਭਾਲਿਆ। ਫਿਰ ਵੀ, ਉਨ੍ਹਾਂ ਨੇ ਆਸਾਨੀ ਨਾਲ ਇਹ ਮੁਕਾਬਲਾ ਜਿੱਤ ਲਿਆ।

ਹੁਣ, ਉਨ੍ਹਾਂ ਨੂੰ ਦੇਸ਼ ਦੀਆਂ ਹੁਣ ਤੱਕ ਦੀਆਂ ਸਭ ਤੋਂ ਔਖੀਆਂ ਚੁਣੌਤੀਆਂ ਵਿੱਚੋਂ ਇੱਕ ਵਿੱਚੋਂ ਲੰਘਣਾ ਪਵੇਗਾ। ਕਿਉਂਕਿ ਇਸ ਸਮੇਂ ਕੈਨੇਡਾ ਦੇ ਆਪਣੇ ਤੋਂ ਵੱਡੇ ਵਪਾਰਕ ਭਾਈਵਾਲ, ਸੰਯੁਕਤ ਰਾਜ ਅਮਰੀਕਾ ਨਾਲ ਵਪਾਰ ਯੁੱਧ ਚੱਲ ਰਿਹਾ ਹੈ ਅਤੇ ਮਾਰਕ ਤੋਂ ਉਮੀਦ ਕੀਤੀ ਜਾਵੇਗੀ ਕਿ ਉਹ ਇਸ ਸਥਿਤੀ 'ਚੋਂ ਦੇਸ਼ ਨੂੰ ਬਾਹਰ ਕੱਢਣ।

ਹਾਲਾਂਕਿ, ਪ੍ਰਧਾਨ ਮੰਤਰੀ ਦੀ ਆਪਣੀ ਭੂਮਿਕਾ ਨੂੰ ਬਰਕਰਾਰ ਰੱਖਣਾ ਵੀ ਉਨ੍ਹਾਂ ਲਈ ਆਪਣੇ ਆਪ ਵਿੱਚ ਇੱਕ ਲੜਾਈ ਹੋਵੇਗੀ। ਕੈਨੇਡਾ ਦੀਆਂ ਅਗਲੀਆਂ ਸੰਘੀ ਚੋਣਾਂ ਇਸੇ ਸਾਲ ਅਕਤੂਬਰ ਵਿੱਚ ਹੋਣੀਆਂ ਹਨ, ਪਰ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਚੋਣਾਂ ਇਸੇ ਮਹੀਨੇ ਦੇ ਸ਼ੁਰੂ ਵਿੱਚ ਹੀ ਹੋ ਜਾਣਗੀਆਂ। ਕਾਰਨੀ ਦਾ ਜਨਮ ਉੱਤਰ-ਪੱਛਮੀ ਪ੍ਰਦੇਸ਼ਾਂ ਦੇ ਦੂਰ-ਦੁਰਾਡੇ ਉੱਤਰੀ ਸ਼ਹਿਰ ਫੋਰਟ ਸਮਿੱਟ ਵਿੱਚ ਹੋਇਆ ਸੀ। ਹਾਲਾਂਕਿ, ਉਨ੍ਹਾਂ ਨੇ ਨਿਊਯਾਰਕ, ਲੰਡਨ ਅਤੇ ਟੋਕੀਓ ਵਰਗੀਆਂ ਥਾਵਾਂ 'ਤੇ ਗੋਲਡਮੈਨ ਸਾਕਸ ਲਈ ਕੰਮ ਕਰਦੇ ਹੋਏ ਦੁਨੀਆਂ ਭਰ ਦੀ ਯਾਤਰਾ ਕੀਤੀ ਹੈ। ਉਨ੍ਹਾਂ ਦੇ ਪਿਤਾ ਇੱਕ ਹਾਈ ਸਕੂਲ ਦੇ ਪ੍ਰਿੰਸੀਪਲ ਸਨ ਅਤੇ ਕਾਰਨੀ ਖੁਦ ਸਕਾਲਰਸ਼ਿਪ 'ਤੇ ਹਾਰਵਰਡ ਯੂਨੀਵਰਸਿਟੀ ਪੜ੍ਹਨ ਗਏ ਸਨ ਜਿੱਥੇ ਉਨ੍ਹਾਂ ਨੇ ਆਈਸ ਹਾਕੀ ਵੀ ਖੇਡੀ।

ਸਾਲ 1995 ਵਿੱਚ ਉਨ੍ਹਾਂ ਨੇ ਆਕਸਫੋਰਡ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿੱਚ ਪੀਐਚਡੀ ਦੀ ਡਿਗਰੀ ਪ੍ਰਾਪਤ ਕੀਤੀ। 2003 ਵਿੱਚ, ਉਨ੍ਹਾਂ ਨੇ ਬੈਂਕ ਆਫ਼ ਕੈਨੇਡਾ ਵਿੱਚ ਡਿਪਟੀ ਗਵਰਨਰ ਵਜੋਂ ਸ਼ਾਮਲ ਹੋਣ ਲਈ ਨਿੱਜੀ ਖੇਤਰ ਛੱਡ ਦਿੱਤਾ ਅਤੇ ਫਿਰ ਵਿੱਤ ਵਿਭਾਗ ਵਿੱਚ ਇੱਕ ਸੀਨੀਅਰ ਐਸੋਸੀਏਟ ਡਿਪਟੀ ਮੰਤਰੀ ਵਜੋਂ ਕੰਮ ਕੀਤਾ। ਗਲੋਬਲ ਮਾਰਕਿਟ ਦੇ ਡਿੱਗਣ ਤੋਂ ਕੁਝ ਸਮਾਂ ਪਹਿਲਾ, ਸਾਲ 2007 ਵਿੱਚ ਉਨ੍ਹਾਂ ਨੂੰ ਬੈਂਕ ਆਫ਼ ਕੈਨੇਡਾ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ। ਦੇਸ਼ ਨੂੰ ਸੰਕਟ ਦੇ ਇਸ ਸਭ ਤੋਂ ਭੈੜੇ ਦੌਰ ਤੋਂ ਬਚਣ ਵਿੱਚ ਮਦਦ ਕਰਨ ਲਈ ਕੇਂਦਰੀ ਬੈਂਕ ਵਿੱਚ ਉਨ੍ਹਾਂ ਦੀ ਅਗਵਾਈ ਦੀ ਵਿਆਪਕ ਤੌਰ 'ਤੇ ਪ੍ਰਸ਼ੰਸਾ ਕੀਤੀ ਜਾਂਦੀ ਹੈ। ਹਾਲਾਂਕਿ ਕੇਂਦਰੀ ਬੈਂਕਰ ਬਹੁਤ ਸਾਵਧਾਨ ਰਹਿੰਦੇ ਹਨ, ਪਰ ਉਨ੍ਹਾਂ ਨੇ ਦਰਾਂ ਵਿੱਚ ਨਾਟਕੀ ਢੰਗ ਨਾਲ ਕਟੌਤੀ ਕਰਨ ਤੋਂ ਬਾਅਦ ਘੱਟੋ-ਘੱਟ ਇੱਕ ਸਾਲ ਲਈ ਵਿਆਜ ਦਰਾਂ ਨੂੰ ਘੱਟ ਰੱਖਣ ਦੇ ਆਪਣੇ ਇਰਾਦੇ ਬਾਰੇ ਖੁੱਲ੍ਹ ਕੇ ਗੱਲ ਕੀਤੀ ਸੀ। ਇਸ ਕਦਮ ਨੂੰ ਕਾਰੋਬਾਰਾਂ ਨੂੰ ਨਿਵੇਸ਼ ਜਾਰੀ ਰੱਖਣ ਵਿੱਚ ਮਦਦ ਕਰਨ ਦਾ ਸਿਹਰਾ ਦਿੱਤਾ ਜਾਵੇਗਾ ਭਾਵੇਂ ਬਾਜ਼ਾਰ ਡੁੱਬ ਰਹੇ ਹੋਣ। ਜਦੋਂ ਕਾਰਨੀ ਨੂੰ ਲੰਦਨ ਵਾਪਸ ਬੁਲਾਇਆ ਗਿਆ, ਉਸ ਵੇਲੇ ਵੀ ਉਨ੍ਹਾਂ ਨੇ ਇਸੇ ਤਰ੍ਹਾਂ ਦਾ ਰਵੱਈਆ ਅਪਣਾਇਆ - ਇਸ ਵਾਰ ਉਹ ਬੈਂਕ ਆਫ਼ ਇੰਗਲੈਂਡ ਦੇ ਗਵਰਨਰ ਵਜੋਂ ਕੰਮ ਕਰ ਰਹੇ ਸਨ।

# ਖਾਲਸਾ ਸੈਕਡਰੀ ਸਕੂਲ, ਸਰੀ ਦੇ ਬੱਚਿਆਂ ਨੇ ਬੇਘਰੇ ਲੋਕਾਂ ਦੀ ਕੀਤੀ ਮਦਦ









ਵੈਨਕੂਵਰ: ਖਾਲਸਾ ਸੈਕਡਰੀ ਸਕੂਲ ਦੇ ਬੱਚਿਆਂ ਵੱਲੋਂ ਵੈਨਕੂਵਰ ਦੇ ਡਾਊਨ ਟਾਊਨ ਵਿੱਚ ਜਾ ਕੇ ਬੇਘਰੇ-ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਕੀਤੀ। ਜਿਸ ਵਿੱਚ ਉਹਨਾਂ ਨੂੰ ਵੱਖ-ਵੱਖ ਜਰੂਰਤਾਂ ਵਾਲੀਆਂ ਚੀਜ਼ਾਂ ਦਿੱਤੀਆਂ ਗਈਆਂ ਤਾਂ ਕਿ ਉਹ ਆਪਣੇ ਲਈ ਵਰਤ ਸਕਣ ਤੇ ਇਸ ਲਈ ਬੱਚਿਆਂ ਨੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿੱਚ ਜਾ ਕੇ ਧੰਨ ਇਕੱਠਾ ਕੀਤਾ ਪਹਿਲਾਂ ਉਹਨਾਂ ਨੇ ਪੇਂਟਿੰਗ ਬਣਾਈਆਂ ਅਤੇ ਉਹਨਾਂ ਨੂੰ ਫਿਰ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿੱਚ ਜਾ ਕੇ ਵੇਚਿਆ ਅਤੇ ਇਸ ਤੋਂ ਤਕਰੀਬਨ 7 ਹਜ਼ਾਰ ਡਾਲਰ ਇਕੱਠੇ ਕੀਤੇ। ਸੰਗਤਾਂ ਨੇ ਭਾਰੀ ਉਤਸ਼ਾਹ ਨਾਲ ਬੱਚਿਆਂ ਦਾ ਸਾਥ ਦਿੱਤਾ ਤੇ ਇਹ ਫਿਰ ਬੱਚਿਆਂ ਨੇ ਪੈਸੇ ਇਕੱਠੇ ਕਰਕੇ ਬੇਘਰੇ ਲੋਕਾਂ ਨੂੰ ਜ਼ਰਾਬਾਂ, ਸਰਦੀਆਂ ਦੇ ਵਿੱਚ ਪਾਉਣ ਲਈ ਥਰਮਲ ਜੈਕਟਾਂ, ਮੀਂਹ ਤੋਂ ਬਚਣ ਲਈ ਜੈਕਟਾਂ, ਪੈਂਟਾਂ, ਫੇਸ ਵਾਸ਼, ਵੈਸਲੀਨ, ਵੈਸਲੀਨ ਲੋਸ਼ਨ, ਹੱਥਾਂ ਤੇ ਪਾਉਣ ਲਈ ਦਸਤਾਨੇ, ਛੱਤਰੀਆਂ ਅਤੇ ਟੋਕਰੀਆਂ ਦਾਨ ਆਦਿ ਖਰੀਦ ਕੇ ਬੇਘਰੇ ਲੋਕਾਂ ਨੂੰ ਦਾਨ ਕੀਤੀਆਂ।

"Khalsa Cares" ਮੁਹਿੰਮ ਤਹਿਤ ਵਿਦਿਆਰਥੀਆਂ ਨੇ ਆਪਣੇ ਤੌਰ 'ਤੇ ਯੋਜਨਾ ਬਣਾਈ ਅਤੇ ਵਿਦਿਆਰਥੀਆਂ ਨੇ 1 ਨਵੰਬਰ ਨੂੰ ਜ਼ਰੂਰਤ ਦੀਆਂ ਚੀਜ਼ਾਂ ਖਰੀਦਣ ਲਈ ਧੰਨ ਇਕੱਠਾ ਕੀਤਾ। ਬੇਘਰੇ ਲੋਕਾਂ ਲਈ ਵਿਦਿਆਰਥੀਆਂ ਨੇ ਬਹੁਤ ਹੀ ਸੋਚ-ਵਿਚਾਰ ਅਤੇ ਮਿਹਨਤ ਨਾਲ ਤਿਆਰ ਕੀਤੇ।

ਖਾਲਸਾ ਸਕੈਂਡਰੀ ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਹਿੰਮਤ ਅਤੇ ਯੋਗਦਾਨ ਨਾਲ ਇਹ ਸਾਬਤ ਕਰ ਦਿੱਤਾ ਕਿ ਨੌਜਵਾਨ ਵੀ ਸਮਾਜਿਕ ਬਦਲਾਵ ਲਈ ਅਹਿਮ ਭੂਮਿਕਾ ਨਿਭਾ ਸਕਦੇ ਹਨ। ਇਹ ਉੱਦਮ ਹੋਰ ਨੌਜਵਾਨਾਂ ਨੂੰ ਵੀ ਸਮਾਜਿਕ ਭਲਾਈ ਵੱਲ ਪ੍ਰੇਰਿਤ ਕਰੇਗਾ।

ਬੀ.ਸੀ. ਦਾ ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ

ਬੀ.ਸੀ. ਦੇ 99% ਤੋਂ ਵੱਧ ਵਸਨੀਕਾਂ ਨੂੰ ਛੋਟ ਹੈ
ਪਰ ਤੁਹਾਡੇ ਲਈ ਫਿਰ ਵੀ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ।



ਬੀ.ਸੀ. ਦਾ 'ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ' (ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ) ਘੋਸ਼ਿਤ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ। ਭਾਂਵੇ ਨਿਰਧਾਰਤ ਖੇਤਰਾਂ ਵਿੱਚ ਸਾਰੇ ਮਕਾਨ ਮਾਲਕਾਂ ਲਈ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਦੇ 99% ਤੋਂ ਵਧੇਰੇ ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਤੋਂ ਰਾਹਤ ਹੈ। ਇਹ ਟੈਕਸ ਕਿਫ਼ਾਇਤੀ ਰਿਹਾਇਸ਼ੀ ਪਹਿਲਕਦਮੀਆਂ ਨੂੰ ਫੰਡ ਕਰਨ ਵਿੱਚ ਮਦਦ ਕਰਦਾ ਹੈ ਅਤੇ ਬੀ.ਸੀ. ਵਿੱਚ ਰਹਿੰਦੇ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਖਾਲੀ ਘਰਾਂ ਨੂੰ ਰਿਹਾਇਸ਼ਾਂ ਵਿੱਚ ਬਦਲਦਾ ਹੈ। 2017 ਤੋਂ ਲੈਕੇ ਹੁਣ ਤੱਕ 'ਹੋਮਜ਼ ਫੌਰ ਬੀ ਸੀ' ਅਤੇ 'ਹੋਮਜ਼ ਫੌਰ ਪੀਪਲ' ਯੋਜਨਾਵਾਂ ਦੇ ਤਹਿਤ ਬੀ.ਸੀ. ਭਰ ਵਿੱਚ 90,000 ਤੋਂ ਵੱਧ ਘਰ ਉਪਲਬਧ ਕੀਤੇ ਜਾ ਚੁੱਕੇ ਹਨ ਜਾਂ ਕੀਤੇ ਜਾਣ ਵਾਲੇ ਹਨ।

31 ਮਾਰਚ, 2025 ਤੱਕ **gov.bc.ca/spectax** 'ਤੇ ਜਾਂ **1.833.554.2323** ਟੋਲ ਫ੍ਰੀ 'ਤੇ ਫ਼ੋਨ ਕਰਕੇ ਘੋਸ਼ਿਤ ਕਰੋ

ਰਿਹਾਇਸ਼ਾਂ ਨੂੰ ਵਧੇਰੇ ਕਿਫ਼ਾਇਤੀ ਬਣਾਉਣਾ

BRITISH COLUMBIA

# ਕੈਲਗਰੀ ਹਵਾਈ ਅੱਡੇ 'ਤੇ ਵੈਸਟਜੈੱਟ ਦੀ ਉਡਾਨ ਸੁਰੱਖਿਆ ਖ਼ਤਰੇ ਕਾਰਨ ਰੱਦ

ਕੈਲਗਰੀ : ਕੈਲਗਰੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਵੈਸਟਜੈੱਟ ਦੀ ਔਟਵਾ ਜਾਣ ਵਾਲੀ ਉਡਾਨ 610 ਨੂੰ ਸੁਰੱਖਿਆ ਕਾਰਨਾਂ ਕਰਕੇ ਰੱਦ ਕਰ ਦਿੱਤਾ ਗਿਆ ਹੈ। ਕੈਲਗਰੀ ਪੁਲਿਸ ਸਰਵਿਸ ਅਤੇ ਹਵਾਈ ਅੱਡਾ ਅਥਾਰਟੀ ਵਲੋਂ ਘਟਨਾ ਦੀ ਜਾਂਚ ਜਾਰੀ ਹੈ। ਵੈਸਟਜੈੱਟ ਨੇ ਪੁਸ਼ਟੀ ਕੀਤੀ ਹੈ ਕਿ ਉਡ਼ਾਨ ਦੇ ਨਾਲ ਸਬੰਧਤ ਸੁਰੱਖਿਆ ਚਿੰਤਾ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਇਸ ਸਬੰਧੀ ਜਾਂਚ ਹੋਣੀ ਲਾਜ਼ਮੀ ਹੈ। ਔਟਵਾ ਜਾਣ ਵਾਲੀ ਉਡ਼ਾਨ 610 ਸ਼ੁਰੂ ਵਿੱਚ ਗੇਟ 22 ਤੋਂ ਸਵੇਰੇ 10:45 ਵਜੇ ਉਡਾਣ ਭਰਨੀ ਸੀ, ਪਰ ਸੁਰੱਖਿਆ ਕਾਰਨਾਂ ਦੇ ਮੱਦੇਨਜ਼ਰ, ਇਸਨੂੰ ਵਿਲੰਬ ਕੀਤਾ ਗਿਆ ਅਤੇ ਫਿਰ ਰੱਦ ਕਰ ਦਿੱਤਾ ਗਿਆ। ਜਾਂਚ ਦੌਰਾਨ, ਕੈਲਗਰੀ ਪੁਲਿਸ ਅਤੇ ਹਵਾਈ ਅੱਡੇ ਦੀ ਸੁਰੱਖਿਆ ਟੀਮ ਵਲੋਂ ਵੱਡੀ ਗਿਣਤੀ ਵਿੱਚ ਅਧਿਕਾਰੀ ਅਤੇ ਵਾਹਨ ਹਵਾਈ ਅੱਡੇ ਉੱਤੇ ਵੇਖਣ ਨੂੰ ਮਿਲੇ।

ਕੈਲਗਰੀ ਹਵਾਈ ਅੱਡਾ ਅਥਾਰਟੀ ਨੇ ਖ਼ਤਰੇ ਦੀ ਗੰਭੀਰਤਾ ਨੂੰ ਨਕਾਰਿਆ ਨਹੀਂ, ਪਰ ਉਨ੍ਹਾਂ ਕਿਹਾ ਕਿ ਜੋਖਮ ਘੱਟ ਹੈ। "ਅਸੀਂ ਸੁਰੱਖਿਆ ਨੂੰ ਪ੍ਰਾਇਕਤਾ ਦੇ ਰਹੇ ਹਾਂ ਅਤੇ ਸਭ ਯਾਤਰੀਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਸਾਵਧਾਨੀਆਂ ਅਪਣਾ ਰਹੇ ਹਾਂ," ਅਥਾਰਟੀ ਦੇ ਬੁਲਾਰੇ ਨੇ ਕਿਹਾ। ਹਵਾਈ ਅੱਡਾ ਅਥਾਰਟੀ ਨੇ ਇਹ ਵੀ ਕਿਹਾ ਕਿ ਇਸ ਘਟਨਾ ਕਾਰਨ ਕਿਸੇ ਹੋਰ ਉਡ਼ਾਨ ਵਿੱਚ ਕੋਈ ਵਿਘਨ ਨਹੀਂ ਆਇਆ। ਇਕੱਲੀ ਉਡ਼ਾਨ 610 ਹੀ ਪ੍ਰਭਾਵਿਤ ਹੋਈ, ਜਦਕਿ ਹੋਰ ਉਡ਼ਾਨਾਂ ਸਮੇਂ 'ਤੇ ਉਡਾਣ ਭਰ ਰਹੀਆਂ ਹਨ।

ਔਟਵਾ ਜਾਣ ਵਾਲੇ ਯਾਤਰੀਆਂ ਲਈ ਕਾਫ਼ੀ ਪਰੇਸ਼ਾਨੀ ਵਜੋਂ ਸਾਹਮਣੇ ਆਈ। ਬਹੁਤ ਸਾਰੇ ਯਾਤਰੀ, ਜੋ ਕਾਰੋਬਾਰੀ ਮੀਟਿੰਗਾਂ, ਪਰਿਵਾਰਕ ਸਮਾਗਮ ਜਾਂ ਹੋਰ ਮਹੱਤਵਪੂਰਨ ਕੰਮਾਂ ਲਈ ਜਾ ਰਹੇ ਸਨ, ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਵੈਸਟਜੈੱਟ ਵਲੋਂ ਯਾਤਰੀਆਂ ਨੂੰ ਬਦਲਵੀਂ ਉਡਾਨਾਂ ਦੀ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੈਲਗਰੀ ਪੁਲਿਸ ਨੇ ਦੱਸਿਆ ਕਿ ਉਹ ਸੁਰੱਖਿਆ ਖ਼ਤਰੇ ਦੀ ਜਾਂਚ ਕਰ ਰਹੀ ਹੈ। ਹਾਲਾਂਕਿ, ਹਾਲੇ ਤਕ ਕੋਈ ਖ਼ਤਰਨਾਕ ਚੀਜ਼ ਨਹੀਂ ਮਿਲੀ, ਪਰ ਜਾਂਚ ਡੂੰਘਾਈ ਨਾਲ ਜਾਰੀ ਹੈ। ਪੁਲਿਸ ਨੇ ਕਿਹਾ, "ਸਾਨੂੰ ਹਰ ਸੰਭਾਵਿਤ ਜੋਖਮ ਨੂੰ ਗੰਭੀਰਤਾ ਨਾਲ ਲੈਣਾ ਪੈਂਦਾ ਹੈ, ਇਸੇ ਕਰਕੇ ਸੰਭਾਵਿਤ ਖ਼ਤਰੇ ਦੀ ਪੂਰੀ ਜਾਂਚ ਹੋਣ ਤਕ ਕੋਈ ਵੀ ਖਤਮਿਸ਼ਦੀ ਨਹੀਂ ਦੱਸ ਸਕਦੇ।"

# ਸਰੀ ਸਿਟੀ ਨੇ ਨੌਜਵਾਨਾਂ ਦੀ ਮੱਦਦ ਲਈ 4.5 ਮਿਲੀਅਨ ਡਾਲਰ ਕੀਤੇ ਨਿਵੇਸ਼



**ਸਰੀ, (ਏਕਜੋਤ ਸਿੰਘ):** ਨੌਜਵਾਨਾਂ ਦੀ ਭਲਾਈ ਅਤੇ ਉਨ੍ਹਾਂ ਦੇ ਭਵਿੱਖ ਨੂੰ ਸੁਧਾਰਨ ਦੀ ਕੋਸ਼ਿਸ਼ਾਂ ਤਹਿਤ, ਸਰੀ ਸਿਟੀ ਨੇ ਯੂਥ ਰਿਸੀਲੈਂਸੀ ਪ੍ਰੋਗਰਾਮਾਂ (Youth Reisilency Programs) ਵਿੱਚ 4.5 ਮਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ ਕੀਤਾ ਹੈ। ਇਹ ਨਵੀਂ ਵਿੱਤੀ ਮੱਦਦ ਸੇਫ਼ ਪ੍ਰੋਗਰਾਮ (SAFE Program) ਦੀ ਸਫਲਤਾ ਦੇ ਆਧਾਰ ‘ਤੇ ਕੀਤੀ ਗਈ ਹੈ, ਜਿਸ ਦਾ ਉਦੇਸ਼ ਨੌਜਵਾਨਾਂ ਨੂੰ ਸੰਭਾਵੀ ਖ਼ਤਰਿਆਂ, ਗੈਂਗ ਹਿੰਸਾ ਅਤੇ ਸ਼ੋਸ਼ਣ ਤੋਂ ਬਚਾਉਣਾ ਹੈ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ, "ਅਸੀਂ ਨੌਜਵਾਨਾਂ ਦੀ ਭਵਿੱਖ ਨਿਰਮਾਣ ਲਈ ਉਨ੍ਹਾਂ ‘ਚ ਨਿਵੇਸ਼ ਕਰ ਰਹੇ ਹਾਂ। ਇਹ ਨਿਵੇਸ਼ ਸਾਡੇ ਸ਼ਹਿਰ ਨੂੰ ਹੋਰ ਮਜ਼ਬੂਤ, ਸੁਰੱਖਿਅਤ ਅਤੇ ਉਤਸ਼ਾਹਪੂਰਨ ਬਣਾਉਣ ਦੀ ਸਾਡੀ ਵਚਨਬੱਧਤਾ ਦਾ ਹਿੱਸਾ ਹੈ।"

ਨਵੇਂ ਯੂਥ ਪ੍ਰੋਗਰਾਮ 2,000 ਤੋਂ ਵੱਧ ਸਰੀ ਨਿਵਾਸੀਆਂ ਦੀ ਮੱਦਦ ਕਰਨ ਦੀ ਉਮੀਦ ਕਰਦੇ ਹਨ। ਡਾਇਵਰਸਿਟੀ ਕਮਿਊਨਿਟੀ ਰਿਸੋਰਸ ਸੋਸਾਇਟੀ ਵੱਲੋਂ ਚਲਾਏ ਜਾ ਰਹੇ ਇਸ ਪ੍ਰੋਗਰਾਮ ਤਹਿਤ 6-17 ਸਾਲ ਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ $300,000 ਸਾਲਾਨਾ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਐਲਿਜ਼ਾਬੈੱਥ ਫਰਾਈ ਸੋਸਾਇਟੀ ਵੱਲੋਂ ਚਲਾਏ ਜਾ ਰਹੇ 6-24 ਸਾਲ ਦੇ ਨੌਜਵਾਨਾਂ ਲਈ $300,000 ਸਾਲਾਨਾ ਦਿੱਤੇ ਜਾਣਗੇ।

ਗਰੇਟਰ ਵੈਨਕੂਵਰ ਫੈਮਲੀ ਸਰਵਿਸਿਜ਼ ਵੱਲੋਂ 13-19 ਸਾਲ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਮੱਦਦ ਲਈ $110,000 ਸਾਲਾਨਾ ਮਿਲਣਗੇ।

ਪੈਸੀਫਿਕ ਕਮਿਊਨਿਟੀ ਰਿਸੋਰਸ ਸੋਸਾਇਟੀ ਵੱਲੋਂ 14-17 ਸਾਲ ਦੇ ਵਿਦਿਆਰਥੀਆਂ ਲਈ $300,000 ਸਾਲਾਨਾ ਦਿੱਤੇ ਜਾਣਗੇ। ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ ਵੱਲੋਂ 9-24 ਸਾਲ ਦੇ ਵਿਦਿਆਰਥੀਆਂ ਲਈ $190,000 ਸਾਲਾਨਾ ਮਿਲਣਗੇ।

ਸਰੀ ਵੁਮੈਨ ਸੈਂਟਰ ਵੱਲੋਂ 13-24 ਸਾਲ ਦੀਆਂ ਔਰਤਾਂ ਦੀ ਸਹਾਇਤਾ ਲਈ $300,000 ਸਾਲਾਨਾ ਮਿਲਣਗੇ।

ਸਰੀ ਪਬਲਿਕ ਸੇਫ਼ਟੀ ਕਮੇਟੀ ਦੇ ਚੇਅਰਮੈਨ ਕੌਂਸਲਰ ਰੌਬ ਸਟੱਟ ਨੇ ਕਿਹਾ, "ਇਹ 4.5 ਮਿਲੀਅਨ ਡਾਲਰ ਦਾ ਨਿਵੇਸ਼ ਸਿਰਫ਼ ਸ਼ਹਿਰ ਦੇ ਭਵਿੱਖ ‘ਚ ਨਹੀਂ, ਸਗੋਂ ਸਾਡੇ ਨੌਜਵਾਨਾਂ ਦੀ ਭਲਾਈ ਵਿੱਚ ਨਿਵੇਸ਼ ਹੈ।" ਸੇਫ਼ ਪ੍ਰੋਗਰਾਮ 2019 ਵਿੱਚ ਫੈਡਰਲ ਸਰਕਾਰ ਵੱਲੋਂ 7.5 ਮਿਲੀਅਨ ਡਾਲਰ ਦੀ ਫੰਡਿੰਗ ਨਾਲ ਸ਼ੁਰੂ ਹੋਇਆ ਸੀ। 2024 ਵਿੱਚ, ਫੈਡਰਲ ਫੰਡਿੰਗ ਖ਼ਤਮ ਹੋਣ ‘ਤੇ, ਸਰੀ ਸਿਟੀ ਨੇ SAFE ਪ੍ਰੋਗਰਾਮ ਦੀ ਪੂਰੀ ਵਿੱਤੀ ਜ਼ਿੰਮੇਵਾਰੀ ਸੰਭਾਲ ਲਈ। 2023 ਵਿੱਚ, ਮੇਅਰ ਲੌਕ ਨੇ ਐਲਾਨ ਕੀਤਾ ਕਿ ਸ਼ਹਿਰ 6 ਮਿਲੀਅਨ ਡਾਲਰ ਵਾਧੂ ਨਿਵੇਸ਼ ਕਰੇਗਾ। ਇਹ ਉਪਰਾਲਾ ਸਰੀ ਨੂੰ ਸੁਰੱਖਿਅਤ, ਤਰੱਕੀਸ਼ੀਲ ਅਤੇ ਨੌਜਵਾਨ-ਕੇਂਦਰਿਤ ਸ਼ਹਿਰ ਬਣਾਉਣ ਵੱਲ ਇਕ ਹੋਰ ਵੱਡਾ ਕਦਮ ਹੈ।

This report was written by Ekjot Singh as part of the Local Journalism Initiative.


# ਬੀ. ਸੀ. ਖਾਲਸਾ ਦਰਬਾਰ ਸੁਸਾਇਟੀ

7749 Prince Edward Street ,Vancouver ,B.C.V5X 0A3 604-325-2290 ,FAX :604-325-2260



## ਬੱਚਿਆਂ ਲਈ ਵਿਸ਼ੇਸ਼ ਗੁਰਮਤਿ ਸਿਖਲਾਈ ਕੈਂਪ

## 24 ਮਾਰਚ ਤੋਂ 28 ਮਾਰਚ, 2025

ਗੁਰਦੁਆਰਾ ਖਾਲਸਾ ਦਰਬਾਰ, ਬੀ.ਸੀ. ਖਾਲਸਾ ਦਰਬਾਰ ਸੁਸਾਇਟੀ ਵੈਨਕੂਵਰ ਵਿਖੇ, ਸਵੇਰੇ 9:00 ਵਜੇ ਤੋਂ 3:00 ਵਜੇ ਤੱਕ ਗੁਰਮਤਿ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਬੱਚਿਆਂ ਨੂੰ ਗੁਰਮੁਖੀ, ਗੁਰਬਾਣੀ, ਸਿੱਖ ਇਤਿਹਾਸ, ਕੀਰਤਨ ਅਤੇ ਗੱਤਕਾ ਦੇ ਨਾਲ-ਨਾਲ ਗੁਰਮਤਿ ਦੀ ਰਹਿਣੀ ਤੋਂ ਜਾਣੂ ਕਰਾਇਆ ਜਾਵੇਗਾ। ਇਸ ਗੁਰਮਤਿ ਸਿਖਲਾਈ ਕੈਂਪ 'ਚ 6 ਸਾਲ ਤੋਂ 14 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ। ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਬੱਚਿਆਂ ਨੂੰ ਗੁਰਮਤਿ ਸਿਖਲਾਈ ਕੈਂਪ ਵਿੱਚ ਲੈ ਕੇ ਆਓ ਤਾਂ ਕੇ ਬੱਚੇ ਗੁਰਮਤਿ ਅਤੇ ਸਿੱਖ ਵਿਰਸੇ ਤੋਂ ਜਾਣੂ ਹੋ ਸਕਣ।

ਬੇਨਤੀ ਕਰਤਾ : ਪ੍ਰਬੰਧਕ ਕਮੇਟੀ ਗੁਰਦੁਆਰਾ ਖਾਲਸਾ ਦਰਬਾਰ ਵੈਨਕੂਵਰ

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 236-688-7264 ਜਾਂ 604-325-2290

Fruiticana hee jaana!

# Rajan MANGOES have arrived!




# UNBEATABLE BIGGEST SALE IN CANADA

## UNBEATABLE EXTRA SUPER SPECIAL

Rajan Mangoes (Haden) 4 kg
ਰਾਜਨ ਹੇਡਨ ਅੰਬ
$18.98 box

## EXTRA SUPER SUPER SPECIAL

Yellow Onions 50 lbs
ਪੀਲੇ ਗੰਢੇ
$10.99 bag

**SUPER SPECIAL**
Jumbo Carrots
ਜੰਬੋ ਗਾਜਰਾਂ
89¢ lb

**SUPER SPECIAL**
Pakistani Rooh Afza 800 ml
ਪਾਕਿਸਤਾਨੀ ਰੂਹਾਫ਼ਜ਼ਾ
$3.99 bottle

**SUPER SPECIAL**
Roma Tomatoes
ਰੋਮਾ ਟਮਾਟਰ
98¢ lb

**SUPER SPECIAL**
Indican Punjabi Biscuits 2.2 lbs
ਇੰਡੀਕਨ ਪੰਜਾਬੀ ਬਿਸਕੁਟ
$4.89 pkg.

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle

## BOX SALE

Red Delicious Apples 40 lbs
ਲਾਲ ਸੁਆਦੀ ਸੇਬ 40 lbs
$38.00 box

Indican Tea 12 x 216's
ਇੰਡੀਕਨ ਚਾਹ 12x216's
$69.00 box

Jumbo Carrots 22 lbs
ਜੰਬੋ ਗਾਜਰਾਂ 22lbs
$18.00 box

Fresh Methi
ਤਾਜ਼ਾ ਮੇਥੀ
$1.99 bunch

Indian Carrots
ਭਾਰਤੀ ਗਾਜਰਾਂ
$1.88 lb

Fresh Ginger
ਤਾਜ਼ਾ ਅਦੱਰਕ
$1.48 lb

Seedless Oranges (Small)
ਛੋਟਾ ਸੰਤਰੇ (ਬਿਨਾ ਬੀਜ ਤੋਂ)
99¢ lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag

Red Delicious Apples
ਲਾਲ ਸਵਾਦ ਸੇਬ
98¢ lb

Cosmic Crisp Apples
ਕੋਸਮਿਕ ਕਰਿਸਪ ਸੇਬ
98¢ lb

Large Eggplant
ਵੱਡੇ ਬਤਾਊਂ
$1.49 ea.

Gala Apples
ਗਾਲਾ ਸੇਬ
$1.39 lb

Rapini (Sarson da Saag)
ਸਰਸੋਂ ਦਾ ਸਾਗ
$2.99 bunch

Red Onions 25 lbs
ਲਾਲ ਗੰਢੇ
$16.88 bag

Fresh Garlic
ਤਾਜ਼ਾ ਲਸਣ
$1.88 lb

Fresh Spinach
ਪਾਲਕ
$1.49 bunch

Cilantro
ਧਣੀਆ
2 bunches for $1.29

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

Gachak (Indican) 400 g
ਇੰਡੀਕਨ ਗੁਰ ਗਚਕ
$2.98 pkg.

Indican Premium Tea 216's
ਇੰਡੀਕਨ ਚਾਹ
$5.99 box

Chickpeas & Red Lentil Whole
ਚਿੱਟੇ ਛੋਲੇ
ਥੋੜੀ ਮਸਰਾਂ ਦੀ ਦਾਲ
88¢ lb

Red Lentil Whole, Red Lentil Split, Black Chana & Chickpeas 4 lbs (Indican)
ਥੋੜੀ ਮਸਰਾਂ ਦੀ ਦਾਲ
ਮਸਰਾਂ ਦੀ ਸਾਬਤ ਦਾਲ,
ਕਾਲੇ ਛੋਲੇ ਚਿੱਟੇ ਛੋਲੇ (ਇੰਡੀਕੈਨ)
$3.98 bag

Roasted Peanuts in Shell
ਭੁੱਜੀ ਮੂੰਗਫਲੀ
$1.59 lb

**Thur Mar 13, 2025 - Wed Mar 19, 2025**
We reserve the right to limit the quantities while they last
**Specials valid for Lower Mainland only**
Product images may differ from the actual product.

**23 LOCATIONS TO SERVE YOU IN BC & ALBERTA**
Head Office: 7676 Anvil Way, Surrey
604-502-0005

Fruiticana SINCE 1994

BUSINESS HOURS 9 AM - 8 PM 7 DAYS A WEEK

Disclaimer: We reserve the right to add restrictions on products with a minimum purchase

**THE SOUTH SURREY/WHITE ROCK FRUITICANA NOW OPEN AT 1812, 152ND ST.**

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |